# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 08 | 22 February to 28 February 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




03 ■ ਭਾਈਚਾਰਾ
'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਕਿਤਾਬ ਲੋਕ ਅਰਪਣ


04 ■ ਵਿਸ਼ੇਸ਼ ਖ਼ਬਰ
ਜੌਨ ਜ਼ਿਆਂਗ ਨੇ ਗੁਰਦੁਆਰਾ ਦਸ਼ਮੇਸ਼ ਦਰਬਾਰ ਪਹੁੰਚ ਕੇ ਸਿੱਖ ਕੌਮ ਦਾ ਕੀਤਾ ਧੰਨਵਾਦ


09 ■ ਨਜ਼ਰੀਆ
ਜਿੱਤਿਆ ਹੋਇਆ ਉਮੀਦਵਾਰ ਹੀ ਹੋਵੇਗਾ ਮੁੱਖ ਮੰਤਰੀ, ਹਾਰਿਆ ਦੌੜ 'ਚੋਂ ਬਾਹਰ : ਗੁਰਪ੍ਰੀਤ ਵੜੈਚ


## ਸ਼ਾਂਤ ਪਾਣੀਆਂ ਵਿਚ ਸਿਆਸੀ ਗਰਮੀ ਦਾ ਉਬਾਲ

### ਦੋਸਤੀ ਦੀ 'ਮਿੱਠੀ ਜੰਗ' : ਚੌਟਾਲਾ ਨੇ ਕਿਹਾ-ਨਹਿਰ ਪੁੱਟ ਕੇ ਰਹਾਂਗੇ, ਬਾਦਲ ਬੋਲੇ-ਕਿਸੇ ਵੀ ਕੀਮਤ 'ਤੇ ਨਹਿਰ ਨਹੀਂ ਬਣਨ ਦਿਆਂਗੇ


ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਪੁਲੀਸ ਟੀਮ ਸਮੇਤ ਸ਼ੰਭੂ ਬੈਰੀਅਰ 'ਤੇ ਲਾਏ ਨਾਕੇ ਦੌਰਾਨ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ

- ਘੱਗਰ ਪੁਲ 'ਤੇ 6 ਹਜ਼ਾਰ ਸੁਰੱਖਿਆ ਮੁਲਾਜ਼ਮ ਤਾਇਨਾਤ
- ਪੰਜਾਬ-ਹਰਿਆਣਾ ਦੀਆਂ ਸਰਹੱਦਾਂ ਕੀਤੀਆਂ ਸੀਲ
- ਕੈਪਟਨ ਨੇ ਕਿਹਾ-ਚੌਟਾਲਾ ਨੂੰ ਗ੍ਰਿਫ਼ਤਾਰ ਕੀਤਾ ਜਾਵੇ
- ਕੇਂਦਰ ਨੇ ਦੋਹਾਂ ਸੂਬਿਆਂ ਨੂੰ ਸ਼ਾਂਤੀ ਦਾ ਮਸ਼ਵਰਾ ਦਿੱਤਾ
- ਪੰਜਾਬ ਦਾ ਅਦਾਲਤ 'ਚ ਪੱਖ-ਜ਼ਮੀਨ ਵਾਪਸੀ ਅਸੰਭਵ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਾਣੀਆਂ ਦਾ ਮਸਲਾ ਸਿਰਫ਼ ਪੰਜਾਬ ਤੇ ਹਰਿਆਣਾ ਵਿਚਾਲੇ ਹੀ ਨਹੀਂ, ਪੂਰੇ ਭਾਰਤ ਦਾ ਹੈ, ਬਲਕਿ ਪੂਰੀ ਦੁਨੀਆ ਇਸ ਮਸਲੇ ਨਾਲ ਜੂਝ ਰਹੀ ਹੈ। ਜ਼ਿੰਮੇਵਾਰ ਧਿਰਾਂ ਇਸ ਸਮੱਸਿਆ ਦੇ ਹੱਲ ਦੀ ਬਜਾਏ, ਇਸ ਨੂੰ ਤੱਤਾ-ਤੱਤਾ ਰੱਖ ਕੇ ਆਪਣੀ ਸਿਆਸੀ ਜ਼ਮੀਨ ਨੂੰ ਸਿੰਜਦੀਆਂ ਆ ਰਹੀਆਂ ਹਨ। ਹਰਿਆਣਾ ਦੇ ਸਿਆਸੀ ਦ੍ਰਿਸ਼ ਤੋਂ ਜ਼ਰਾ 'ਆਊਟ ਆਫ਼ ਸੀਨ' ਹੋਏ ਆਲ ਇੰਡੀਆ ਨੈਸ਼ਨਲ ਲੋਕ ਦਲ (ਇਨੈਲ) ਆਪਣੀਆਂ ਜੜ੍ਹਾਂ ਵਿਚ ਪਾਣੀ ਪਾ ਕੇ ਖ਼ੁਦ ਨੂੰ ਮਜ਼ਬੂਤ ਕਰਨ ਵਿਚ ਲੱਗਿਆ ਹੋਇਆ ਹੈ। ਭਰਤੀ ਘੁਟਾਲੇ ਕਾਰਨ ਜੇਲ੍ਹ ਕੱਟ ਰਹੇ ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਪੈਰੋਲ 'ਤੇ ਆਉਂਦਿਆਂ ਹੀ ਐਸ.ਵਾਈ.ਐਲ. ਨਹਿਰ ਹਰ ਹਾਲ ਵਿਚ ਪੁੱਟਣ ਦੀ ਧਮਕੀ ਦਿੱਤੀ ਤੇ ਉਧਰ ਚੌਟਾਲਾ ਦੇ ਗੂੜ੍ਹੇ ਮਿੱਤਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਚੋਣਾਂ ਤੋਂ ਪਹਿਲਾਂ 'ਸਿਆਸੀ ਜੋਸ਼' ਦਿਖਾਉਂਦਿਆਂ ਨਹਿਰੀ ਜ਼ਮੀਨ ਕਿਸਾਨਾਂ ਨੂੰ ਮੋੜ ਦਿੱਤੀ ਸੀ, ਹੁਣ ਧੀਮੀ ਸੁਰ ਵਿਚ 'ਬੜ੍ਹਕਾਂ' ਮਾਰ ਰਹੇ ਹਨ ਕਿ ਕਿਸੇ ਵੀ ਕੀਮਤ 'ਤੇ ਨਹਿਰ ਪੁੱਟਣ ਨਹੀਂ ਦਿਆਂਗੇ।

ਬਾਕੀ ਸਫ਼ਾ 28 'ਤੇ

## ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਪੰਜਾਬੀ ਹਿਤੈਸ਼ੀਆਂ ਵਲੋਂ ਰੋਸ ਮਾਰਚ ਅਤੇ ਗ੍ਰਿਫ਼ਤਾਰੀਆਂ

### ਕਈ ਘੰਟਿਆਂ ਬਾਅਦ ਕੀਤੀ ਰਿਹਾਈ



**ਚੰਡੀਗੜ੍ਹ/ਬਿਊਰੋ ਨਿਊਜ਼ :** ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ 'ਤੇ ਵੱਖ ਵੱਖ ਵਰਗਾਂ ਦੇ ਪੰਜਾਬੀ ਹਿਤੈਸ਼ੀਆਂ ਨੇ ਪੰਜਾਬ ਰਾਜ ਭਵਨ ਵੱਲ ਰੋਸ ਮਾਰਚ ਕਰਕੇ ਗ੍ਰਿਫ਼ਤਾਰੀਆਂ ਦਿੱਤੀਆਂ। ਗ੍ਰਿਫ਼ਤਾਰੀਆਂ ਦੇਣ ਵਾਲਿਆਂ ਵਿਚ ਔਰਤਾਂ, ਬਜ਼ੁਰਗ, ਲੇਖਕ ਤੇ ਵਿਦਿਆਰਥੀ ਸ਼ਾਮਲ ਸਨ। ਪੰਜਾਬੀ ਮੰਚ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਤੇ ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਚੰਡੀਗੜ੍ਹ ਗੁਰਦੁਆਰਾ ਸੰਗਠਨ ਦੇ ਚੇਅਰਮੈਨ ਅਜਾਇਬ ਸਿੰਘ, ਜਥੇਦਾਰ ਤਾਰਾ ਸਿੰਘ, ਪੇਂਡੂ ਸੰਘਰਸ਼ ਕਮੇਟੀ ਦੇ ਸਰਪ੍ਰਸਤ ਬਾਬਾ ਸਾਧੂ ਸਿੰਘ ਸਾਰੰਗਪੁਰ ਤੇ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ ਤੇ ਜਨਰਲ ਸਕੱਤਰ ਜੋਗਿੰਦਰ ਸਿੰਘ ਬੁੜੈਲ,

ਬਾਕੀ ਸਫ਼ਾ 33 'ਤੇ

## 7 ਦੇਸ਼ਾਂ 'ਤੇ ਪਾਬੰਦੀ ਵਾਲਾ ਟਰੰਪ ਦਾ ਆਦੇਸ਼ ਬਰਕਰਾਰ, ਗਰੀਨ ਕਾਰਡ ਧਾਰਕਾਂ ਨੂੰ ਮਿਲੇਗੀ ਛੋਟ

**ਵਾਸ਼ਿੰਗਟਨ/ਬਿਊਰੋ ਨਿਊਜ਼ :** 7 ਮੁਸਲਮਾਨ ਦੇਸ਼ਾਂ ਦੇ ਲੋਕਾਂ ਦੇ ਅਮਰੀਕਾ ਵਿਚ ਦਾਖਲੇ 'ਤੇ ਰੋਕ ਦੇ ਆਦੇਸ਼ਾਂ ਮਗਰੋਂ ਚਾਰੇ ਪਾਸੇ ਹੋਈ ਆਲੋਚਨਾ ਦੇ ਬਾਵਜੂਦ ਰਾਸ਼ਟਰਪਤੀ ਡੋਨਲਡ ਟਰੰਪ ਆਪਣੇ ਫ਼ੈਸਲੇ ਤੋਂ ਪਿਛੇ ਹਟਣ ਲਈ ਬਿਲਕੁਲ ਤਿਆਰ ਨਹੀਂ ਹਨ। ਹਾਂ, ਉਨ੍ਹਾਂ ਨੇ ਇਸ ਵਿਚ ਏਨੀ ਸੋਧ ਜ਼ਰੂਰ ਕੀਤਾ ਹੈ ਕਿ ਨਵੇਂ ਆਦੇਸ਼ ਤਹਿਤ ਉਨ੍ਹਾਂ ਯਾਤਰੀਆਂ ਨੂੰ ਛੋਟ ਹੋਵੇਗੀ, ਜਿਨ੍ਹਾਂ ਕੋਲ ਪਹਿਲਾਂ ਤੋਂ ਹੀ ਅਮਰੀਕਾ ਦੀ ਯਾਤਰਾ ਦਾ ਵੀਜ਼ਾ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀਐਚਐਸ) ਨੇ ਅਜਿਹੀਆਂ ਵਿਆਪਕ ਸੋਧਾਂ ਦਾ ਖਰੜਾ ਤਿਆਰ ਕੀਤਾ ਹੈ, ਜਿਨ੍ਹਾਂ ਤਹਿਤ ਮੁਲਕ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਨੂੰ ਨਾ ਸਿਰਫ਼ ਬੰਦੀ ਬਣਾਇਆ ਜਾ ਸਕੇਗਾ, ਸਗੋਂ ਉਨ੍ਹਾਂ ਦੇ ਵਤਨ ਵਾਪਸ ਵੀ ਭੇਜਿਆ ਜਾ ਸਕੇਗਾ। ਜਾਣਕਾਰੀ ਮੁਤਾਬਕ ਘਰੇਲੂ ਸੁਰੱਖਿਆ ਮੰਤਰੀ ਜੌਹਨ ਕੈਲੀ ਨੇ ਇਸ ਸਬੰਧੀ ਦਸਤਾਵੇਜ਼ਾਂ ਉਤੇ ਸਹੀ ਪਾ ਦਿੱਤੀ ਹੈ। ਇਨ੍ਹਾਂ ਹੁਕਮਾਂ ਦਾ ਮਕਸਦ ਮੁਲਕ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ

ਬਾਕੀ ਸਫ਼ਾ 33 'ਤੇ

## ਟਾਈਮ ਸਕੇਅਰ 'ਤੇ ਟਰੰਪ ਖ਼ਿਲਾਫ਼ ਇਕਜੁਟਤਾ ਰੈਲੀ 'ਚ ਹਜ਼ਾਰਾਂ ਲੋਕਾਂ ਨੇ ਕਿਹਾ : ਮੈਂ ਵੀ ਮੁਸਲਮਾਨ ਹਾਂ



ਕੈਪਸ਼ਨ-ਬ੍ਰੱਸਲਜ਼ (ਬੈਲਜੀਅਮ) ਵਿੱਚ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਦੇ ਦੌਰੇ ਮੌਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਵਿਖਾਵਾ ਕਰ ਰਹੇ ਲੋਕ।

**ਨਿਊ ਯਾਰਕ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਆਵਾਸ ਨੀਤੀਆਂ ਖ਼ਿਲਾਫ਼ ਵਿਰੋਧ ਜਤਾਉਣ ਤੇ ਮੁਸਲਿਮ ਭਾਈਚਾਰੇ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਦੇ ਇਰਾਦੇ ਨਾਲ ਇਥੋਂ ਦੇ ਟਾਈਮਜ਼ ਸਕੁਏਅਰ ਵਿੱਚ ਕੀਤੀ ਰੈਲੀ ਵਿੱਚ ਜੁੜੇ ਹਜ਼ਾਰਾਂ ਲੋਕਾਂ, ਜਿਨ੍ਹਾਂ ਵਿਚ ਵੱਖੋ ਵੱਖ ਧਰਮਾਂ ਤੇ ਫ਼ਿਰਕਿਆਂ ਦੇ ਲੋਕ ਸ਼ਾਮਲ ਸਨ, ਨੇ ਇਕਸੁਰ ਹੋ ਕੇ 'ਮੈਂ ਵੀ ਮੁਸਲਮਾਨ ਹਾਂ' ਦਾ ਨਾਅਰਾ ਦਿੱਤਾ ਹੈ। 'ਨਸਲੀ ਸਮਝ (ਐਥਨਿਕ ਅੰਡਰਸਟੈਂਡਿੰਗ) ਬਾਰੇ ਫਾਊਂਡੇਸ਼ਨ' ਤੇ 'ਦਿ ਨੁਸਨਤਾਰਾ ਫਾਊਂਡੇਸ਼ਨ' ਵੱਲੋਂ ਵਿਉਂਤੀ ਇਸ ਰੈਲੀ ਦਾ ਮੁੱਖ ਮੰਤਵ ਟਰੰਪ ਵੱਲੋਂ 7 ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ 'ਤੇ ਲਾਈ ਆਵਾਸ ਦੀ ਪਾਬੰਦੀ ਵਾਲੇ ਹੁਕਮਾਂ (ਜੋ ਕਿ ਹੁਣ ਮਨਸੂਖ਼ ਹਨ) ਮਗਰੋਂ ਬਣੀ ਬੇਯਕੀਨੀ ਤੇ ਤੌਖ਼ਲਿਆਂ ਨੂੰ ਦੂਰ ਕਰਨਾ ਸੀ। 'ਮੈਂ ਵੀ ਮੁਸਮਾਨ ਹਾਂ' ਨਾਂ ਦੀ ਇਸ ਇਕਜੁੱਟਤਾ ਰੈਲੀ ਵਿੱਚ ਸ਼ਾਮਲ ਹਜ਼ਾਰਾਂ

ਬਾਕੀ ਸਫ਼ਾ 33 'ਤੇ
















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar




FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# 'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਕਿਤਾਬ ਲੋਕ ਅਰਪਣ

## ਸਿੱਖ ਅਪਣੇ ਸ਼ਾਨਮੱਤੇ ਇਤਿਹਾਸ ਅਤੇ ਵਿਰਸੇ ਬਾਰੇ ਕਿਤਾਬਾਂ ਪੜ੍ਹਣ ਦੀ ਆਦਤ ਪਾਉਣ : ਰਾਜਵਿੰਦਰ ਸਿੰਘ ਰਾਹੀ

### ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਲੇਖਕ ਦੀ ਘਾਲਣਾ ਨੂੰ ਸਿੱਜਦਾ ਕੀਤਾ













ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ: ਪ੍ਰਸਿੱਧ ਇਤਿਹਾਸਕਾਰ ਤੇ ਸਿੱਖ ਵਿਦਵਾਨ ਰਾਜਵਿੰਦਰ ਸਿੰਘ ਰਾਹੀ ਦੀ ਨਵੀਂ ਕਿਤਾਬ, 'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਲੋਕ ਅਰਪਣ ਕਰ ਦਿੱਤੀ ਗਈ। ਇਸ ਕਿਤਾਬ ਦੀ ਬੜੀ ਬੇਸਬਰੀ ਨਾਲ ਉਡੀਕ ਹੋ ਰਹੀ ਸੀ। ਕਿਉਂਕਿ ਸਿੱਖ ਚਿੰਤਕ ਰਾਹੀ ਨੇ ਪਹਿਲਾਂ ਵੀ ਗਦਰੀ ਬਾਬਿਆਂ ਦੇ ਨਿਵੇਕਲੇ ਸਿੱਖ ਇਤਿਹਾਸ ਬਾਰੇ ਤੱਥਾਂ ਭਰਪੂਰ ਦਿਲਚਸਪ ਕਿਤਾਬਾਂ ਖਾਲਸਾ ਪੰਥ ਦੀ ਝੋਲੀ ਪਾਈਆ ਹਨ। ਗੁਰਦੁਆਰਾ ਸਿੰਘ ਸਭਾ ਦੇ ਸੈਮੀਨਾਰ ਹਾਲ ਵਿਚ ਵਿਚ ਕਿਤਾਬ ਜਾਰੀ ਕਰਨ ਦਾ ਸਮਾਗਮ ਰਚਾਇਆ ਗਿਆ, ਜਿਸ ਸਮਾਗਮ ਦੀ ਸ਼ੁਰੂਆਤ ਪੰਜਾਬੀ ਰੇਡੀਓ ਯੂ.ਐਸ.ਏ. ਦੇ ਬੁਲਾਰੇ ਹਰਵਿੰਦਰ ਸਿੰਘ ਕੰਗ ਨੇ ਆਪਣੇ ਕੀਮਤੀ ਬੋਲਾਂ ਨਾਲ ਕੀਤੀ ਜਿਸ ਵਿਚ ਜਨਾਬ ਰਾਹੀ ਦੀ ਖੋਜ ਤੇ ਮੇਹਨਤ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਨਾਂ ਨੇ ਲੋਕਾਂ ਦੀ ਕਚਿਹਰੀ ਵਿਚ ਪੇਸ਼ ਕੀਤੀ ਜਾ ਰਹੀ ਨਵੀਂ ਕਿਤਾਬ ਦੇ ਵਿਸ਼ੇ ਬਾਰੇ ਵੀ ਸੰਖੇਪ ਵਿਚ ਸੂਚਨਾ ਸਾਂਝੀ ਕੀਤੀ।

ਉਪਰੰਤ ਪ੍ਰਸਿੱਧ ਇਤਿਹਾਸਕਾਰ ਤੇ ਸਿੱਖ ਚਿੰਤਕ ਸ. ਅਜਮੇਰ ਸਿੰਘ ਦੀ ਵੀਡੀਓ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿਚ ਭਾਈ ਅਜਮੇਰ ਸਿੰਘ ਨੇ ਦੱਸਿਆ ਕਿ ਕਾਮਾਗਾਟਾ ਮਾਰੂ ਜਹਾਜ਼, ਜਿਸਦਾ ਅਸਲ ਨਾਮ, "ਸ੍ਰੀ ਗੁਰੂ ਨਾਨਕ ਜਹਾਜ਼" ਸੀ ਤੇ ਜਿਸ ਕੰਪਨੀ ਦੇ ਨਾਮ ਜਹਾਜ਼ ਕਿਰਾਏ ਤੇ ਲਿਆ ਗਿਆ, ਉਸਦਾ ਨਾਮ, "ਸ੍ਰੀ ਗੁਰੂ ਨਾਨਕ ਦੇਵ ਨੇਵੀਗੇਸ਼ਨ ਕੰਪਨੀ" ਸੀ। ਸ. ਅਜਮੇਰ ਸਿੰਘ ਨੇ ਹਿੰਦੂ ਮਨ ਦੀ ਬਾਤ ਸਪਸ਼ਟ ਤੌਰ ਤੇ ਦੱਸੀ ਕਿ ਇਸ ਮਨ ਵਿਚ ਸਿੱਖੀ ਲਈ ਖੁਣਸ ਹੈ ਜੋ ਸਾਰੇ ਪੁਆੜਿਆ ਦੀ ਜੜ੍ਹ ਹੈ।

ਇਸ ਦਿਲਚਸਪ ਤੇ ਜਗਿਆਸਾ ਭਰਪੂਰ ਵਾਰਤਲਾਪ ਵੀਡੀਓ ਤੋਂ ਬਾਅਦ ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਆਗੂ ਤੇ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਅਖਬਾਰ ਦੇ ਸ. ਜਸਜੀਤ ਸਿੰਘ ਨੇ ਸਿੱਖ ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਦੇ ਸਾਦੇ ਜੀਵਨ ਪਰ ਮੇਹਨਤ ਭਰਪੂਰ ਖੋਜੀ ਜੀਵਨ ਤੇ ਝਾਤ ਪੁਆਈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਸਿੱਖ ਕੌਮ ਕੋਲ ਖੋਜੀ ਵਿਦਵਾਨਾਂ ਦੀ ਵੱਡੀ ਘਾਟ ਹੀ ਨਹੀਂ ਬਲਕਿ ਕਾਲ ਪਿਆ ਹੋਇਆ ਹੈ ਤੇ ਇਸ ਕਾਲ ਨੂੰ ਸਹਿਜ ਤੇ ਸਿਰੜ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ। ਹਰ ਵਿਦਵਾਨ ਆਪਣੇ ਆਪਣੇ ਪਿੜ ਮੱਲੇ ਤੇ ਕਾਰਜ ਕਰੇ। ਇਕ ਦੂਜੇ ਨੂੰ ਰਗੜਾ ਲਾਉਣ ਦੀ ਬਜਾਏ ਸਾਂਝੇ ਦੁਸ਼ਮਣ ਵੱਲ ਉਂਗਲ ਕਰਨ ਦੀ ਫੌਰੀ ਲੋੜ ਹੈ। ਉਨਾਂ ਕਿਹਾ ਕਿ ਭਵਿਖ ਵਿਚ ਵਿਚਾਰ ਗੋਸ਼ਟੀਆਂ ਦਾ ਸਿਲਸਿਲਾ ਸ਼ੁਰੂ ਕਰਨ ਦੀ ਲੋੜ ਹੈ ਜਿਸ ਨਾਲ ਇਤਿਹਾਸਕ ਤੱਥ ਹਰ ਸਿੱਖ ਤੱਕ ਪਹੁੰਚੇ ਤੇ ਉਹ ਅਗਾਂਹ ਆਪਣੀ ਕੌਮ ਦੀ ਅਜ਼ਾਦੀ ਵਾਲੇ ਰਾਹ ਵੱਲ ਤੁਰੇ।

ਉਪਰੰਤ ਇਤਿਹਾਸਕ ਕਿਤਾਬ ਦੇ ਲੇਖਕ ਰਾਜਵਿੰਦਰ ਸਿੰਘ ਰਾਹੀ ਨੂੰ ਵੀਡੀਓ ਕਾਨਫਰੰਸ ਰਾਹੀਂ ਉਨਾਂ ਦੇ ਪਿੰਡ ਤੋਂ ਸਿੱਧਾ ਸੰਗਤਾਂ ਦੇ ਰੂਬਰੂ ਕੀਤਾ ਗਿਆ। ਉਨਾਂ ਸੰਗਤਾਂ ਦਾ ਧੰਨਵਾਦ ਕੀਤਾ। ਖਾਸ ਤੌਰ ਤੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੀ ਪ੍ਰਬੰਧਕ ਕਮੇਟੀ ਦਾ ਸ਼ੁਕਰੀਆ ਅਦਾ ਕੀਤਾ ਅਤੇ ਕਿਤਾਬ ਬਾਰੇ ਸੰਖੇਪ ਜਾਣਕਾਰੀ, ਕਿਤਾਬ ਲਿਖਣ ਦਾ ਮੰਤਵ ਤੇ ਨਿਸ਼ਾਨੇ ਬਾਰੇ ਸੂਚਨਾ ਸਾਂਝੀ ਕੀਤੀ। ਕਾਮਾਗਾਟਾ ਮਾਰੂ ਦੇ ਨਾਇਕ ਬਾਬਾ ਗੁਰਦਿੱਤ ਸਿੰਘ ਬਾਰੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ।

ਬਾਕੀ ਸਫ਼ਾ 32 'ਤੇ

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *ਜੈ ਸਿੰਘ* ਫੋਨ ਨੰਬਰ 510-677-2777**



Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# ਬਰਤਾਨਵੀ ਕੰਪਨੀ ਨੇ ਸਿੱਖ ਨੂੰ ਕੰਮ ਦੌਰਾਨ ਕਿਰਪਾਨ ਪਾਉਣ ਦੀ ਦਿੱਤੀ ਆਗਿਆ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿੱਚ ਇਕ ਕੌਮਾਂਤਰੀ ਟੈਲੀਕਾਮ ਕੰਪਨੀ ਵਿੱਚ ਕੰਮ ਕਰ ਰਹੇ ਸਿੱਖ ਨੂੰ ਕੰਮ ਵਾਲੀ ਥਾਂ ਕਿਰਪਾਨ ਪਾ ਕੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਪਹਿਲਾਂ ਉਸ ਨੂੰ ਰੋਕ ਦਿੱਤਾ ਗਿਆ ਸੀ। ਇਸ ਕਾਮੇ ਦੀ ਪਛਾਣ ਨਹੀਂ ਦੱਸੀ ਗਈ। ਉਸ ਵੱਲੋਂ 'ਸਿੱਖ ਕੌਂਸਲ' ਨੇ ਕੰਪਨੀ ਪ੍ਰਬੰਧਕਾਂ ਨੂੰ ਸਿੱਖ ਕਕਾਰਾਂ ਬਾਰੇ ਜਾਣਕਾਰੀ ਦਿੱਤੀ, ਜਿਸ ਨੂੰ ਪ੍ਰਬੰਧਕਾਂ ਨੇ ਸਵੀਕਾਰ ਕਰ ਲਿਆ ਅਤੇ ਕੰਮ ਵਾਲੀ ਥਾਂ ਕਿਰਪਾਨ ਪਾ ਕੇ ਜਾਣ ਸਬੰਧੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ। ਕੌਂਸਲ ਦੇ ਸਕੱਤਰ ਜਨਰਲ ਜਗਤਾਰ ਸਿੰਘ ਨੇ ਕਿਹਾ ਕਿ ਖ਼ਾਸ ਤੌਰ 'ਤੇ ਬਹੁਕੌਮੀ ਕੰਪਨੀਆਂ ਵਿੱਚ ਅਜਿਹੇ ਮਾਮਲੇ ਵਾਪਰਨੇ ਮੰਦਭਾਗੇ ਹਨ। ਫਿਰ ਵੀ ਅਸੀਂ ਇਨ੍ਹਾਂ ਕੇਸਾਂ ਬਾਰੇ ਆਏ ਹਾਂ ਪੱਖੀ ਨਤੀਜਿਆਂ ਤੋਂ ਖ਼ੁਸ਼ ਹਾਂ। ਕੌਂਸਲ ਨੇ ਦਾਅਵਾ ਕੀਤਾ ਕਿ ਪਿਛਲੇ ਥੋੜ੍ਹੇ ਸਮੇਂ ਵਿੱਚ ਸਾਹਮਣੇ ਆਇਆ ਇਹ ਆਪਣੀ ਤਰ੍ਹਾਂ ਦਾ ਦੂਜਾ ਮਾਮਲਾ ਹੈ, ਜਿਸ ਵਿੱਚ ਕੰਪਨੀ ਪ੍ਰਬੰਧਕਾਂ ਨੂੰ ਮਨਾ ਲਿਆ ਗਿਆ। ਇਸ ਤੋਂ ਪਹਿਲਾਂ ਦੱਖਣੀ ਪੂਰਬੀ ਇੰਗਲੈਂਡ ਵਿੱਚ ਕੌਮਾਂਤਰੀ ਹਵਾਈ ਅੱਡੇ ਉਤੇ ਦੋ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਾ ਕੇ ਕੰਮ ਕਰਨੋਂ ਰੋਕ ਦਿੱਤਾ ਗਿਆ ਸੀ। ਕੌਂਸਲ ਨਾਲ ਚਰਚਾ ਤੋਂ ਬਾਅਦ ਹਵਾਈ ਅੱਡਾ ਪ੍ਰਬੰਧਕਾਂ ਨੇ ਮੁਲਾਜ਼ਮਾਂ ਨੂੰ ਕਿਰਪਾਨ ਸਮੇਤ ਕੰਮ ਉਤੇ ਜਾਣ ਦੀ ਨੀਤੀ ਬਣਾ ਦਿੱਤੀ ਹੈ।



# ਕੈਲੀਫੋਰਨੀਆ ਸਟੇਟ ਦੇ ਖਜ਼ਾਨਚੀ ਜੌਨ ਝਿਆਂਗ ਨੇ ਗੁਰਦੁਆਰਾ ਦਸ਼ਮੇਸ਼ ਦਰਬਾਰ ਪਹੁੰਚ ਕੇ ਸਿੱਖ ਕੌਮ ਦਾ ਕੀਤਾ ਧੰਨਵਾਦ

**ਸੈਕਰਾਮੈਂਟੋ/ਬਿਊਰੋ ਨਿਊਜ਼:** ਭਾਰੀ ਬਾਰਸ਼ ਅਤੇ ਔਰੋਵਿਲ ਡੈਮ ਟੁਟਣ ਦੇ ਖਦਸ਼ੇ ਕਾਰਨ ਇਨ੍ਹੀਂ ਦਿਨੀਂ ਕੈਲੀਫੋਰਨੀਆ 'ਚ ਇਸ ਸਮੇਂ ਵੱਖ-ਵੱਖ ਥਾਵਾਂ 'ਤੇ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਵੱਖ-ਵੱਖ ਗੁਰੂ ਘਰਾਂ ਨੇ ਹੜ੍ਹ ਪੀੜਤ ਇਲਾਕੇ ਦੇ ਲੋਕਾਂ ਨੂੰ ਜਿੱਥੇ ਸ਼ਰਨ ਦਿੱਤੀ, ਉਥੇ ਉਨ੍ਹਾਂ ਲਈ ਖਾਣੇ ਦਾ ਵੀ ਪ੍ਰਬੰਧ ਕੀਤਾ। ਇਸ ਦੇ ਲਈ ਕੈਲੀਫੋਰਨੀਆ ਸਰਕਾਰ ਵਿਚ ਸਿੱਖ ਕੌਮ ਦਾ ਇਕ ਅਹਿਮ ਸਥਾਨ ਬਣਿਆ ਹੈ।

ਕੈਲੀਫੋਰਨੀਆ ਸਟੇਟ ਦੇ ਖਜ਼ਾਨਚੀ ਜੌਨ ਝਿਆਂਗ ਨੇ ਬੀਤੇ ਐਤਵਾਰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਪਹੁੰਚ ਕੇ ਸਿੱਖ ਕੌਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਜੌਨ ਝਿਆਂਗ ਨੇ ਕਿਹਾ ਕਿ ਸਿੱਖ ਜਿੱਥੇ ਇਕ ਮਿਹਨਤੀ ਕੌਮ ਹੈ, ਉਥੇ ਜ਼ਰੂਰਤਮੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਹੀ ਵੱਧ-ਚੜ੍ਹ ਕੇ ਆਪਣਾ ਯੋਗਦਾਨ ਪਾਉਂਦੇ ਨ। ਉਨ੍ਹਾਂ ਨਾਲ ਐਲਕ ਗਰੋਵ ਸਿਟੀ ਦੇ ਵਾਈਸ ਮੇਅਰ ਸਟੀਵ ਡੈਟਰਿਕਟ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਨੇ ਵੀ ਸਿੱਖ ਕੌਮ ਦੀ ਸ਼ਲਾਘਾ ਕੀਤੀ। ਇਨ੍ਹਾਂ ਆਗੂਆਂ ਵਿਚ ਇੰਦਰਜੀਤ ਸਿੰਘ ਕਾਲੀਰਾਏ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਗੂਰੀ ਕੰਗ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨਾਲ ਆਏ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਵਤਾਰ ਸਿੰਘ ਅਟਵਾਲ, ਜੌਨ ਝਿਆਂਗ ਅਤੇ ਸਟੀਵ ਡੈਟਰਿਕਟ ਦਾ ਸਵਾਗਤ ਕੀਤਾ।

ਵਰਨਣਯੋਗ ਹੈ ਕਿ ਜੌਨ ਝਿਆਂਗ ਸਾਲ 2018 ਵਿਚ ਕੈਲੀਫੋਰਨੀਆ ਦੇ ਗਵਰਨਰ ਦੀਆਂ ਹੋ ਰਹੀਆਂ ਚੋਣਾਂ ਲਈ ਵੀ ਉਮੀਦਵਾਰ ਹਨ।



# ਐਲਕੋਹਲਕ ਬੀਵਰੇਜ ਕੰਟਰੋਲ ਦੀ ਉੱਚ ਪੱਧਰੀ ਮੀਟਿੰਗ 'ਚ ਲਏ ਕਈ ਅਹਿਮ ਫੈਸਲੇ

**ਸੈਕਰਾਮੈਂਟੋ/ਬਿਊਰੋ ਨਿਊਜ਼:** ਐਲਕੋਹਲਕ ਬੀਵਰੇਜ ਕੰਟਰੋਲ ਬੋਰਡ (ਏ.ਬੀ.ਸੀ.) ਦੀ ਇਕ ਉੱਚ ਪੱਧਰੀ ਸਾਲਾਨਾ ਮੀਟਿੰਗ ਸੈਕਰਾਮੈਂਟੋ ਹਾਈਵੇ ਪੈਟਰੋਲ ਦੇ ਹੈੱਡ ਕੁਆਰਟਰ ਵਿਖੇ ਹੋਈ। ਇਸ ਵਿਚ ਏ.ਬੀ.ਸੀ. ਵਿਭਾਗ ਦੇ ਉੱਚ ਅਫਸਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਏ.ਬੀ.ਸੀ. ਦੇ ਡਾਇਰੈਕਟਰ ਰੋਮਾਨਾ ਪ੍ਰੀਟੋ, ਚੀਫ ਡਿਪਟੀ ਡਾਇਰੈਕਟਰ, ਅਸਿਸਟੈਂਟ ਡਾਇਰੈਕਟਰ, ਜਨਰਲ ਕੌਂਸਲ, ਚੀਫ ਕੌਂਸਲ, ਡਾਇਰੈਕਟਰ ਆਫ ਲੈਜੀਸਲੇਸ਼ਨ ਅਤੇ ਪਬਲਿਕ ਇਨਫਾਰਮੇਸ਼ਨ ਤੋਂ ਇਲਾਵਾ ਕੈਲੀਫੋਰਨੀਆ ਭਰ ਤੋਂ ਹੋਰ ਵੀ ਬਹੁਤ ਸਾਰੇ ਉੱਚ ਅਹੁਦੇਦਾਰਾਂ ਨੇ ਇਸ ਮੀਟਿੰਗ ਵਿਚ ਹਿੱਸਾ ਲਿਆ। ਮੀਟਿੰਗ ਦੌਰਾਨ ਸਟੋਰਾਂ, ਹੋਟਲਾਂ, ਰੈਸਟੋਰੈਂਟਾਂ ਅਤੇ ਹੋਰ ਥਾਵਾਂ 'ਤੇ ਸ਼ਰਾਬ ਦੀ ਵਿਕਰੀ ਅਤੇ ਉਸ ਨੂੰ ਕੰਟਰੋਲ ਕਰਨ ਬਾਰੇ ਵਿਚਾਰ-ਵਟਾਂਦਰੇ ਹੋਏ ਅਤੇ ਇਸ ਦੇ ਨਾਲ-ਨਾਲ ਨਵੀਆਂ ਨੀਤੀਆਂ ਘੜੀਆਂ ਗਈਆਂ। ਇਸ ਮੌਕੇ ਵਪਾਰੀ ਵਰਗ ਵਿਚੋਂ ਗੁਲਿੰਦਰ ਗਿੱਲ, ਇੰਦਰਜੀਤ ਸਿੰਘ ਕਾਲੀਰਾਏ, ਗੂਰੀ ਕੰਗ, ਗੁਰਜਤਿੰਦਰ ਸਿੰਘ ਰੰਧਾਵਾ, ਪਰਦੀਪ ਸ਼ਰਮਾ ਏ.ਬੀ.ਸੀ. ਵਿਭਾਗ ਦੇ ਸੱਦੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਨ੍ਹਾਂ ਆਗੂਆਂ ਨੇ ਵੀ ਉੱਚ ਅਧਿਕਾਰੀਆਂ ਨਾਲ ਸਟੋਰ ਮਾਲਕਾਂ ਅਤੇ ਦੂਸਰੇ ਵਪਾਰੀ ਵਰਗ ਨੂੰ ਸ਼ਰਾਬ ਨੀਤੀ ਬਾਰੇ ਆ ਰਹੀਆਂ ਮੁਸ਼ਕਿਲਾਂ ਵਿਚਾਰ-ਵਟਾਂਦਰਾ ਵੀ ਕੀਤਾ।



# ਭਾਰਤੀ ਰਾਜਦੂਤ ਕੈਨੇਡਾ 'ਚ ਧਮਕੀ ਵਾਲਾ ਮਾਹੌਲ ਪੈਦਾ ਕਰ ਰਹੇ ਹਨ: ਸਿੱਖਸ ਫਾਰ ਜਸਟਿਸ

**ਟੋਰਾਂਟੋ/ਬਿਊਰੋ ਨਿਊਜ:** ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਰਗਰਮ ਜਥੇਬੰਦੀ ਸਿੱਖਸ ਫਾਰ ਜਸਟਿਸ (SFJ) ਨੇ ਪਿਛਲੇ ਹਫਤੇ ਕੈਨੇਡਾ ਦੇ ਵਿਦੇਸ਼ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਭਾਰਤੀ ਦੂਤਘਰ ਦੇ ਅਧਿਕਾਰੀਆਂ ਨੂੰ ਗੁਰਦੁਆਰਿਆਂ 'ਚ ਹੋਣ ਵਾਲੇ ਸਮਾਗਮਾਂ 'ਚ ਸ਼ਿਰਕਤ ਕਰਨ ਤੋਂ ਰੋਕਿਆ ਜਾਵੇ।



ਸਿੱਖਸ ਫਾਰ ਜਸਟਿਸ ਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਪੱਤਰ 'ਚ ਦੱਸਿਆ ਕਿ ਭਾਰਤ ਸਰਕਾਰ ਸਿੱਖ ਹੱਕਾਂ ਦੀ ਮੰਗ ਕਰਨ ਵਾਲਿਆਂ ਨੂੰ ਧਮਕੀ ਜਾਂ ਵੀਜ਼ਾ ਸਬੰਧੀ ਲਾਲਚ ਦੇ ਕੇ ਆਪਣੇ ਵਿਚਾਰ ਰੱਖਣ ਦੀ ਅਜ਼ਾਦੀ ਤੋਂ ਰੋਕ ਰਹੀ ਹੈ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਾਕਾ ਨਕੋਦਰ : ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ 'ਚ ਲਾਉਣ ਬਾਰੇ ਮਤਾ ਪਾਸ

## *ਭਾਈ ਗੁਰਦੇਵ ਸਿੰਘ ਕਾਉਂਕੇ ਤੇ ਸ਼ਹੀਦ ਭਾਈ ਹਰਮੰਦਰ ਸਿੰਘ ਡੱਬਵਾਲੀ ਦੇ ਚਿੱਤਰ ਵੀ ਲਾਏ ਜਾਣਗੇ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਭਾਈਚਾਰੇ ਦੀਆਂ ਕੋਸ਼ਿਸ਼ਾਂ, ਅਰਦਾਸਾਂ ਤੇ ਸ਼ਹੀਦ ਪਰਿਵਾਰਾਂ ਦੀ ਹਿੰਮਤ ਆਖ਼ਰ ਰੰਗ ਲਿਆਈ ਹੈ। ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪੁਰ, ਭਾਈ ਬਲਧੀਰ ਸਿੰਘ ਫ਼ੌਜੀ ਅਤੇ ਭਾਈ ਝਲਮਣ ਸਿੰਘ ਗੋਰਸੀਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਸਬੰਧੀ ਮਤਾ ਪਾਸ ਕਰ ਦਿੱਤਾ ਗਿਆ ਹੈ। ਇਹ ਮਤਾ 17 ਫਰਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤਾ ਗਿਆ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਪੀ.ਏ. ਸੁਖਦੇਵ ਸਿੰਘ ਭੂਰਾ-ਕੋਨਾ ਨੇ ਦਿੱਤੀ। ਮੀਟਿੰਗ ਵਿਚ ਪਹਿਲੀ ਜਨਵਰੀ 1993 ਨੂੰ ਝੂਠੇ ਮੁਕਾਬਲੇ ਵਿਚ ਸ਼ਹੀਦ ਕੀਤੇ ਗਏ ਜਥੇਦਾਰ ਅਕਾਲ ਤਖਤ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਸੌਦਾ ਸਾਧ ਦੇ ਗੁੰਡਿਆਂ ਵਲੋਂ 10 ਅਕਤੂਬਰ 2013 ਵਿਚ ਕਤਲ ਕੀਤੇ ਗਏ ਸ਼ਹੀਦ ਭਾਈ ਹਰਮੰਦਰ ਸਿੰਘ ਡੱਬਵਾਲੀ ਦੇ ਚਿੱਤਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਸਬੰਧੀ ਮਤਾ ਪਾਸ ਕਰ ਦਿੱਤਾ ਗਿਆ ਹੈ।



ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਪੰਜਾਬ ਦੇ ਸ਼ਹਿਰ ਨਕੋਦਰ ਵਿਖੇ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਰੂਪ ਸਿੱਖ ਧਰਮ ਵਿਰੋਧੀ ਅਨਸਰਾਂ ਵਲੋਂ ਅਗਨ ਭੇਟ ਕਰ ਦਿੱਤੇ ਗਏ ਸਨ ਤੇ ਬਾਅਦ ਵਿਚ 4 ਫਰਵਰੀ 1986 ਨੂੰ ਪੰਜਾਬ ਪੁਲੀਸ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਵਿਖਾਵਾ ਕਰ ਰਹੇ ਸਿੱਖਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਵਿਚ ਚਾਰ ਸਿੰਘ ਸ਼ਹੀਦ ਹੋ ਗਏ ਸਨ। ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਤਾ ਬਲਦੀਪ ਕੌਰ ਤੇ ਪਿਤਾ ਬਲਦੇਵ ਸਿੰਘ ਨੇ ਪ੍ਰੋ. ਬਡੂੰਗਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਸੀ ਕਿ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਣ। ਉਨ੍ਹਾਂ ਨੇ ਚਿੱਠੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਧਿਆਨ 2 ਫਰਵਰੀ 2011 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਮਾਗਮ ਵੱਲ ਦਿਵਾਇਆ ਸੀ, ਜਿਸ ਦੌਰਾਨ ਗਿਆਨੀ ਗੁਰਬਚਨ ਸਿੰਘ ਵਲੋਂ ਕੁਰਬਾਨੀ ਦੇਣ ਵਾਲੇ ਸਿੰਘਾਂ ਨੂੰ ਕੌਮੀ ਸ਼ਹੀਦ ਕਰਾਰ ਦਿੱਤਾ ਗਿਆ ਸੀ। ਗਿਆਨੀ ਗੁਰਬਚਨ ਸਿੰਘ ਨੇ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਪਰ ਅਜੇ ਤਕ ਕੇਂਦਰੀ ਅਜਾਇਬ ਘਰ ਵਿਚ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਨਹੀਂ ਲਗ ਸਕੀਆਂ। ਕਾਫ਼ੀ ਸਾਲਾਂ ਤੋਂ ਪਰਿਵਾਰਾਂ ਵਲੋਂ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ ਪਰ ਬੀਤੇ ਕੁਝ ਮਹੀਨਿਆਂ ਤੋਂ ਸੋਸ਼ਲ ਮੀਡੀਏ ਅਤੇ ਅਖ਼ਬਾਰਾਂ/ਰੇਡੀਓ/ਟੀਵੀ ਰਾਹੀਂ ਵੀ ਬਹੁਤ ਲਾਬਿੰਗ ਹੋਈ। ਅਮਰੀਕਾ ਤੇ ਕੈਨੇਡਾ ਦੀਆਂ ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਨੇ ਮਤੇ ਪਾ ਕੇ ਸ਼੍ਰੋਮਣੀ ਕਮੇਟੀ ਨੂੰ ਭੇਜੇ ਤੇ ਅੰਤ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਜਾਪਦਾ ਹੈ ਕਿ ਇਹ ਕਾਰਜ ਫ਼ਤਿਹ ਹੋਵੇਗਾ। ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਰਿਵਾਰ ਨੇ ਕੈਨੇਡਾ-ਅਮਰੀਕਾ ਦੇ ਕੁਝ ਗੁਰਦੁਆਰਿਆਂ ਵਿਚ ਇਹ ਤਸਵੀਰਾਂ ਲਾਉਣ ਦਾ ਉਪਰਾਲਾ ਆਰੰਭਿਆ ਹੈ ਤਾਂ ਜੋ ਸ਼੍ਰੋਮਣੀ ਕਮੇਟੀ ਨੂੰ ਆਪਣੇ ਫਰਜ਼ਾਂ ਦਾ ਅਹਿਸਾਸ ਹੋ ਸਕੇ। ਇਸੇ ਯਤਨਾਂ ਤਹਿਤ ਕੈਲੀਫੋਰਨੀਆ ਦੇ ਇਤਿਹਾਸਕ ਗੁਰਦੁਆਰਾ ਸਟਾਕਟਨ ਵਿਖੇ ਸੰਗਤ ਦੇ ਸਹਿਯੋਗ ਨਾਲ ਚਾਰ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ।

### ਸਾਕਾ ਨਕੋਦਰ ਦੇ ਸ਼ਹੀਦਾਂ ਦੇ ਚਿੱਤਰ ਸਿੱਖ ਅਜਾਇਬ ਘਰ ਵਿਖੇ ਲਾਉਣ ਦੇ ਫੈਸਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ

**ਨਕੋਦਰ/ਬਿਊਰੋ ਨਿਊਜ਼:** ਜਲੰਧਰ ਜਿਲ੍ਹੇ ਦੀ ਨਕੋਦਰ ਤਹਿਸੀਲ ਦੇ ਪਿੰਡ ਲਿੱਤਰਾਂ ਦੇ ਗੁਰਦੁਆਰਾ ਸ੍ਰੀ ਬੋਹੜਾ ਵਾਲਾ ਸਮੇਤ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੇ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਾਏ ਜਾਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਹੈ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਹੀਦ ਭਾਈ ਰਵਿੰਦਰ ਸਿੰਘ ਬਿੰਦਾ ਪਿੰਡ ਲਿੱਤਰਾਂ ਸ਼ਾਕਾ ਨਕੋਦਰ 4 ਫਰਵਰੀ 1986 ਦੇ ਪਿਤਾ ਬਲਦੇਵ ਸਿੰਘ ਤੇ ਮਾਤਾ ਬਲਦੀਪ ਕੌਰ ਵਾਸੀ ਕੇਨੈਡਾ ਵੱਲੋਂ ਕੀਤੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਆਪ ਜੀ ਅਤੇ ਸਮੂਹ ਅੰਤ੍ਰਿੰਮ ਕਮੇਟੀ ਮੈਂਬਰਜ਼ ਵੱਲੋਂ ਸਾਕਾ ਨਕੋਦਰ 4 ਫਰਵਰੀ 1986 ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਬਿੰਦਾ ਲਿੱਤਰਾਂ ਨਕੋਦਰ ਭਾਈ ਹਰਮਿੰਦਰ ਸਿੰਘ ਚਲੂਪਰ- ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਭਾਈ ਝਲਮਣ ਸਿੰਘ ਗੋਰਸੀਆ ਨੂਰ ਮਹਿਲ ਦੇ ਚਿੱਤਰ ਸਿੱਖ ਅਜਾਇਬ ਘਰ ਹਰਿਮੰਦਰ ਸਾਹਿਬ ਵਿਚ ਲਗਾਉਣ ਲਈ ਪਾਸ ਕੀਤੇ ਮਤੇ ਸਬੰਧੀ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਆਪ ਅਤੇ ਸਮੂਹ ਅੰਤ੍ਰਿੰਮ ਕਮੇਟੀ ਮੈਂਬਰਜ਼ ਤੇ ਇਸ ਕਾਰਜ਼ ਲਈ ਹਰੇਕ ਉਨ੍ਹਾਂ ਗੁਰੂ ਪ੍ਰੇਮੀਆਂ, ਦੇਸ਼ ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਸਥਾਵਾਂ ਦਾ ਜਿਨ੍ਹਾਂ ਇਸ ਕਾਰਜ ਲਈ ਆਪਣਾ ਯੋਗਦਾਨ ਪਾਇਆ ਹੈ ਤਹਿ ਦਿਲੋਂ ਧੰਨਵਾਦ ਕਰਦੇ ਰਹੇ।

ਧੰਨਵਾਦ ਕਰਨ ਵਾਲੀਆਂ ਸਮੂਹ ਕਮੇਟੀਆਂ ਅਤੇ ਸ਼ਹੀਦ ਪਰਿਵਾਰ ਦੇ ਮੈਂਬਰਾਂ ਵਿੱਚ ਅਮਰੀਕ ਸਿੰਘ, ਬਲਦੇਵ ਸਿੰਘ, ਸੰਤੋਖ ਸਿੰਘ, ਬਲਦੀਪ ਕੌਰ, ਹਰਸ਼ਰਨ ਕੌਰ, ਕੁਲਦੀਪ ਲਾਲ, ਜਸਵੀਰ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਅਜੈ ਕੁਮਾਰ, ਬਚਿਤਰ ਸਿੰਘ, ਜਸਵੰਤ ਸਿੰਘ, ਹਰਮੇਲ ਸਿੰਘ, ਗੁਰਦਿਆਲ ਸਿੰਘ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਜੋਗਿੰਦਰ ਸਿੰਘ, ਹਰਜੀਤ ਕੌਰ, ਝਲਮਣ ਸਿੰਘ, ਗੁਰਮੁਖ ਸਿੰਘ ਅਤੇ ਬਲਜੀਤ ਕੌਰ ਸ਼ਾਮਲ ਹਨ।

ਸਮੂਹ ਨਗਰ ਨਿਵਾਸੀਆਂ ਅਤੇ ਸ਼ਹੀਦ ਪਰਿਵਾਰ ਵੱਲੋਂ ਪਾਏ ਜਾਂਦੇ ਸਧਾਰਨ ਪਾਠ ਵਿਚ ਸ਼ਮੂਲੀਅਤ ਲਈ ਸ. ਬਡੂੰਗਰ ਨੂੰ ਬੇਨਤੀ ਵੀ ਕੀਤੀ ਗਈ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
Chapter 7 & 13 Bankruptcy
Protect Your Assets- Home, Etc..
Start Fresh- Clear
Family Law • Divorce

Immigration Law
Deportation Cases- BIA Appeals
Ninth Circuit Appeals
Adjustment of Status (Green Card)
Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



SFO/LAX to DELHI
FARE as LOW as
Starting from
695 to 895




With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਬੇਕਰਜ਼ਫੀਲਡ ਦੇ ਸ. ਹਰਬੰਸ ਸਿੰਘ ਸਰਪੰਚ ਦਾ ਦੇਹਾਂਤ

### *ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ 26 ਫਰਵਰੀ, ਐਤਵਾਰ ਨੂੰ*

**ਬੇਕਰਜ਼ਫੀਲਡ/ਬਿਊਰੋ ਨਿਊਜ਼ :** ਇਥੋਂ ਦੀ ਉਘੀ ਸ਼ਖਸ਼ੀਅਤ ਸ. ਹਰਬੰਸ ਸਿੰਘ ਸਰਪੰਚ ਬੀਤੀ 17 ਫਰਵਰੀ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 85 ਵਰ੍ਹਿਆਂ ਦੇ ਸਨ ਤੇ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸਨ। ਸਰਪੰਚ ਹਰਬੰਸ ਸਿੰਘ ਲਗਭਗ 20 ਕੁ ਸਾਲ ਪਹਿਲਾਂ ਪੰਜਾਬ ਤੋਂ ਬੇਕਰਜ਼ਫੀਲਡ ਆ ਕੇ ਵਸੇ ਸਨ ਅਤੇ ਇੱਥੇ ਤਕਰੀਬਨ 10 ਸਾਲ ਨੌਕਰੀ ਕੀਤੀ। ਇਨ੍ਹਾਂ ਦਾ ਪਿਛਲਾ ਪਿੰਡ ਦੌਲੋਵਾਲ (ਗੁਰਾਇਆ) ਜ਼ਿਲ੍ਹਾ ਹੁਸ਼ਿਆਰਪੁਰ ਹੈ। ਉਹ 1970 ਤੋਂ ਲੈ ਕੇ 1996 ਤੱਕ ਆਪਣੇ ਪਿੰਡ ਦੇ ਸਰਪੰਚ ਰਹੇ। ਬੇਕਰਜ਼ਫੀਲਡ ਵਿਚ ਉਹ ਸੀਨੀਅਰ ਸਿਟੀਜਨ ਸੰਸਥਾ ਨਾਲ ਜੁੜੇ ਰਹੇ ਅਤੇ ਇਸ ਦੇ ਚੇਅਰਮੈਨ ਵੀ ਰਹੇ। ਆਪਣੇ ਪਿੱਛੇ ਦੋ ਪੁੱਤਰ ਕੁਲਦੀਪ ਸਿੰਘ, ਅਮਰੀਕ ਸਿੰਘ ਗੁਰਾਇਆ ਸਾਬਕਾ ਸਕੱਤਰ ਗੁਰੂਘਰ ਸਟਾਈਨ ਰੋਡ ਅਤੇ ਪੁੱਤਰੀ ਕੁਲਵਿੰਦਰ ਕੌਰ ਤੋਂ ਇਲਾਵਾ ਪੋਤੇ ਪੋਤੀਆਂ, ਦੋਹਤੇ, ਦੋਹਤੀਆਂ ਦਾ ਹਰਾ ਭਰਿਆ ਪਰਿਵਾਰ ਛੱਡ ਗਏ ਹਨ। ਸ. ਹਰਬੰਸ ਸਿੰਘ ਸਰਪੰਚ ਦਾ ਅੰਤਿਮ ਸੰਸਕਾਰ 26 ਫਰਵਰੀ ਐਤਵਾਰ ਬਾਅਦ ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ ਗ੍ਰੀਨ ਲਾਅਨ ਫਿਊਨਰਲ ਹੋਮ ਪੈਨਮਾ ਲੇਨ ਬੇਕਰਜ਼ਫੀਲਡ ਵਿਖੇ ਕੀਤਾ ਜਾਵੇਗਾ ਅਤੇ ਅੰਤਿਮ ਅਰਦਾਸ ਗੁਰੂਘਰ ਸਟਾਈਨ ਰੋਡ ਅੰਗਦ ਦਰਬਾਰ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਮਰੀਕ ਸਿੰਘ ਗੁਰਾਇਆ ਨਾਲ 661-979-0428 ਜਾਂ ਉਨ੍ਹਾਂ ਦੇ ਭਤੀਜੇ ਯੂਥ ਆਗੂ ਨਿਕਸਨ ਔਜਲਾ ਨਾਲ 661-979-7946 'ਤੇ ਸੰਪਰਕ ਕਰ ਸਕਦੇ ਹੋ।



# ਸ. ਹਰਚੰਦ ਸਿੰਘ ਸਿੱਧੂ ਦੇ ਅਕਾਲ ਚਲਾਣੇ 'ਤੇ ਸਿੱਧੂ ਪਰਿਵਾਰ ਨੂੰ ਸਦਮਾ

### *ਅੰਤਿਮ ਸੰਸਕਾਰ ਤੇ ਪਾਠ ਦਾ ਭੋਗ 25 ਫਰਵਰੀ, ਸ਼ਨਿੱਚਰਵਾਰ ਨੂੰ*

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਪੋਟਰਵਿਲ ਨਿਵਾਸੀ ਸ. ਹਰਚੰਦ ਸਿੰਘ ਸਿੱਧੂ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਾ ਪਿਛਲਾ ਪਿੰਡ ਪੰਜਾਬ ਵਿੱਚ ਭਗਤਾ ਭਾਈਕਾ ਸੀ ਅਤੇ ਉਹ 20 ਸਾਲਾ ਤੋਂ ਅਮਰੀਕਾ ਰਹਿ ਰਹੇ ਸਨ। ਉਹ ਇਲਾਕੇ ਦੀ ਜਾਣੀ-ਪਛਾਣੀ ਸਖਸ਼ੀਅਤ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 84 ਸਾਲ ਸੀ।

ਸ. ਹਰਚੰਦ ਸਿੰਘ ਸਿੱਧੂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ 25 ਫਰਵਰੀ, ਸ਼ਨਿੱਚਰਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ 11:00 ਤੋਂ ਦੁਪਹਿਰ 1:00 ਵਜੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਸਿੱਖ ਪੈਸੀਫਿਕ ਕੌਸਟ' ਸੈਲਮਾ ਵਿਖੇ ਹੋਵੇਗੀ।

ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਦੀਪ ਸਿੱਧੂ ਨਾਲ ਫੋਨ (559) 333-1910 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਸੈਕਰਾਮੈਂਟੋ ਸਿਟੀ ਵੱਲੋਂ ਆਵਾਸੀਆਂ ਦੀ ਹਿਫਾਜ਼ਤ ਲਈ ਸੇਫ ਹੈਵਨ ਟਾਸਕ ਫੋਰਸ ਦਾ ਗਠਨ





**ਸੈਕਰਾਮੈਂਟੋ/ਬਿਊਰੋ ਨਿਊਜ਼ :** ਸੈਕਰਾਮੈਂਟੋ ਸਿਟੀ ਵੱਲੋਂ ਆਵਾਸੀਆਂ ਦੀ ਹਿਫਾਜ਼ਤ ਲਈ 'ਸੇਫ ਹੈਵਨ ਟਾਸਕ ਫੋਰਸ' ਦਾ ਗਠਨ ਕੀਤਾ ਗਿਆ ਹੈ। ਇਸ ਸੰਬੰਧੀ ਕਮੇਟੀ ਦੀ ਪਹਿਲੀ ਮੀਟਿੰਗ ਸੈਕਰਾਮੈਂਟੋ ਸਿਟੀ ਕੌਂਸਲ ਚੈਂਬਰ ਵਿਖੇ ਹੋਈ। ਇਸ ਦੀ ਪ੍ਰਧਾਨਗੀ ਸੈਕਰਾਮੈਂਟੋ ਸਿਟੀ ਦੇ ਵਾਈਸ ਮੇਅਰ ਰਿਕ ਜੈਨਿੰਗ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਕੌਂਸਲ ਮੈਂਬਰ ਸਟੀਵ ਹੈਨਸਨ, ਕੌਂਸਲ ਮੈਂਬਰ ਜੈ ਸ਼ਨੀਨਰਰ, ਕੌਂਸਲ ਮੈਂਬਰ ਐਰਿਕ ਕੁਏਰਾ ਅਤੇ ਸੈਕਰਾਮੈਂਟੋ ਪੁਲਿਸ ਚੀਫ ਬ੍ਰਾਇਨ ਲੋਈ ਵੀ ਪ੍ਰਧਾਨਗੀ ਮੰਡਲ ਵਿਚ ਹਾਜ਼ਰ ਸਨ। ਵੱਖ-ਵੱਖ ਸਕੂਲ ਬੋਰਡ ਟਰੱਸਟ ਦੇ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸੱਦੇ ਗਏ, ਜਿਨ੍ਹਾਂ ਵਿਚ ਐਲਕ ਗਰੋਵ ਸਕੂਲ ਬੋਰਡ ਦੀ ਟਰੱਸਟੀ ਪ੍ਰਧਾਨ ਬੌਬੀ ਸਿੰਘ ਐਲਨ ਵੀ ਸ਼ਾਮਲ ਸੀ। ਇਸ ਪਲੇਠੀ ਮੀਟਿੰਗ ਵਿਚ 'ਪੰਜਾਬ ਮੇਲ ਅਖ਼ਬਾਰ' ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਿੱਖ ਭਾਈਚਾਰੇ ਵੱਲੋਂ ਨੁਮਾਇੰਦਗੀ ਕੀਤੀ। ਹੋਰਨਾਂ ਤੋਂ ਇਲਾਵਾ ਸਿੱਖ, ਮੁਸਲਿਮ, ਏਸ਼ੀਅਨ, ਅਫਰੀਕਨ, ਕਾਲੇ, ਮੈਕਸੀਕਨ ਆਦਿ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਇਸ ਮੀਟਿੰਗ ਵਿਚ ਸੱਦਿਆ ਗਿਆ। ਮੀਟਿੰਗ ਦੌਰਾਨ ਸਕੂਲਾਂ ਵਿਚ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਦੇਣ ਲਈ ਵਿਚਾਰ-ਵਟਾਂਦਰੇ ਵੀ ਕੀਤੇ ਗਏ, ਤਾਂਕਿ ਆਵਾਸੀਆਂ ਨੂੰ ਸਥਾਨਕ ਕਾਨੂੰਨ ਅਤੇ ਅਧਿਕਾਰਾਂ ਬਾਰੇ ਪਤਾ ਲੱਗ ਸਕੇ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਦੇ ਐਲਾਨਾਂ ਤੋਂ ਬਾਅਦ ਗੈਰ ਕਾਨੂੰਨੀ ਆਵਾਸੀਆਂ ਵਿਚ ਕਾਫੀ ਦਹਿਸ਼ਤ ਪਾਈ ਜਾ ਰਹੀ ਹੈ, ਜਿਸ ਕਰਕੇ ਉਹ ਨਾ ਤਾਂ ਆਪਣਾ ਇਲਾਜ ਕਰਵਾਉਣ ਜਾਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਇੰਮੀਗ੍ਰੇਸ਼ਨ ਵਕੀਲ ਮਿਲਦਾ ਹੈ। ਇੱਥੋਂ ਤੱਕ ਕਿ ਉਨ੍ਹਾਂ ਕੋਲ ਇੰਮੀਗ੍ਰੇਸ਼ਨ ਵਕੀਲਾਂ ਨੂੰ ਦੇਣ ਲਈ ਪੈਸਾ ਵੀ ਨਹੀਂ ਹੁੰਦਾ। ਇਸ ਦੌਰਾਨ ਆਏ ਇੰਮੀਗ੍ਰੇਸ਼ਨ ਵਕੀਲ ਮਾਰਕੋਸ ਟੈਂਗ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਨਾਲ ਗੈਰ ਕਾਨੂੰਨੀ ਆਵਾਸੀਆਂ ਦੀ ਮਦਦ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਸੈਕਰਾਮੈਂਟੋ ਕਾਊਂਟੀ ਵਿਚ ਵੱਖ-ਵੱਖ ਫਿਰਕਿਆਂ ਦੇ ਲੋਕ ਰਹਿੰਦੇ ਹਨ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524



PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



When tired of all treatments for any disease at any age Try

HOMEOPATHIC

Experienced Consultant Physician since 1973

American Red Cross



GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

Office: 408.729.6691

Cell: 408.687.1899

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਜਮੇਰ ਸਿੰਘ ਬਿੱਟੂ ਨਿੱਜਰ ਨੂੰ ਸਦਮਾ

### ਮਾਤਾ ਬੀਬੀ ਸੁਰਜੀਤ ਕੌਰ ਦਾ ਚਲਾਣਾ

**ਫਰੀਮਾਂਟ/ਬਿਊਰੋ ਨਿਊਜ਼:** ਬੇਏਰੀਆ ਸਿੱਖ ਭਾਈਚਾਰੇ ਦੇ ਪ੍ਰਮੁੱਖ ਆਗੂ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਕਮੇਟੀ ਮੈਂਬਰ ਸ. ਅਜਮੇਰ ਸਿੰਘ ਬਿੱਟੂ ਨਿੱਝਰ ਦੇ ਮਾਤਾ ਜੀ ਅਤੇ ਕੈਪਟਨ ਕੀਰਤਨ ਸਿੰਘ ਜੀ ਦੇ ਧਰਮਪਤਨੀ ਬੀਬੀ ਸੁਰਜੀਤ ਕੌਰ ਜੀ ਐਤਵਾਰ 19 ਫਰਵਰੀ 2017 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹ 82 ਸਾਲਾਂ ਦੇ ਸਨ। ਬੀਬੀ ਜੀ ਪਿੱਛੋਂ ਪੰਜਾਬ ਦੇ ਪਿੰਡ ਲਤਾਲਾ ਜ਼ਿਲ੍ਹਾ ਲੁਧਿਆਣਾ ਨਾਲ ਸਬੰਧ ਰਖਦੇ ਸਨ।ਵਿਖੇ



ਮਾਤਾ ਸੁਰਜੀਤ ਕੌਰ ਜੀ ਸੰਨ 2005 ਤੋਂ ਅਮਰੀਕਾ ਵਿਖੇ ਅਤੇ ਪਿਛਲੇ ਕੁਝ ਸਮੇਂ ਪੰਜਾਬ ਵਿਖੇ ਰਹਿ ਰਹੇ ਸਨ। ਇਸ ਦੁੱਖ ਦੀ ਘੜੀ ਵਿਚ ਮਾਤਾ ਜੀ ਦੇ ਸਪੁੱਤਰ ਅਜਮੇਰ ਸਿੰਘ ਬਿੱਟੂ ਨਿੱਝਰ ਨਾਲ ਉਨ੍ਹਾਂ ਦੇ ਫੋਨ ਨੰ 510-589-2575 ਤੇ ਦੁੱਖ ਸਾਂਝਾ ਕੀਤਾ ਜਾ ਸਕਦਾ ਹੈ।

## ਮਹਿਤਾ ਪਰਿਵਾਰ ਨੂੰ ਸਦਮਾ

### ਸ. ਕੰਵਰਜੀਤ ਸਿੰਘ ਮਹਿਤਾ ਦਾ ਦੇਹਾਂਤ

### ਅੰਤਿਮ ਅਰਦਾਸ 25 ਫਰਵਰੀ, ਸ਼ਨਿਚਰਵਾਰ ਨੂੰ

**ਸ਼ਿਕਾਗੋ/ਬਿਊਰੋ ਨਿਊਜ਼ :** ਇਥੋਂ ਦੀ ਉੱਘੀ ਸ਼ਖ਼ਸੀਅਤ ਅਤੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਅਗਜ਼ੈਕਟਿਵ ਸਕੱਤਰ ਸ. ਕੰਵਰਜੀਤ ਸਿੰਘ ਮਹਿਤਾ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਨ੍ਹਾਂ ਦੀਆਂ ਅੰਤਿਮ ਰਸਮਾਂ 21 ਫਰਵਰੀ, ਮੰਗਲਵਾਰ ਨੂੰ ਕੰਟਰੀਸਾਈਡ ਫਿਊਨਰਲ ਹੋਮ ਵਿਚ ਕੀਤੀਆਂ ਗਈਆਂ। ਗੁਰੂ ਘਰ ਦੀ ਸਮਰਪਣ ਭਾਵਨਾ ਨਾਲ ਸੇਵਾ ਕਰਨ ਵਾਲੇ ਸ. ਕੰਵਰਜੀਤ ਸਿੰਘ ਆਪਣੇ ਪਿਛੇ ਪਤਨੀ ਪਰਵੇਸ਼ ਕੌਰ, ਪੁੱਤਰ ਅਨੁਰਾਗ ਸਿੰਘ, ਧੀ ਗੀਤੂ ਕੌਰ, ਨੂੰਹ ਨਿਧੀ, ਪੋਤੇ-ਪੋਤੀਆਂ ਕਵੀ, ਰੀਆ ਤੇ ਸਿੰਮੀ, ਭਰਾ ਸੁਰਜੀਤ ਸਿੰਘ, ਉਨ੍ਹਾਂ ਦੀ ਪਤਨੀ ਹਰਪ੍ਰੀਤ ਕੌਰ, ਭਰਾ ਬਰਜਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਮੋਹਿੰਦਰ ਕੌਰ, ਰਿਸ਼ਤੇਦਾਰ ਸੁਦੀਪ ਕੌਰ, ਭਤੀਜੇ ਰੋਜਰ, ਰਮਨ ਤੇ ਭਤੀਜੀ ਸਿਮਰਨ ਨੂੰ ਛੱਡ ਗਏ ਹਨ। ਸ਼ਿਕਾਗੋ ਦੀ ਸਿੱਖ ਸੰਗਤ ਸ. ਕੰਵਰਜੀਤ ਸਿੰਘ ਨੂੰ ਉਨ੍ਹਾਂ ਦੀਆਂ ਗੁਰੂ ਘਰ ਲਈ ਦਿੱਤੀਆਂ ਸੇਵਾਵਾਂ ਸਦਕਾ ਹਮੇਸ਼ਾ ਯਾਦ ਕਰਦੀ ਰਹੇਗੀ। ਸ. ਕੰਵਰਜੀਤ ਸਿੰਘ ਨਮਿਤ ਅੰਤਿਮ ਅਰਦਾਸ, ਸਹਿਜ ਪਾਠ ਦਾ ਭੋਗ ਅਤੇ ਕੀਰਤਨ 25 ਫਰਵਰੀ, ਸ਼ਨਿਚਰਵਾਰ ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਪੈਲਾਟਾਇਨ ਗੁਰਦੁਆਰਾ ਸਾਹਿਬ ( Palatine Gurdwara Sahib, 1280 Winnetka St, Palatine, IL 60067) ਵਿਖੇ ਹੋਵੇਗਾ। ਅੰਤਿਮ ਅਰਦਾਸ ਮਗਰੋਂ ਗੁਰੂ ਕਾ ਲੰਗਰ ਹੋਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਸ. ਸੁਰਜੀਤ ਸਿੰਘ ਮਹਿਤਾ ਨਾਲ 630-776-1425 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖ ਕਤਲੇਆਮ ਸਬੰਧੀ ਜਾਂਚ ਬਾਰੇ ਪ੍ਰਗਤੀ ਰਿਪੋਰਟ ਪੇਸ਼

### • ਮਾਮਲੇ ਦੀ ਅਗਲੀ ਸੁਣਵਾਈ 6 ਮਾਰਚ ਨੂੰ • ਜਾਂਚ ਛੇ ਮਹੀਨਿਆਂ ਵਿੱਚ ਮੁਕੰਮਲ ਕਰਨ ਦੀ ਕੀਤੀ ਸੀ ਮੰਗ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ 1984 ਦੇ ਸਿੱਖ ਕਤਲੇਆਮ ਸਬੰਧੀ ਕਾਇਮ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਕੀਤੀ ਜਾਂਚ ਸਬੰਧੀ ਪ੍ਰਗਤੀ ਰਿਪੋਰਟ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ। ਰਿਪੋਰਟ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ.ਐਮ. ਖਾਨਵਿਲਕਰ ਤੇ ਜਸਟਿਸ ਐਮ.ਐਮ. ਸ਼ਾਂਤਨਾਗੂਡਰ ਦੇ ਬੈਂਚ ਅੱਗੇ ਪੇਸ਼ ਕੀਤੀ ਗਈ, ਜਿਸ ਨੇ ਇਸ ਨੂੰ ਰਿਕਾਰਡ ਉਤੇ ਲੈ ਲਿਆ। ਮਾਮਲੇ ਦੀ ਅਗਲੀ ਸੁਣਵਾਈ 6 ਮਾਰਚ ਨੂੰ ਹੋਵੇਗੀ।

ਗ਼ੌਰਤਲਬ ਹੈ ਕਿ 16 ਜਨਵਰੀ ਨੂੰ ਪਿਛਲੀ ਸੁਣਵਾਈ ਦੌਰਾਨ ਜਾਂਚ ਦੀ ਅਦਾਲਤੀ ਨਿਗਰਾਨੀ ਦੀ ਮੰਗ ਕਰਦੀ ਅਪੀਲ ਦੇ ਆਧਾਰ ਉਤੇ ਬੈਂਚ ਨੇ ਕੇਂਦਰ ਨੂੰ ਇਸ ਸਬੰਧੀ ਇਕ 'ਵਿਸਥਾਰਤ ਰਿਪੋਰਟ' ਪੇਸ਼ ਕਰਨ ਲਈ ਆਖਿਆ ਸੀ। ਉਦੋਂ ਕੇਂਦਰ ਵੱਲੋਂ ਸਿੱਟ ਦਾ ਕੰਮ 'ਜਾਰੀ ਹੋਣ' ਦੀ ਗੱਲ ਆਖੀ ਗਈ ਸੀ, ਜਦੋਂ ਕਿ ਬੈਂਚ ਨੇ ਉਸ ਨੂੰ ਚਾਰ ਹਫ਼ਤਿਆਂ ਵਿੱਚ ਇਸ ਮਾਮਲੇ ਸਬੰਧੀ ਚੁੱਕੇ ਗਏ ਕਦਮਾਂ ਦਾ ਵੇਰਵਾ ਦੇਣ ਲਈ ਵੀ ਆਖਿਆ ਸੀ।

ਪਟੀਸ਼ਨਰ ਗੁਰਲਾਡ ਸਿੰਘ ਕਾਹਲੋਂ ਨੇ ਆਖਿਆ ਸੀ ਕਿ ਸਿੱਟ ਦੀ ਮਿਆਦ ਵਿੱਚ ਪਹਿਲਾਂ ਹੀ ਵਾਧਾ ਕੀਤਾ ਜਾ ਚੁੱਕਾ ਹੈ ਤੇ ਇਸ ਦੀ ਮਿਆਦ 17 ਫਰਵਰੀ ਨੂੰ ਪੁੱਗ ਰਹੀ ਸੀ। ਕੇਂਦਰ ਨੇ ਆਪਣੇ ਮੋੜਵੇਂ ਹਲਫ਼ਨਾਮੇ ਵਿੱਚ ਆਖਿਆ ਸੀ ਕਿ ਸਿੱਟ ਦੀ ਜਾਂਚ ਵਿੱਚ 'ਅਹਿਮ ਪੇਸ਼ਕਦਮੀ' ਹੋਈ ਹੈ ਅਤੇ 218 ਕੇਸਾਂ ਦੀ ਜਾਂਚ ਕਾਫ਼ੀ ਅੱਗੇ ਪੁੱਜ ਚੁੱਕੀ ਹੈ, ਜਦਕਿ '22 ਕੇਸਾਂ ਦੀ ਮੁੜ ਜਾਂਚ' ਦਾ ਫ਼ੈਸਲਾ ਲਿਆ ਗਿਆ ਹੈ।

ਗ਼ੌਰਤਲਬ ਹੈ ਕਿ ਸ੍ਰੀ ਕਾਹਲੋਂ ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ, ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਸੀ ਕਿ ਦੰਗਿਆਂ ਦੇ ਪੀੜਤਾਂ ਨੂੰ ਛੇਤੀ ਇਨਸਾਫ਼ ਦਿਵਾਉਣ ਲਈ ਮਾਮਲੇ ਦੀ ਜਾਂਚ ਵਾਸਤੇ ਸਿੱਟ ਕਾਇਮ ਕਰਨ ਦੇ ਹੁਕਮ ਦਿੱਤੇ ਜਾਣ। ਉਨ੍ਹਾਂ ਗ੍ਰਹਿ ਮੰਤਰਾਲੇ ਨੂੰ ਇਹ ਹਦਾਇਤ ਦੇਣ ਦੀ ਵੀ ਬੈਂਚ ਨੂੰ ਅਪੀਲ ਕੀਤੀ ਸੀ ਕਿ ਜਾਂਚ ਦਾ ਕੰਮ ਛੇ ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇ ਅਤੇ ਜਦੋਂ ਤੱਕ ਚਾਰਜਸ਼ੀਟਾਂ ਦਾਖ਼ਲ ਨਹੀਂ ਹੋ ਜਾਂਦੀਆਂ, ਜਾਂਚ ਸਬੰਧੀ ਸਮੇਂ-ਸਮੇਂ ਉਤੇ ਅਦਾਲਤ ਵਿੱਚ ਪ੍ਰਗਤੀ ਰਿਪੋਰਟ ਪੇਸ਼ ਕੀਤੀ ਜਾਵੇ। ਪਟੀਸ਼ਨਰ ਨੇ ਕਿਹਾ ਕਿ ਕੇਂਦਰ ਨੇ ਤਿੰਨ-ਮੈਂਬਰੀ ਸਿੱਟ 12 ਫਰਵਰੀ, 2015 ਨੂੰ ਕਾਇਮ ਕੀਤੀ ਸੀ ਤੇ ਇਸ ਦੀ ਮਿਆਦ ਵਿੱਚ ਇਕ ਸਾਲ ਦਾ ਵਾਧਾ ਕੀਤਾ ਗਿਆ ਸੀ। ਇਸ ਦੇ ਮੁਖੀ 1986 ਬੈਚ ਦੇ ਆਈਪੀਐਸ ਅਧਿਕਾਰੀ ਪ੍ਰਮੋਦ ਅਸਥਾਨਾ ਹਨ, ਜਦੋਂਕਿ ਰਿਟਾਇਰਡ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਤੇ ਦਿੱਲੀ ਪੁਲੀਸ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਕੁਮਾਰ ਗਿਆਨੇਸ਼ ਮੈਂਬਰ ਹਨ।

ਗ਼ੌਰਤਲਬ ਹੈ ਕਿ 31 ਅਕਤੂਬਰ, 1984 ਨੂੰ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਸਿੱਖ ਸੁਰੱਖਿਆ ਗਾਰਡਾਂ ਨੇ ਕਤਲ ਕਰ ਦਿੱਤਾ ਸੀ। ਉਨ੍ਹਾਂ ਅਜਿਹਾ ਉਸੇ ਸਾਲ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚੋਂ ਦਹਿਸ਼ਤਗਰਦਾਂ ਦੇ ਖ਼ਾਤਮੇ ਲਈ ਭਾਰਤੀ ਫੌਜ ਵੱਲੋਂ ਕੀਤੇ ਅਪਰੇਸ਼ਨ ਬਲਿਊ ਸਟਾਰ ਦੇ ਵਿਰੋਧ ਵਜੋਂ ਕੀਤਾ ਸੀ। ਇਸ ਘਟਨਾ ਤੋਂ ਅਗਲੇ ਦਿਨ ਕੌਮੀ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਸਿੱਖ ਵਿਰੋਧੀ ਦੰਗੇ ਭੜਕੇ ਸਨ, ਜਿਨ੍ਹਾਂ ਵਿੱਚ 3000 ਤੋਂ ਵੱਧ ਸਿੱਖਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ। ਇਸ ਦੇ ਬਾਵਜੂਦ ਹਾਲੇ ਤੱਕ ਦੰਗਾ ਪੀੜਤਾਂ ਨੂੰ ਢੁਕਵਾਂ ਇਨਸਾਫ਼ ਨਹੀਂ ਮਿਲਿਆ। ਸ੍ਰੀਮਤੀ ਗਾਂਧੀ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਵਾਲੇ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ ਨੇ ਉਲਟਾ ਇਹ ਆਖ ਕੇ ਫ਼ਸਾਦੀਆਂ ਦੀ ਪਿੱਠ ਠੋਕੀ ਸੀ: "ਕੋਈ ਵੱਡਾ ਦਰਖ਼ਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੀ ਹੈ।" ਦੰਗਾ ਪੀੜਤ ਉਦੋਂ ਤੋਂ ਹੀ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ।

## ਸਿੱਖ ਭਾਈਚਾਰੇ ਦੇ ਆਗੂ ਅਤੇ ਸੈਨਹੋਜ਼ੇ ਗੁਰੂ ਘਰ ਦੇ ਸੇਵਾਦਾਰ ਭਾਈ ਸੁਖਦੇਵ ਸਿੰਘ ਗਿੱਲ ਦਾ ਅਕਾਲ ਚਲਾਣਾ



**ਸੈਨਹੋਜ਼ੇ/ਬਿਊਰੋ ਨਿਊਜ਼:** ਬੇਅ ਏਰੀਆ ਵਿਚਲੇ ਭਾਈਚਾਰੇ ਦੇ ਜਾਣੇ ਪਛਾਣੇ ਭਾਈ ਸੁਖਦੇਵ ਸਿੰਘ ਗਿੱਲ ਬੀਤੇ ਦਿਨ ਇੱਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਏ। 76 ਸਾਲਾ ਉਮਰ ਦੇ ਸ. ਗਿੱਲ ਪਿਛੋਂ ਪੰਜਾਬ ਦੇ ਪਿੰਡ ਗੜ੍ਹਸ਼ੰਕਰ ਨਾਲ ਸਬੰਧ ਰਖਦੇ ਸਨ।

ਭਾਈ ਸੁਖਦੇਵ ਸਿੰਘ ਗਿੱਲ, ਸੈਨਹੋਜ਼ੇ ਗੁਰਦੁਆਰਾ ਸਾਹਿਬ ਕਮੇਟੀ ਦੇ ਮੈਂਬਰ ਰਹਿ ਚੁੱਕੇ ਹਨ। ਉਹਨਾਂ ਨੂੰ ਸੈਨਹੋਜ਼ੇ ਅਤੇ ਸਿੰਘ ਸਭਾ ਮਿਲਪੀਟਸ ਗੁਰੂ ਘਰਾਂ ਅਕਸਰ ਹੀ ਸੇਵਾ ਕਰਦੇ ਦੇਖਿਆ ਜਾਂਦਾ ਸੀ। ਉਹ ਮੰਗਲਵਾਰ ਸਵੇਰੇ ਵੀ ਅਪਣੇ ਘਰੋਂ ਸੈਨਹੋਜ਼ੇ ਗੁਰੂਘਰ ਜਾਣ ਲਈ ਪੈਦਲ ਹੀ ਨਿਕਲੇ ਸਨ ਕਿ ਸੜਕ ਪਾਰ ਕਰਨ ਲੱਗੇ ਲਾਈਟ ਤੇ ਇੱਕ ਕਾਰ ਰੁਕ ਗਈ ਪਰ ਦੂਜੀ ਉਹਨਾਂ ਵਿੱਚ ਆਣ ਲੱਗੀ। ਪਤਾ ਲਗਿਆ ਹੈ ਕਿ ਉਹਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਅਮਰੈਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਭਾਈ ਜਸਵੰਤ ਸਿੰਘ ਹੋਠੀ ਨੇ ਭਾਈ ਗਿੱਲ ਦੇ ਅਕਾਲ ਚਲਾਣੇ ਉੱਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਗੁਰੂ ਘਰ ਦੇ ਸੇਵਕ ਦੇ ਅਚਾਨਕ ਤੁਰ ਜਾਣ ਨਾਲ ਸਿੱਖ ਭਾਈਚਾਰੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਸਸਕਾਰ ਬਾਰੇ ਜਲਦੀ ਹੀ ਇਤਲਾਹ ਦੇ ਦਿੱਤੀ ਜਾਏਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਬੇਟੇ ਅਮਨਦੀਪ ਸਿੰਘ ਨਾਲ (408)292-1517 ਤੇ ਸੰਪਰਕ ਕਰ ਸਕਦੇ ਹੋ।







# ਵ੍ਹਾਈਟ ਹਾਊਸ : ਟਰੰਪ ਨੇ ਹਰ ਦਿਨ ਘੜੀ ਝੂਠ ਦੀ ਕਹਾਣੀ



**ਇਕ ਮਹੀਨੇ ਦਾ ਰਿਪੋਰਟ ਕਾਰਡ-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵ੍ਹਾਈਟ ਹਾਊਸ ਵਿਚ ਮਹੀਨਾ ਪੂਰਾ ਹੋ ਗਿਆ ਹੈ। ਇਨ੍ਹਾਂ ਦੇ ਦਫ਼ਤਰ ਦਾ ਸਟਾਫ਼ ਹੀ ਜਾਣਦਾ ਹੈ ਕਿ ਉਥੇ ਉਨ੍ਹਾਂ ਦਾ ਇਕ-ਇਕ ਦਿਨ ਕਿਵੇਂ ਬੀਤਿਆ। ਹਰ ਦਿਨ ਉਨ੍ਹਾਂ ਨੂੰ ਉਨ੍ਹਾਂ ਆਦੇਸ਼ਾਂ ਦਾ ਸਾਹਮਣਾ ਕਰਨਾ ਪਿਆ, ਜਿਸ ਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਸੀ। ਜੋ ਗੱਲਾਂ ਵ੍ਹਾਈਟ ਹਾਊਸ ਤੋਂ ਨਿਕਲ ਕੇ ਆਈਆਂ ਹਨ, ਉਹ ਬਹੁਤ ਘੱਟ ਹਨ। ਉਹ ਪੂਰੀ ਤਰ੍ਹਾਂ ਸੱਚ ਹੋਣਗੀਆਂ, ਇਸ ਬਾਰੇ ਕੋਈ ਦਾਅਵਾ ਨਹੀਂ ਕਰ ਸਕਦਾ। ਜਾਣੋ ਰਾਸ਼ਟਰਪਤੀ ਦਾ ਰਿਪੋਰਟ ਕਾਰਡ।**

ਡੂੰਘੀ ਨੀਂਦ ਮਗਰੋਂ ਜਗਾਉਣ ਜਾਂ ਵਰ੍ਹਿਆਂ ਬਾਅਦ ਕੋਮਾ ਵਿਚੋਂ ਬਾਹਰ ਆਉਣ ਮਗਰੋਂ ਦੁਨੀਆ ਨੂੰ ਸਮਝਣ ਦਾ ਅਹਿਸਾਸ ਕੁਝ ਵੱਖਰਾ ਹੀ ਹੁੰਦਾ ਹੈ। ਤੁਸੀਂ ਹਰ ਚੀਜ਼ ਸਮਝਣੀ ਹੁੰਦੀ ਹੈ ਜਾਂ ਕਿਸੇ ਦੀ ਮਦਦ ਦੀ ਜ਼ਰੂਰਤ ਹੁੰਦੀ ਹੈ। ਉਦੋਂ ਤੁਹਾਨੂੰ ਅਚਾਨਕ ਪਤਾ ਚਲਦਾ ਹੈ ਕਿ 'ਸ਼ਿਕਾਗੋ ਕਬਸ' ਨੇ ਬੇਸਬਾਲ ਦੀ ਵਰਲਡ ਸੀਰੀਜ਼ ਜਿੱਤ ਲਈ ਹੈ ਤੇ ਸਮੁੱਚੇ ਕੈਲੀਫੋਰਨੀਆ ਸੂਬੇ ਵਿਚ ਹੜ੍ਹ ਆ ਗਿਆ ਹੈ। ਅਚਾਨਕ ਹੜ੍ਹ ਆਉਣ ਦੇ ਕੀ ਕਾਰਨ ਹੋ ਸਕਦੇ ਹਨ, ਫਿਰ ਪਤਾ ਚਲਦਾ ਹੈ ਕਿ ਉਥੇ ਇਕ ਬੰਨ੍ਹ ਸੀ, ਜਿਸ ਵਿਚ ਦਰਾਰ ਆਈ ਤੇ ਉਹ ਫੁੱਟ ਗਿਆ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲੇ ਇਕ ਮਹੀਨੇ ਦਾ ਰਿਪੋਰਟ ਕਾਰਡ ਕਈ ਅਮਰੀਕੀਆਂ ਲਈ ਅਜਿਹਾ ਹੋ ਸਕਦਾ ਹੈ। ਹਾਲੇ ਤਕ ਕੁਝ ਲੋਕ ਵਿਸ਼ਵਾਸ ਨਹੀਂ ਕਰ ਪਾਉਂਦੇ ਹਨ ਕਿ ਵ੍ਹਾਈਟ ਹਾਊਸ ਵਿਚ ਵਾਕਿਆ ਹੀ ਡੋਨਲਡ ਟਰੰਪ ਦਾ ਪ੍ਰਸ਼ਾਸਨ ਹੈ। ਕੁਝ ਅਮਰੀਕੀਆਂ ਲਈ ਪਿਛਲੇ ਇਕ ਮਹੀਨੇ ਦੀ ਸਥਿਤੀ ਕੋਮਾ ਤੋਂ ਬਾਹਰ ਆਉਣ ਦੇ ਬਰਾਬਰ ਹੀ ਹੈ।

20 ਜਨਵਰੀ ਤੋਂ ਹੀ ਡੋਨਲਡ ਟਰੰਪ ਨੇ ਝੂਠ ਬੋਲਣਾ ਸ਼ੁਰੂ ਕਰ ਦਿੱਤਾ ਸੀ। ਸ਼ਾਇਦ ਉਨ੍ਹਾਂ ਨੂੰ ਝੂਠ ਬੋਲਣਾ ਅਤੇ ਸੱਚ ਸੁਣਨਾ ਜ਼ਿਆਦਾ ਪਸੰਦ ਹੈ। ਉਹ ਏਨੀ ਸਾਫ਼ਗੋਈ ਨਾਲ ਝੂਠ ਬੋਲਦੇ ਹਨ ਕਿ ਵ੍ਹਾਈਟ ਹਾਊਸ ਦੇ ਤਰਜਮਾਨ ਵੀ ਹੈਰਾਨ ਰਹਿ ਜਾਂਦੇ ਹਨ। ਉਨ੍ਹਾਂ ਨੂੰ ਬਾਹਰ ਆ ਕੇ ਮੀਡੀਆ ਦੇ ਸਾਹਮਣੇ ਉਹੀ ਬੋਲਣਾ ਪੈਂਦਾ ਹੈ, ਜੋ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਕਿਹਾ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਪਿਛਲੇ ਕੁਝ ਦਿਨਾਂ ਵਿਚ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ। ਬੁਲਾਰਿਆਂ ਨੇ ਕਈ ਵਾਰ ਵਾਪਸ ਆ ਕੇ ਰਾਸ਼ਟਰਪਤੀ ਨੂੰ ਸੂਚਨਾ ਦਿੱਤੀ ਕਿ ਮੀਡੀਆ ਸੱਚ ਜਾਣਦਾ ਹੈ ਤੇ ਉਹ ਉਨ੍ਹਾਂ ਦੀਆਂ ਕਹੀਆਂ ਗਈਆਂ ਗੱਲਾਂ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਅਜਿਹੇ ਵਿਚ ਟਰੰਪ ਕਹਿੰਦੇ ਹਨ-ਜੇਕਰ ਮੀਡੀਆ ਮੇਰੀਆਂ ਗੱਲਾਂ ਹੂਬਹੂ ਸਵੀਕਾਰ ਨਹੀਂ ਕਰਦਾ ਹੈ, ਤਾਂ ਉਸ ਨੂੰ ਭਾਰੀ ਕੀਮਤ ਚੁਕਾਉਣੀ ਪਏਗੀ। ਪਿਛਲੇ ਕਰੀਬ ਇਕ ਮਹੀਨੇ ਤੋਂ ਅਮਰੀਕੀ ਕਰਦਾਤਾਵਾਂ, ਦੇਸ਼ ਦੀ ਵਿੱਤੀ ਸਥਿਤੀ, ਅਪਰਾਧਾਂ ਦੀ ਦਰ, ਮੌਸਮ ਦੇ ਹਾਲਾਤ ਤੋਂ ਲੈ ਕੇ ਕਈ ਵਿਸ਼ਿਆਂ 'ਤੇ

**ਟਿਮੋਥੀ ਇਜੇਨ**
**(ਅਮਰੀਕੀ ਪ੍ਰਸ਼ਾਸਨ ਦੇ ਮਾਹਰ)**

ਲਗਭਗ ਹਰ ਦਿਨ ਨਵਾਂ ਝੂਠ ਰਾਸ਼ਟਰਪਤੀ ਵਲੋਂ ਸੁਣਨ ਨੂੰ ਮਿਲ ਰਿਹਾ ਹੈ। ਸ਼ਾਇਦ ਉਨ੍ਹਾਂ ਦੇ ਬੁਲਾਰੇ ਵੀ ਇਸ ਦੇ ਆਦੀ ਹੋ ਚੁੱਕੇ ਹਨ।

1 ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਪਰ ਕਿਹਾ ਜਾਂਦਾ ਹੈ ਕਿ 30 ਤੋਂ 50 ਲੱਖ ਲੋਕਾਂ ਨੇ ਚੋਣਾਂ ਵਿਚ ਨਾਜਾਇਜ਼ ਵੋਟਿੰਗ ਕੀਤੀ। ਇਸ ਨੂੰ ਕਿੰਨਾ ਸੱਚ ਮੰਨਿਆ ਜਾਵੇ, ਜੇਕਰ ਵਾਕਿਆ ਅਜਿਹਾ ਹੈ ਤਾਂ ਉਨ੍ਹਾਂ ਲੋਕਾਂ ਨੇ ਅਪਰਾਧ ਕੀਤਾ ਤੇ ਸੰਭਵ ਹੈ ਕਿ ਹੁਣ ਤਕ ਦੇ ਸਭ ਤੋਂ ਵੱਡੇ ਚੋਣ ਘੁਟਾਲੇ ਨੂੰ ਅੰਜਾਮ ਦਿੱਤਾ ਗਿਆ। ਜ਼ਿਆਦਾ ਪੁੱਛੇ ਜਾਣ ਮਗਰੋਂ ਇਕ ਸੀਨੀਅਰ ਸਲਾਹਕਾਰ ਨੇ ਕਿਹਾ ਕਿ ਉਹ ਨਵੇਂ ਪ੍ਰਸ਼ਾਸਨ ਦੀਆਂ ਗਤੀਵਿਧੀਆਂ ਦਾ ਬਚਾਅ ਕਰਨਾ ਚਾਹੁਣਗੇ ਤੇ ਉਪਰੋਕਤ ਗੱਲਾਂ ਨੂੰ ਉਨ੍ਹਾਂ ਨੇ 'ਵਿਅਕਤੀਗਤ ਤੱਥ' ਦਸਦਿਆਂ ਇਸ ਗੱਲਬਾਤ ਤੋਂ ਹੀ ਪੱਲਾ ਝਾੜ ਲਿਆ।

2 ਇਕ ਰਾਸ਼ਟਰਪਤੀ ਆਪਣੇ ਗਵਾਂਢੀ ਮੁਲਕ ਦੇ ਰਾਸ਼ਟਰਪਤੀ ਨੂੰ ਇਹ ਕਿਵੇਂ ਬੋਲ ਸਕਦਾ ਹੈ ਕਿ ਉਹ ਸਰਹੱਦ 'ਤੇ ਸਭ ਤੋਂ ਤਾਕਤਵਰ ਫ਼ੌਜ ਦੀ ਤੈਨਾਤੀ ਕਰੇਗਾ, ਤਾਂ ਕਿ ਗਲ਼ਤ ਲੋਕਾਂ ਨੂੰ, ਅਪਰਾਧ ਕਰਨ ਵਾਲਿਆਂ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਿਆ ਜਾ ਸਕੇ। ਕੀ ਟਰੰਪ ਨੇ ਮੈਕਸੀਕਨ ਰਾਸ਼ਟਰਪਤੀ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਅਜਿਹਾ ਕਿਹਾ ਸੀ? ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕੀਤੇ ਜਾਣ ਦਾ ਜ਼ਿਕਰ ਹਾਲ ਹੀ ਦੇ ਦਹਾਕਿਆਂ ਵਿਚ ਨਹੀਂ ਮਿਲਦਾ ਹੈ।

3 ਆਸਟਰੇਲਿਆਈ ਪ੍ਰਧਾਨ ਮੰਤਰੀ ਨਾਲ ਪਹਿਲੀ ਵਾਰ ਗੱਲਬਾਤ ਦੌਰਾਨ ਬਿਨਾਂ ਕੁਝ ਕਿਹਾਂ ਫ਼ੋਨ ਉਂਜ ਹੀ ਰੱਖ ਦੇਣਾ। ਇਹ ਵੀ ਬਿਲਕੁਲ ਠੀਕ ਨਹੀਂ ਸੀ। ਇਸ ਨਾਲ ਦੁਨੀਆ ਭਰ ਵਿਚ ਅਮਰੀਕੀ ਪ੍ਰਸ਼ਾਸਨ ਖ਼ਿਲਾਫ਼ ਗ਼ਲਤ ਸੰਦੇਸ਼ ਗਿਆ। ਅਮਰੀਕੀ ਨਾਗਰਿਕਾਂ ਨੂੰ ਨਫ਼ਰਤ ਦੀ ਭਾਵਨਾ ਨਾਲ ਦੇਖਿਆ ਗਿਆ। ਅਜਿਹੀ ਅਜੀਬ ਹਰਕਤ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਸੀ ਕਿ ਆਸਟਰੇਲੀਆ ਅਮਰੀਕਾ ਦੇ ਸਭ ਤੋਂ ਭਰੋਸੇਮੰਦ ਮਿੱਤਰਾਂ ਵਿਚੋਂ ਇਕ ਹੈ।

4 ਦੁਨੀਆ ਭਰ ਵਿਚ ਅਮਰੀਕੀ ਉਡਾਣਾਂ ਨਾਲ ਸਬੰਧਤ ਹਵਾਈ ਅੱਡਿਆਂ 'ਤੇ ਵਿਰੋਧ ਪ੍ਰਦਰਸ਼ਨ ਹੋਏ। ਅਮਰੀਕਾ ਵਿਚ ਤਾਂ ਸਭ ਤੋਂ ਜ਼ਿਆਦਾ। ਵੱਡੀਆਂ ਯੂਨੀਵਰਸਿਟੀਆਂ ਤੇ ਕਾਰਪੋਰੇਟ ਜਗਤ ਦੀਆਂ ਵੱਡੀਆਂ ਕੰਪਨੀਆਂ ਵਿਚ ਇਕ ਵੱਖਰੀ ਤਰ੍ਹਾਂ ਦਾ ਦਰਦ ਦਾ ਮਾਹੌਲ ਬਣਿਆ ਅਤੇ ਉਹ ਅੱਜ ਵੀ ਮੌਜੂਦ ਹੈ। ਉਸ ਦਾ ਇਕ ਹੀ ਕਾਰਨ ਸੀ, ਰਾਸ਼ਟਰਪਤੀ ਟਰੰਪ ਦਾ ਸਭ ਤੋਂ ਨਿੰਦਣਯੋਗ ਆਦੇਸ਼ ਅਤੇ ਪਰਵਾਸੀਆਂ ਨੂੰ ਲੈ ਕੇ ਉਨ੍ਹਾਂ ਦੀਆਂ ਨੀਤੀਆਂ। ਪਰਵਾਸ ਨੀਤੀਆਂ 'ਤੇ ਵੀ ਉਨ੍ਹਾਂ ਨੇ ਕਈ ਝੂਠ ਬੋਲੇ।

5 ਸੱਤ ਮੁਸਲਿਮ ਮੁਲਕਾਂ ਦੇ ਨਾਗਰਿਕਾਂ ਨੂੰ ਤੁਰੰਤ ਪ੍ਰਭਾਵ ਨਾਲ ਰੋਕਣ ਵਾਲਾ ਆਦੇਸ਼ ਅਸਹਿਣਯੋਗ ਸੀ। ਉਸ ਦੇ ਖ਼ਿਲਾਫ਼ ਅਮਰੀਕੀ ਸ਼ਹਿਰਾਂ ਵਿਚ ਵਿਰੋਧ ਹੋਇਆ। ਅੰਤ, ਅਦਾਲਤ ਨੇ ਉਸ ਆਦੇਸ਼ ਨੂੰ ਖਾਰਜ ਕੀਤਾ। ਇਸ ਤੋਂ ਅੰਦਾਜ਼ਾ ਹੋਇਆ ਕਿ ਟਰੰਪ 'ਕੁਝ ਵੀ' ਆਦੇਸ਼ ਦੇ ਸਕਦੇ ਹਨ। ਉਹ ਆਦੇਸ਼ ਜੇਕਰ ਅੱਜ ਬਰਕਰਾਰ ਹੁੰਦਾ ਹੈ ਤਾਂ ਕਈ ਮਾਹਰ, ਡਾਕਟਰ ਤੇ ਹੋਰ ਮਾਹਰ ਲੋਕਾਂ ਤੋਂ ਅਮਰੀਕਾ ਵਾਂਝਾ ਰਹਿ ਜਾਂਦਾ। ਤੇ ਸੰਵਿਧਾਨਕ ਸੰਕਟ ਖੜ੍ਹਾ ਹੋ ਜਾਂਦਾ।

6 ਸੰਘੀ ਅਦਾਲਤ ਨੇ ਰਾਸ਼ਟਪਤੀ ਟਰੰਪ ਦਾ ਆਦੇਸ਼ ਖਾਰਜ ਕੀਤਾ ਸੀ। ਉਨ੍ਹਾਂ ਦੇ ਵ੍ਹਾਈਟ ਹਾਊਸ ਆਉਣ ਮਗਰੋਂ ਇਹ ਪਹਿਲਾ ਮੌਕਾ ਸੀ, ਜਦੋਂ ਨਿਆਂ ਪਾਲਿਕਾ ਨੇ ਸਿੱਧ ਕੀਤਾ ਕਿ ਉਹ ਸਭ ਤੋਂ ਉਪਰ ਹੈ। ਸੰਘੀ ਅਦਾਲਤ ਦੇ ਜੱਜ ਨੂੰ 'ਅਖੌਤੀ ਜੱਜ' ਕਹਿ ਕੇ ਟਰੰਪ ਨੇ ਆਪਣੀ ਹੀ ਆਲੋਚਨਾ ਕਰਵਾਈ। ਇਸ ਤੋਂ ਪਤਾ ਚਲਦਾ ਹੈ ਕਿ ਨਿਆਂ ਪਾਲਿਕਾ ਦਾ ਉਨ੍ਹਾਂ ਨੂੰ ਕਿੰਨਾ ਗਿਆ ਹੈ। ਉਹ ਉਹੀ ਜੱਜ ਹਨ, ਜਿਨ੍ਹਾਂ ਦੀ ਨਿਯੁਕਤੀ ਸੰਘੀ ਅਦਾਲਤ ਵਿਚ ਜਾਰਜ ਡਬਲਿਊ ਬੁੱਸ਼ ਦੇ ਕਾਰਜਕਾਲ ਵਿਚ ਹੋਈ ਸੀ।

('ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ)

## ਕੈਲੀਫੋਰਨੀਆ ਨੂੰ ਕਿਹਾ-'ਆਊਟ ਆਫ਼ ਕੰਟਰੋਲ'

ਰਾਸ਼ਟਰਪਤੀ ਡੋਨਲਡ ਟਰੰਪ ਦਾ ਕੈਲੀਫੋਰਨੀਆ ਨਾਲ ਵੀ ਸਬੰਧ ਹੈ ਤੇ ਉਨ੍ਹਾਂ ਦਾ ਕਈ ਵਾਰ ਇੱਥੇ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਇਸ ਦੇ ਬਾਵਜੂਦ ਉਹ ਉਸ ਨੂੰ ਕਈ ਵਾਰ ਮਦਦ ਦੇਣ ਤੋਂ ਇਨਕਾਰ ਕਰ ਚੁੱਕੇ ਹਨ। ਜਦਕਿ ਕੈਲੀਫੋਰਨੀਆ ਅਜਿਹਾ ਸੂਬਾ ਹੈ, ਜਿਸ ਦਾ ਯੋਗਦਾਨ ਦੁਨੀਆ ਦੀ ਵੱਡੀ ਅਰਥ ਵਿਵਸਥਾ ਵਾਲੇ ਵਪਾਰਕ ਖੇਤਰ ਵਜੋਂ ਜਾਣਿਆ ਜਾਂਦਾ ਹੈ। ਹਰ ਸਾਲ ਅਮਰੀਕੀ ਅਰਥ ਵਿਵਸਥਾ ਵਿਚ ਉਸ ਦਾ ਯੋਗਦਾਨ ਟੈਕਸ ਵਜੋਂ 350 ਅਰਬ ਡਾਲਰ ਤੋਂ ਵੱਧ ਹੁੰਦਾ ਹੈ। ਅਮਰੀਕੀ ਸਰਕਾਰ ਨੂੰ ਆਪਣੇ ਸੂਬਿਆਂ ਵਿਚੋਂ ਟੈਕਸ ਦੇ ਰੂਪ ਵਿਚ ਇਕ ਹੀ ਸੂਬੇ ਤੋਂ ਮਿਲਣ ਵਾਲੀ ਇਹ ਸਭ ਤੋਂ ਵੱਧ ਰਾਸ਼ੀ ਹੈ। ਅਜਿਹੇ ਸੂਬੇ ਬਾਰੇ ਟਰੰਪ ਕਹਿੰਦੇ ਹਨ-'ਉਸ ਸੂਬੇ ਦੀਆਂ ਨੀਤੀਆਂ ਠੀਕ ਨਹੀਂ ਹਨ, ਉਹ ਆਪਣੀ ਸਹੀ ਰਾਹ 'ਤੇ ਨਹੀਂ ਹੈ, ਉਹ 'ਆਊਟ ਆਫ਼ ਕੰਟਰੋਲ' ਹੋ ਚੁੱਕਾ ਹੈ।' ਅਜਿਹਾ ਸ਼ਾਇਦ ਇਸ ਲਈ ਵੀ ਹੋ ਸਕਦਾ ਹੈ ਕਿਉਂਕਿ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਡੈਮੋਕਰੈਟਿਕ ਪਾਰਟੀ ਤੋਂ ਹਨ।

# ਮਨੋਵਿਗਿਆਨੀ ਦੀ ਨਿਯੁਕਤੀ ਹੋ ਸਕਦੀ ਹੈ ਵ੍ਹਾਈਟ ਹਾਊਸ ਵਿਚ !

**ਰਿਚਰਡ ਏ. ਫਰੇਡਮੈਨ**
**(ਨਿਊਰੋ ਸਾਇੰਸ ਤੇ ਹਿਊਮਨ ਬਿਹੇਵੀਅਰ ਦੇ ਮਾਹਰ)**

ਨੇਤਾਵਾਂ ਦੀ ਭਾਸ਼ਾ ਅਤੇ ਉਨ੍ਹਾਂ ਦੇ ਵਿਹਾਰ ਦਾ ਕਈ ਮਾਹਰ ਲਗਾਤਾਰ ਅਧਿਅਨ ਕਰਦੇ ਹਨ। ਉਨ੍ਹਾਂ ਵਿਚੋਂ ਕਈ ਲੋਕਾਂ ਨੇ ਪੁਛਿਆ ਕਿ ਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਦਿਮਾਗੀ ਹਾਲਤ ਠੀਕ ਹੈ? ਹੈਰਾਨੀ ਹੁੰਦੀ ਹੈ ਕਿ ਕੋਈ ਆਪਣੇ ਰਾਸ਼ਟਰਪਤੀ ਬਾਰੇ ਅਜਿਹਾ ਕਿਵੇਂ ਪੁੱਛ ਸਕਦਾ ਹੈ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਪ੍ਰਤੀਨਿਧ ਟੇਲ ਲਯੂ ਨੇ ਹਾਲ ਹੀ ਵਿਚ ਕਿਹਾ ਕਿ ਵ੍ਹਾਈਟ ਹਾਊਸ ਵਿਚ ਮਨੋਵਿਗਿਆਨੀ ਦੀ ਨਿਯੁਕਤੀ ਕਰਨ ਦਾ ਪ੍ਰਸਤਾਵ ਲਿਆਵਾਂਗੇ।

ਇਹ ਗੱਲ ਜ਼ਿਆਦਾ ਗੰਭੀਰ ਉਦੋਂ ਹੋ ਗਈ, ਜਦੋਂ ਕਈ ਹੋਰ ਦਿਮਾਗੀ ਸਿਹਤ ਦੇ ਮਾਹਰਾਂ ਨੇ ਉਥੇ ਮਨੋਵਿਗਿਆਨੀ ਨਿਯੁਕਤ ਕੀਤੇ ਜਾਣ ਦੀ ਗੱਲ 'ਤੇ ਮੋਹਰ ਲਾਈ। ਚੋਣ ਨਤੀਜਿਆਂ ਮਗਰੋਂ ਭਾਵ ਦਸੰਬਰ ਵਿਚ ਇਕ ਅਖ਼ਬਾਰ ਨੇ ਤਿੰਨ ਮੰਨੇ-ਪ੍ਰਮੰਨੇ ਮਨੋਵਿਗਿਆਨੀ ਪ੍ਰੋਫੈਸਰਾਂ ਦੇ ਹੱਥ ਦਾ ਲਿਖਿਆ ਪੱਤਰ ਜਾਰੀ ਕੀਤਾ। ਉਸ ਵਿਚ ਸਾਫ਼ ਲਿਖਿਆ ਸੀ ਕਿ ਡੋਨਲਡ ਟਰੰਪ ਵਿਸ਼ਾਲਤਾ ਪਸੰਦ ਕਰਦੇ ਹਨ ਪਰ ਉਹ ਕਿਸੇ ਦਾ ਕਿਤੇ ਵੀ ਅਨਾਦਰ ਕਰਨ ਤੋਂ ਝਿਜਕਦੇ ਨਹੀਂ। ਉਨ੍ਹਾਂ ਨੂੰ ਆਲੋਚਨਾ ਕਰਨਾ ਚੰਗਾ ਲਗਦਾ ਹੈ, ਪਰ ਉਹ ਕਲਪਨਾ ਅਤੇ ਸੱਚ ਵਿਚਾਲੇ ਅੰਤਰ ਕਰਨ ਦੇ ਸਮਰਥ ਨਹੀਂ ਹਨ। ਦਿਮਾਗ਼ੀ ਅਸਥਿਰਤਾ ਦਾ ਇਹ ਵੱਡਾ ਤੇ ਤੱਥਪੂਰਨ ਪ੍ਰਮਾਣ ਹੈ। ਮਾਹਰਾਂ ਨੇ ਤਾਂ ਇਹ ਵੀ ਕਿਹਾ ਕਿ ਸਿਰਫ਼ ਮਨੋਵਿਗਿਆਨੀ ਤੋਂ ਪਰੀਖਣ ਕਰਾਉਣ ਨਾਲ ਨਹੀਂ, ਸਗੋਂ ਉਨ੍ਹਾਂ ਦਾ ਪੂਰੀ ਤਰ੍ਹਾਂ ਮੈਡੀਕਲ ਪਰੀਖਣ ਹੋਣਾ ਚਾਹੀਦਾ ਹੈ। ਜਨਵਰੀ ਦੇ ਆਖ਼ਰੀ ਹਫ਼ਤੇ ਵਿਚ ਪ੍ਰੈਕਟਿਸ ਕਰਨ ਵਾਲੇ ਇਕ ਸਾਈਕਾਲੋਜਿਸਟ ਨੇ ਇਸ ਤੋਂ ਵੀ ਅੱਗੇ ਦੀ ਗੱਲ ਕਹੀ ਸੀ। ਉਨ੍ਹਾਂ ਨੇ ਯੂਐਸ ਨਿਊਜ਼ ਐਂਡ ਵਰਲਡ ਰਿਪੋਰਟ ਦੇ ਲੇਖ ਦਾ ਟਾਈਟਲ 'ਟੈਂਪਰਾਮੈਂਟ ਟੈਨਟ੍ਰਮ' ਦਿੱਤਾ ਸੀ। ਉਸ ਵਿਚ ਕਿਹਾ ਸੀ ਕਿ ਰਾਸ਼ਟਰਪਤੀ ਟਰੰਪ ਵਿਚ ਘਾਤਕ ਪੱਧਰ ਦਾ ਅਹੰਕਾਰ ਹੈ। ਉਸ ਕਾਰਨ ਉਹ ਕਿਸੇ ਨਾਲ ਵੀ ਅਤਿ-ਨਿੰਦਣਯੋਗ ਤੇ ਅਸਮਾਜਿਕ ਵਿਹਾਰ ਕਰਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦਿਮਾਗ਼ੀ ਸਿਹਤ ਨੂੰ ਜਾਣਨ-ਸਮਝਣ ਵਾਲੇ ਇਹ ਸਾਰੇ ਮਾਹਰ ਇਕ ਅਜਿਹੇ ਰਾਸ਼ਟਰਪਤੀ ਤੋਂ ਦੇਸ਼ ਨੂੰ ਬਚਾਉਣ ਦੀ ਗੱਲ ਕਰ ਰਹੇ ਹਨ, (ਸਾਡੇ ਸਾਰਿਆਂ ਵਾਂਗ) ਜਿਸ ਦਾ ਵਿਹਾਰ ਬਹੁਤ ਹੀ ਖ਼ਤਰਨਾਕ ਹੈ। ਕੁਝ ਦਿਨ ਪਹਿਲਾਂ ਹੀ ਲੈਟਰ ਟੂ ਐਡੀਟਰ ਵਿਚ 35 ਸਾਈਕਾਲੋਜਿਸਟ, ਸਾਈਕਟ੍ਰਿਸਟ ਅਤੇ ਸਮਾਜਕ ਵਰਕਰਾਂ ਨੇ ਗੰਭੀਰ ਗੱਲਾਂ ਲਿਖੀਆਂ ਸਨ। ਉਨ੍ਹਾਂ ਨੇ ਲਿਖਿਆ ਸੀ, 'ਸਾਨੂੰ ਸਾਰਿਆਂ ਨੂੰ ਡਰ ਹੈ। ਰਾਸ਼ਟਰਪਤੀ ਦੀਆਂ ਗੱਲਾਂ ਵਿਚ ਭਾਵਨਾਤਮਕ ਅਸਥਿਰਤਾ ਹੈ, ਉਹ ਜੋ ਫ਼ੈਸਲੇ ਕਰ ਰਹੇ ਹਨ, ਉਸ ਤੋਂ ਲਗਦਾ ਹੈ ਕਿ ਉਹ ਰਾਸ਼ਟਰਪਤੀ ਵਜੋਂ ਸ਼ਾਸਨ ਚਲਾਉਣ ਦੇ ਯੋਗ ਨਹੀਂ ਹਨ।

('ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ)

# ਟਰੰਪ ਦੀ ਰਾਸ਼ਟਰੀ ਟੀਮ ਦੇ ਏਸ਼ੀਅਨ ਮੈਂਬਰਾਂ ਦਾ ਪਾਕਿ ਭਾਈਚਾਰੇ ਵਲੋਂ ਸਨਮਾਨ

**ਨਿਊਯਾਰਕ/ਬਿਊਰੋ ਨਿਊਜ਼ :** ਟਰੰਪ ਦੀ ਰਾਸ਼ਟਰੀ ਟੀਮ ਦੇ ਦੋ ਏਸ਼ੀਅਨ ਮੈਂਬਰਾਂ, 'ਮੁਸਲਿਮ ਫ਼ਾਰ ਟਰੰਪ' ਦੇ ਸਾਜਿਦ ਤਰਾਰ ਅਤੇ 'ਸਿੱਖਸ ਫ਼ਾਰ ਟਰੰਪ' ਦੇ ਜਸਦੀਪ ਸਿੰਘ ਜੱਸੀ ਨੂੰ ਨਿਊਯਾਰਕ ਸਥਿਤ ਬਰੁਕਲਿਨ ਦੀ ਮੁਸਲਿਮ ਕਮਿਊਨਿਟੀ ਵਲੋਂ ਸਨਮਾਨਿਤ ਕੀਤਾ ਗਿਆ। ਦੋਹਾਂ ਸ਼ਖ਼ਸੀਅਤਾਂ ਨੂੰ ਢੋਲ ਦੇ ਡੱਗੇ ਨਾਲ ਕਮਿਊਨਿਟੀ ਸੈਂਟਰ ਤੋਂ ਰੈਸਟੋਰੈਂਟ ਵਿਚ ਲੈ ਕੇ ਗਏ, ਜਿੱਥੇ ਇਸ਼ਬਾਨ ਬੱਟ ਵਲੋਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਪਾਕਿਸਤਾਨ ਦੇ ਖ਼ੈਰ ਖਵਾਹ, ਜੋ ਅਮਰੀਕਾ ਵਿਚ ਰਹਿੰਦੇ ਹਨ, ਉਨ੍ਹਾਂ ਦਾ ਖ਼ਿਆਲ ਰੱਖਣ ਦਾ ਜ਼ਿਕਰ ਕੀਤਾ। ਸਾਜਿਦ ਤਰਾਰ ਅਤੇ ਜੱਸੀ ਦੀ ਆਮਦ ਵਿਚ ਸਾਜਿਦ ਬੱਟ, ਸੱਯਦ ਰਾਂਝਾ, ਰਜਾਕ ਰਾਂਝਾ, ਮਲਿਕ ਸਾਹਿਬ, ਖ਼ਵਾਜਾ ਫਰੂਕ ਤੇ ਚੌਧਰੀ ਕਾਸਰ ਮੁਸਤਫ਼ਾ ਭੱਟ ਵਲੋਂ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿਚ ਟਰੰਪ ਦੀ ਰਾਸ਼ਟਰੀ ਟੀਮ ਦੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਭਾਈਚਾਰੇ ਦੀਆਂ ਮੁਸ਼ਕਲਾਂ




ਦਾ ਜ਼ਿਕਰ ਕੀਤਾ, ਜਿਸ ਵਿਚ ਦੋਹਰੀ ਨਾਗਰਿਕਤਾ ਅਤੇ ਪਾਕਿਸਤਾਨ ਦੀ ਮਾਲੀ ਮਦਦ ਦਾ ਜ਼ਿਕਰ ਕੀਤਾ ਗਿਆ। ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਰਾਜਨੀਤੀ ਵਿਚ ਆਉਣਾ ਚਾਹੀਦਾ ਹੈ ਕਿਉਂਕਿ ਪਹਿਲੀ ਪੀੜ੍ਹੀ ਨੇ ਕਾਰੋਬਾਰ ਸਥਾਪਤ ਕਰਕੇ ਚੰਗੀ ਤਾਲੀਮ ਦਿੱਤੀ ਹੈ। ਹੁਣ ਨੌਜਵਾਨਾਂ ਨੂੰ ਰਾਜਨੀਤੀ ਵਿਚ ਆ ਕੇ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਸਾਜਿਦ ਤਰਾਰ ਨੇ ਕਿਹਾ ਕਿ ਅੱਜ ਕੱਲ੍ਹ ਮੀਡੀਏ ਨੇ ਦਹਿਸ਼ਤ ਦਾ ਮਾਹੌਲ ਬਣਾ ਛੱਡਿਆ ਹੈ। ਜਦਕਿ ਅਜਿਹਾ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਟਰੰਪ ਵਲੋਂ ਬਿਹਤਰ ਅਮਰੀਕਾ ਅਤੇ ਸੁਰੱਖਿਅਤ ਅਮਰੀਕਾ ਸਬੰਧੀ ਜੋ ਵਾਅਦੇ ਚੋਣਾਂ ਸਮੇਂ ਕੀਤੇ ਸਨ, ਉਸ 'ਤੇ ਪਹਿਰਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਇਸ ਮੁਲਕ ਵਿਚ ਆ ਕੇ ਬੇਨਿਯਮੀਆਂ ਕੀਤੀਆਂ ਹਨ ਜਾਂ ਮਾਹੌਲ ਖ਼ਰਾਬ ਕੀਤਾ ਹੈ, ਉਨ੍ਹਾਂ ਲਈ ਕੋਈ ਜਗ੍ਹਾ ਨਹੀਂ ਹੈ। ਜੋ ਕਾਰੋਬਾਰ ਕਰਦੇ ਹਨ, ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਪਾਕਿਸਤਾਨ-ਅਮਰੀਕਾ ਦੀ ਦੋਹਰੀ ਨਾਗਰਿਕਤਾ ਦੀ ਵਕਾਲਤ ਕਰਨਗੇ ਅਤੇ ਟਰੰਪ ਤੱਕ ਤੁਹਾਡਾ ਸੁਨੇਹਾ ਪਹੁੰਚਾਉਣਗੇ।

ਸਵਾਲ-ਜਵਾਬ ਸੈਸ਼ਨ ਵਿਚ ਕੁਝ ਵਿਅਕਤੀਆਂ ਨੇ ਪਾਕਿ-ਅਮਰੀਕਾ ਦੇ ਸਬੰਧਾਂ, ਦਹਿਸ਼ਤਗਰਦੀ ਨੂੰ ਨੱਥ ਪਾਉਣ ਤੇ ਪਾਕਿ ਨੂੰ ਮਾਲੀ ਮਦਦ ਸੰਬੰਧੀ ਪੁੱਛਿਆ। ਸਾਜਿਦ ਤਰਾਰ ਨੇ ਭਰੋਸਾ ਦਿੱਤਾ ਕਿ ਸਬੰਧ ਹੋਰ ਮਜ਼ਬੂਤ ਹੋਣਗੇ ਅਤੇ ਜਲਦੀ ਦੋਹਾਂ ਮੁਲਕਾਂ ਦੇ ਸਦਰਾਂ ਦੀ ਮੁਲਾਕਾਤ ਹੋਵੇਗੀ ਜਿਸ ਰਾਹੀਂ ਸਬੰਧਾਂ ਦੀ ਮਜ਼ਬੂਤੀ ਦਾ ਜ਼ਿਕਰ ਕੀਤਾ। ਉਨ੍ਹਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਵਲੋਂ ਪਹਿਲ ਕਦਮੀ ਨਾ ਕਰਨ ਦਾ ਜ਼ਿਕਰ ਕੀਤਾ। ਕਮਿਊਨਿਟੀ ਵਲੋਂ ਏਕੇ ਦਾ ਪ੍ਰਤੀਕ ਬਣ ਇਸ ਸਮਾਗਮ ਨੂੰ ਪ੍ਰਭਾਵਸ਼ਾਲੀ ਤੇ ਬਿਹਤਰ ਬਣਾਇਆ, ਜਿਸ ਲਈ ਧੰਨਵਾਦ ਦੇ ਪਾਤਰ ਸਈਦ ਰਜਾ, ਮਲਿਕ, ਨਦੀਮ ਭੱਟ, ਚੌਧਰੀ ਕਾਸਮ ਅਤੇ ਰਜਾਕ ਰਾਂਝਾ ਸਨ। ਸਟੇਜ ਦੀ ਸੇਵਾ ਅਸ਼ਫਾਕ ਵਲੋਂ ਬਹੁਤ ਬਿਹਤਰ ਨਿਭਾਈ ਗਈ।

## ਰੁੱਸਿਆਂ ਨੂੰ ਮਨਾਉਣ ਲਈ ਚੋਣਾਂ ਤੋਂ ਪਹਿਲਾਂ ਅਹੁਦਿਆਂ ਦੇ ਖੁੱਲ੍ਹੇ ਗੱਫੇ ਦਿੱਤੇ 'ਆਪ' ਨੇ

### ਰਵਾਇਤੀ ਪਾਰਟੀਆਂ ਅਕਾਲੀ ਅਤੇ ਕਾਂਗਰਸ ਨੂੰ ਵੀ ਪਿਛੇ ਛੱਡਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਲਈ ਤਿੰਨ ਪ੍ਰਮੁੱਖ ਧਿਰਾਂ ਆਮ ਆਦਮੀ ਪਾਰਟੀ (ਆਪ), ਕਾਂਗਰਸ ਤੇ ਅਕਾਲੀ-ਭਾਜਪਾ ਗਠਜੋੜ ਨੇ ਜਿੱਥੇ ਕਈ ਤਰ੍ਹਾਂ ਦੇ ਪਾਪੜ ਵੇਲੇ, ਉਥੇ ਅਹੁਦੇਦਾਰੀਆਂ ਵੰਡਣ ਵਿੱਚ ਵੀ ਸਾਰੇ ਰਿਕਾਰਡ ਤੋੜ ਦਿੱਤੇ। ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਨੇ ਜਿੱਥੇ ਸਰਕਾਰੀ ਅਦਾਰਿਆਂ ਵਿੱਚ ਚੇਅਰਮੈਨ, ਸੀਨੀਅਰ ਵਾਈਸ ਚੇਅਰਮੈਨ, ਵਾਈਸ ਚੇਅਰਮੈਨ ਤੇ ਡਾਇਰੈਕਟਰ ਨਿਯੁਕਤ ਕਰਨ ਸਮੇਤ ਪਾਰਟੀ ਲਈ ਵੱਡੇ ਪੱਧਰ 'ਤੇ ਅਹੁਦੇਦਾਰੀਆਂ ਵੰਡੀਆਂ, ਉਥੇ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਾਂਗਰਸ ਲਈ ਅਹੁਦੇ ਵੰਡਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਵਾਰ ਪੰਜਾਬ ਦੇ ਸਿਆਸੀ ਅਖਾੜੇ ਵਿੱਚ ਪਹਿਲੀ ਵਾਰ ਨਿੱਤਰੀ 'ਆਪ' ਨੇ ਚੋਣਾਂ ਤੋਂ 35 ਦਿਨ ਪਹਿਲਾਂ ਖੁੱਲ੍ਹ ਕੇ ਅਹੁਦੇ ਰਿਉੜੀਆਂ ਵਾਂਗ ਵੰਡੇ। ਭਾਵੇਂ 'ਆਪ' ਵੱਲੋਂ ਮੁੱਢਲੇ ਦੌਰ ਵਿੱਚ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਅਤੇ ਬਾਅਦ ਵਿੱਚ ਗੁਰਪ੍ਰੀਤ ਸਿੰਘ ਵੜੈਚ ਨੂੰ ਪੰਜਾਬ ਦਾ ਕਨਵੀਨਰ ਨਿਯੁਕਤ ਕਰਕੇ ਬਿਨਾਂ ਢਾਂਚਾ ਬਣਾਇਆਂ ਪੰਜਾਬ ਵਿੱਚ ਝਾੜੂ ਫੇਰਨ ਦੇ ਯਤਨ ਕੀਤੇ ਪਰ ਚੋਣਾਂ ਦੇ ਅਖ਼ੀਰਲੇ ਦੌਰ ਵਿੱਚ ਇਸ ਪਾਰਟੀ ਨੇ ਅਹੁਦੇਦਾਰੀਆਂ ਵੰਡਣ ਦੇ ਮਾਮਲੇ ਵਿੱਚ ਸਾਰਿਆਂ ਨੂੰ ਪਿੱਛੇ ਛੱਡ ਦਿੱਤਾ। ਪਾਰਟੀ ਵਿੱਚ ਵਿਆਪਕ ਪੱਧਰ 'ਤੇ ਸ੍ਰੀ ਛੋਟੇਪੁਰ ਨੂੰ ਕੱਢਣ ਅਤੇ ਟਿਕਟਾਂ ਦੀ ਵੰਡ ਦੌਰਾਨ ਕਈਆਂ ਦੇ ਨਰਾਜ਼ ਹੋਣ ਕਾਰਨ ਲੀਡਰਸ਼ਿਪ ਨੇ ਰੁੱਸਿਆਂ ਨੂੰ ਮਨਾਉਣ ਲਈ ਅਹੁਦਿਆਂ ਦੇ ਖੁੱਲ੍ਹੇ ਗੱਫੇ ਦੇਣੇ ਪਏ ਸਨ। ਜਾਣਕਾਰੀ ਅਨੁਸਾਰ 'ਆਪ' ਨੇ 4 ਫਰਵਰੀ ਨੂੰ ਪਈਆਂ ਵੋਟਾਂ ਤੋਂ 35 ਦਿਨ ਪਹਿਲਾਂ 287 ਅਹੁਦੇਦਾਰ ਨਿਯੁਕਤ ਕੀਤੇ ਸਨ, ਜਿਨ੍ਹਾਂ ਵਿੱਚੋਂ 71 ਪੰਜਾਬ ਪੱਧਰ 'ਤੇ ਮੇਨ ਬਾਡੀ ਵਿੱਚ ਨਿਯੁਕਤੀਆਂ ਕੀਤੀਆਂ ਗਈਆਂ, ਜਦਕਿ 216 ਨਿਯੁਕਤੀਆਂ ਪਾਰਟੀ ਦੇ ਵੱਖ-ਵੱਖ ਵਿੰਗਾਂ ਲਈ ਕੀਤੀਆਂ ਗਈਆਂ ਹਨ। ਇਸ ਸਮੇਂ ਦੌਰਾਨ ਹੀ ਪਾਰਟੀ ਨੇ 19 ਮੀਤ ਪ੍ਰਧਾਨ ਅਤੇ 43 ਜੁਆਇੰਟ ਸਕੱਤਰ ਨਿਯੁਕਤ ਕੀਤੇ, ਜਦਕਿ ਐਸਸੀ/ਐਸਟੀ, ਮਹਿਲਾ, ਯੂਥ, ਘੱਟ ਗਿਣਤੀ, ਕਾਨੂੰਨੀ, ਕਿਸਾਨ, ਸਾਬਕਾ ਫ਼ੌਜੀ, ਬੁੱਧੀਜੀਵੀ, ਮਜ਼ਦੂਰ, ਸ਼ਿਕਾਇਤ ਨਿਵਾਰਣ, ਪ੍ਰਸ਼ਾਸਨ ਤੇ ਪਰਵਾਸੀ ਭਾਰਤੀ ਵਿੰਗਾਂ ਲਈ ਬੇਹਿਸਾਬੇ ਢੰਗ ਨਾਲ ਨਿਯੁਕਤੀਆਂ ਕੀਤੀਆਂ ਗਈਆਂ। 'ਆਪ' ਨੇ ਇਹ ਦੌਰ 30 ਦਸੰਬਰ 2016 ਤੋਂ ਸ਼ੁਰੂ ਕੀਤਾ ਸੀ। ਇਸ ਦਿਨ ਹੀ 'ਆਪ' ਨੇ ਪਾਰਟੀ ਦੀ ਮੇਨ ਬਾਡੀ ਲਈ 11 ਅਤੇ ਹੋਰ ਵਿੰਗਾਂ ਲਈ ਥੋਕ ਵਿੱਚ 63 ਨਿਯੁਕਤੀਆਂ ਕੀਤੀਆਂ ਸਨ। 'ਆਪ' ਨੇ ਚੋਣਾਂ ਤੋਂ ਮਹਿਜ਼ ਦੋ ਦਿਨ ਪਹਿਲਾਂ 2 ਫਰਵਰੀ ਨੂੰ 21 ਨਵੇਂ ਅਹੁਦੇਦਾਰ ਨਿਯੁਕਤ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਛੇ ਮੇਨ ਬਾਡੀ ਅਤੇ 21 ਹੋਰ ਵੱਖ-ਵੱਖ ਵਿੰਗਾਂ ਲਈ ਨਿਯੁਕਤੀਆਂ ਕੀਤੀਆਂ ਸਨ। 'ਆਪ' ਨੇ 9 ਜਨਵਰੀ ਨੂੰ ਮੁੜ 99 ਨਵੀਆਂ ਨਿਯੁਕਤੀਆਂ ਕੀਤੀਆਂ, ਜਿਨ੍ਹਾਂ ਵਿਚੋਂ 28 ਮੇਨ ਬਾਡੀ ਅਤੇ 71 ਵੱਖ-ਵੱਖ ਵਿੰਗਾਂ ਲਈ ਅਹੁਦੇਦਾਰ ਨਿਯੁਕਤ ਕੀਤੇ ਸਨ। ਇਸ ਤੋਂ ਬਾਅਦ 13 ਜਨਵਰੀ ਨੂੰ ਮੁੜ 58 ਨਵੀਆਂ ਨਿਯੁਕਤੀਆ ਕੀਤੀਆਂ, ਜਿਨ੍ਹਾਂ ਵਿਚੋਂ 13 ਮੇਨ ਬਾਡੀ ਅਤੇ 45 ਵੱਖ-ਵੱਖ ਵਿੰਗਾਂ ਲਈ ਅਹੁਦੇਦਾਰ ਨਿਯੁਕਤ ਕੀਤੇ ਸਨ। ਇਸ ਤੋਂ ਬਾਅਦ 19 ਜਨਵਰੀ ਨੂੰ ਮੁੜ ਸੱਤ ਅਹੁਦੇਦਾਰ ਨਿਯੁਕਤ ਕੀਤੇ, ਜਿਨ੍ਹਾਂ ਵਿੱਚੋਂ ਪੰਜ ਮੇਨ ਬਾਡੀ ਤੇ ਦੋ ਹੋਰ ਵਿੰਗਾਂ ਲਈ ਅਹੁਦੇਦਾਰ ਬਣਾਏ ਗਏ ਸਨ। ਇਸ ਤੋਂ ਬਾਅਦ 'ਆਪ' ਨੇ 22 ਜਨਵਰੀ ਨੂੰ 10, 25 ਜਨਵਰੀ ਨੂੰ ਪੰਜ ਅਤੇ 27 ਜਨਵਰੀ ਨੂੰ ਫਿਰ 6 ਨਵੀਆਂ ਨਿਯੁਕਤੀਆਂ ਕੀਤੀਆਂ ਸਨ। ਦਿਲਚਸਪ ਗੱਲ ਇਹ ਹੈ ਕਿ ਇਹ ਸਾਰੀਆਂ ਨਿਯੁਕਤੀਆਂ ਹਵਾ ਵਿੱਚ ਹੀ ਕੀਤੀਆਂ ਗਈਆਂ ਹਨ ਅਤੇ ਕਿਸੇ ਵੀ ਨਿਯੁਕਤ ਕੀਤੇ ਆਗੂ ਨੂੰ ਕੋਈ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ ਗਿਆ।

**ਲਾਮਬੰਦੀ ਲਈ ਜ਼ਰੂਰੀ ਸਨ ਨਿਯੁਕਤੀਆਂ : ਵੜੈਚ**

'ਆਪ' ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਪਾਰਟੀ ਦੇ ਵੱਖ-ਵੱਖ ਯੂਨਿਟਾਂ ਦੀ ਅਗਵਾਈ ਕਰਨ ਲਈ ਵਿਆਪਕ ਨਿਯੁਕਤੀਆਂ ਕਰਨੀਆਂ ਲਾਜ਼ਮੀ ਸਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਵਿਸ਼ਾਲ ਲਾਮਬੰਦੀ ਦੀ ਲੋੜ ਹੁੰਦੀ ਹੈ ਅਤੇ ਇਸ ਪ੍ਰਕਿਰਿਆ ਦੀ ਸਫ਼ਲਤਾ ਲਈ ਚੋਣਾਂ ਦੇ ਅਖ਼ੀਰਲੇ ਪੜਾਅ ਵਿੱਚ ਵੱਡੇ ਪੱਧਰ 'ਤੇ ਵਾਲੰਟੀਅਰਾਂ ਨੂੰ ਜ਼ਿੰਮੇਵਾਰੀਆਂ ਸੌਂਪਣ ਦਾ ਫ਼ੈਸਲਾ ਲਿਆ ਸੀ।

# ਜਿੱਤਿਆ ਹੋਇਆ ਉਮੀਦਵਾਰ ਹੀ ਹੋਵੇਗਾ ਮੁੱਖ ਮੰਤਰੀ, ਹਾਰਿਆ ਹੋਇਆ ਦੌੜ 'ਚੋਂ ਬਾਹਰ : ਗੁਰਪ੍ਰੀਤ ਵੜੈਚ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ 'ਆਪ' ਦੀ ਸਰਕਾਰ ਬਣਨ ਦੀ ਸੂਰਤ ਵਿੱਚ ਪਾਰਟੀ ਦਾ ਵਿਧਾਇਕ ਹੀ ਮੁੱਖ ਮੰਤਰੀ ਬਣੇਗਾ। ਉਨ੍ਹਾਂ ਅਸਿੱਧੇ ਢੰਗ ਨਾਲ ਸਪਸ਼ਟ ਕਰ ਦਿੱਤਾ ਕਿ ਚੋਣ ਨਾ ਲੜਨ ਵਾਲੇ ਜਾਂ ਹਾਰਨ ਵਾਲੇ ਆਗੂ ਨੂੰ ਮੁੱਖ ਮੰਤਰੀ ਦਾ ਅਹੁਦਾ ਕਿਸੇ ਵੀ ਹਾਲਤ ਵਿੱਚ ਨਹੀਂ ਦਿੱਤਾ ਜਾਵੇਗਾ। ਪਾਰਟੀ ਦੇ ਸੰਸਦ ਮੈਂਬਰ ਅਤੇ ਪੰਜਾਬ ਦੀ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ ਜਲਾਲਾਬਾਦ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਦਿੱਲੀ ਤੋਂ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਲੰਬੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਚੋਣ ਲੜੇ ਜਰਨੈਲ ਸਿੰਘ ਮੁੱਖ ਮੰਤਰੀ ਅਹੁਦੇ ਦੇ ਪ੍ਰਮੁੱਖ ਦਾਅਵੇਦਾਰ ਹਨ। ਇਨ੍ਹਾਂ ਦੋਵਾਂ ਆਗੂਆਂ ਦਾ ਮੌਜੂਦਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨਾਲ ਸਖ਼ਤ ਮੁਕਾਬਲਾ ਹੈ ਤੇ ਖ਼ਾਸ ਕਰਕੇ ਸਮੁੱਚੀ ਚੋਣ ਪ੍ਰਕਿਰਿਆ ਨੂੰ ਆਪਣੇ ਬਲਬੂਤੇ 'ਤੇ ਚਲਾਉਣ ਵਾਲੇ ਭਗਵੰਤ ਮਾਨ ਮੁੱਖ ਮੰਤਰੀ ਅਹੁਦੇ ਲਈ ਸਭ ਤੋਂ ਵੱਡੇ ਦਾਅਵੇਦਾਰ ਹਨ। ਗੁਰਪ੍ਰੀਤ ਸਿੰਘ ਵੜੈਚ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਪੁੱਛਿਆ ਕਿ 'ਆਪ' ਦੀ ਸਰਕਾਰ ਬਣਨ 'ਤੇ ਉਹ ਕਿਹੜੇ ਵਿਭਾਗ ਦੇ ਮੰਤਰੀ ਬਣਨਗੇ ਤਾਂ ਉਨ੍ਹਾਂ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਕਿ ਉਹ ਬਤੌਰ ਕਨਵੀਨਰ ਵਿਭਾਗ ਵੰਡਣ ਦੀ ਜ਼ਿੰਮੇਵਾਰੀ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਅਕਾਲੀ ਦਲ, ਕਾਂਗਰਸ ਤੇ ਭਾਜਪਾ ਆਪਣੀ ਹਾਰ ਨੂੰ ਦੇਖਦਿਆਂ ਬੁਖਲਾਹਟ ਵਿੱਚ ਹੁਣ 'ਆਪ' ਦਾ ਨਾਮ ਗੈਂਗਸਟਰਾਂ ਨਾਲ ਜੋੜ ਰਹੇ ਹਨ, ਜਦੋਂਕਿ ਪਹਿਲਾਂ ਉਹ ਪਾਰਟੀ ਨੂੰ ਖਾਲਿਸਤਾਨੀਆਂ ਅਤੇ ਨਕਸਲਬਾੜੀਆਂ ਨਾਲ ਵੀ ਜੋੜਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਗੈਂਗਸਟਰ ਗੁਰਪ੍ਰੀਤ ਸੇਖੋਂ ਜਿਹੜੇ ਪਰਵਾਸੀ ਭਾਰਤੀ ਦੇ ਘਰੋਂ ਮਿਲਿਆ ਹੈ, ਉਸ ਪਰਵਾਸੀ ਭਾਰਤੀ ਦਾ ਸਿੱਧੇ ਤੌਰ 'ਤੇ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲੰਬੀ ਅਤੇ ਪਟਿਆਲਾ ਦੋਵਾਂ ਹਲਕਿਆਂ ਤੋਂ ਚੋਣ ਹਾਰਨਗੇ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਚੋਣ ਕਮਿਸ਼ਨ ਨੇ ਵਧੀਆ ਕੰਮ ਕੀਤਾ ਹੈ ਅਤੇ ਸਟਰੌਂਗ ਰੂਮਾਂ ਦੀਆਂ ਆ ਰਹੀਆਂ ਸ਼ਿਕਾਇਤਾਂ ਬਾਰੇ ਵੀ ਕਮਿਸ਼ਨ ਨੂੰ ਪੂਰੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

# ਸਿਆਸੀ ਭੰਬਲਭੂਸੇ ਦੌਰਾਨ ਕਾਂਗਰਸ ਤੇ 'ਆਪ' ਦਾ ਪਾਣੀ ਭਰਨ ਲੱਗੇ ਅਫ਼ਸਰ

## ਬਾਦਲ ਸਰਕਾਰ ਨੂੰ ਖ਼ੁਸ਼ ਕਰਨ ਲਈ ਪਰਚੇ ਦਰਜ ਕਰਨ ਵਾਲੇ ਅਫ਼ਸਰ ਵੀ ਦੌੜ 'ਚ ਸ਼ਾਮਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਵੱਲੋਂ ਨਿਭਾਈ ਖਾਮੋਸ਼ ਭੂਮਿਕਾ ਕਾਰਨ ਸਿਆਸੀ ਤੌਰ 'ਤੇ ਭਾਵੇਂ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ ਪਰ ਸੀਨੀਅਰ ਆਈਏਐਸ ਤੇ ਆਈਪੀਐਸ ਅਧਿਕਾਰੀਆਂ ਨੇ ਭਵਿੱਖ ਦੀ ਸਰਕਾਰ ਵਿੱਚ ਅਹੁਦੇ ਹਾਸਲ ਕਰਨ ਲਈ ਜੋੜ-ਤੋੜ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੀ ਰਿਪੋਰਟ ਅਨੁਸਾਰ ਬਦਲੀਆਂ ਹੋਈਆਂ ਰਾਜਸੀ ਪ੍ਰਸਥਿਤੀਆਂ ਵਿੱਚ ਅਫ਼ਸਰਾਂ ਵੱਲੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਆਗੂਆਂ ਨਾਲ ਨੇੜਤਾ ਬਣਾਈ ਜਾ ਰਹੀ ਹੈ। 'ਆਪ' ਆਗੂਆਂ ਤੱਕ ਪਹੁੰਚ ਲਈ ਸਾਬਕਾ ਪੱਤਰਕਾਰਾਂ ਦੀ ਮਦਦ ਲਈ ਜਾ ਰਹੀ ਹੈ, ਜਦੋਂ ਕਿ ਕਾਂਗਰਸ ਤੱਕ ਅਫ਼ਸਰਾਂ ਦੀ ਪਹੁੰਚ ਸੁਖਾਲੀ ਕਰਨ ਲਈ ਡੀਜੀਪੀ ਰੈਂਕ ਦਾ ਇਕ ਅਧਿਕਾਰੀ ਕੇਂਦਰ ਬਿੰਦੂ ਬਣਿਆ ਹੋਇਆ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਦਰਜਨ ਦੇ ਕਰੀਬ ਆਈਜੀ, ਡੀਆਈਜੀ ਅਤੇ ਐਸਪੀ ਰੈਂਕ ਦੇ ਅਧਿਕਾਰੀਆਂ ਨੇ 'ਆਪ' ਤੱਕ ਪਹੁੰਚ ਬਣਾ ਲਈ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਅਜਿਹੇ ਆਗੂ ਹਨ, ਜਿਨ੍ਹਾਂ ਬਾਦਲ ਸਰਕਾਰ ਨੂੰ ਖ਼ੁਸ਼ ਕਰਨ ਲਈ ਵਿਰੋਧੀਆਂ 'ਤੇ ਪਰਚੇ ਦਰਜ ਕਰਨ ਵਿੱਚ ਕਸਰ ਨਹੀਂ ਸੀ ਛੱਡੀ। ਸਕੱਤਰੇਤ ਦੇ ਗਲਿਆਰਿਆਂ ਵਿੱਚ ਭਾਰੀ ਚਰਚਾ ਹੈ ਕਿ ਮੁੱਖ ਸਕੱਤਰ, ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਅਤੇ ਡੀਜੀਪੀ ਰੈਂਕ ਲਈ ਅਧਿਕਾਰੀਆਂ ਵੱਲੋਂ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਕਈ ਸੀਨੀਅਰ ਅਧਿਕਾਰੀਆਂ ਵੱਲੋਂ ਆਪਣੇ ਮੌਜੂਦਾ ਅਹੁਦੇ ਕਾਇਮ ਰੱਖਣ ਲਈ ਵੀ ਹੁਣੇ ਤੋਂ ਜ਼ੋਰ ਅਜ਼ਮਾਈ ਕੀਤੀ ਜਾਣ ਲੱਗੀ ਹੈ। ਰਾਜ ਦੇ ਇਕ ਸੀਨੀਅਰ ਅਧਿਕਾਰੀ ਨੇ ਇਕ ਸੇਵਾਮੁਕਤ ਵਧੀਕ ਡੀਜੀਪੀ ਦੀਆਂ ਸੇਵਾਵਾਂ ਲੈਣ ਲਈ ਕਈ ਦਿਨ ਦਿੱਲੀ ਵਿੱਚ ਵੀ ਡੇਰੇ ਲਾਈ ਰੱਖੇ। ਇਹ ਅਧਿਕਾਰੀ ਕੇਂਦਰ ਵਿੱਚ ਕੋਈ ਅਹੁਦਾ



ਹਾਸਲ ਕਰਨ ਦੀ ਝਾਕ ਵਿੱਚ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਪਿਛਲੇ ਦਿਨਾਂ ਦੌਰਾਨ ਮੁੱਖ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਨੇ ਵੀ ਸਾਬਕਾ ਮੁੱਖ ਮੰਤਰੀ ਤੇ ਭਵਿੱਖੀ ਮੁੱਖ ਮੰਤਰੀ ਮੰਨੇ ਜਾਂਦੇ ਆਗੂ ਨਾਲ ਮੀਟਿੰਗ ਕੀਤੀ ਤਾਂ ਜੋ ਗਿਲੇ ਸ਼ਿਕਵੇ ਦੂਰ ਕੀਤੇ ਜਾ ਸਕਣ। ਪੰਜਾਬ ਪੁਲੀਸ ਦੇ ਇਕ ਸੀਆਈਡੀ ਅਧਿਕਾਰੀ ਵੱਲੋਂ 'ਆਪ' ਨੂੰ ਰਿਪੋਰਟ ਦਿੱਤੀ ਜਾਣ ਲੱਗੀ ਹੈ। ਇੱਥੋਂ ਤੱਕ ਕਿ 1990 ਬੈਚ ਦੇ ਇਕ ਅਧਿਕਾਰੀ ਨੂੰ 'ਆਪ' ਦੀ ਸਰਕਾਰ ਬਣਨ 'ਤੇ ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਨਿਯੁਕਤ ਹੋਣ ਦੇ ਦਾਅਵੇ ਵੀ ਕੀਤੇ ਜਾਣ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਸਮੁੱਚੀ ਅਫਸਰਸ਼ਾਹੀ ਇਕ ਤਰ੍ਹਾਂ ਨਾਲ ਵਿਹਲੀ ਹੈ। ਸਾਧਾਰਨ ਮੀਟਿੰਗਾਂ ਤੋਂ ਬਾਅਦ ਵਿਭਾਗੀ ਕੰਮਕਾਜ ਪੂਰੀ ਤਰ੍ਹਾਂ ਠੱਪ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਦੇਸ਼ ਹੋਣ ਕਾਰਨ ਅਫ਼ਸਰਾਂ ਉਪਰ ਕੰਮ ਦਾ ਭਾਰ ਹੋਰ ਘਟ ਗਿਆ ਹੈ। ਜ਼ਿਕਰਯੋਗ ਹੈ ਕਿ 2012 ਦੀਆਂ ਚੋਣਾਂ ਦੌਰਾਨ ਵੀ ਅਫ਼ਸਰਸ਼ਾਹੀ ਨੇ ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੇ ਨੇੜਲਿਆਂ ਤੱਕ ਪਹੁੰਚ ਬਣਾ ਲਈ ਸੀ। ਉਦੋਂ ਨਤੀਜੇ ਅਕਾਲੀ ਦਲ ਤੇ ਭਾਜਪਾ ਪੱਖੀ ਨਿਕਲੇ ਤਾਂ ਅਫ਼ਸਰਾਂ ਨੂੰ ਸਦਮੇ ਵਿਚੋਂ ਨਿਕਲਣ ਲਈ ਕਈ ਮਹੀਨੇ ਲੱਗੇ ਅਤੇ ਕਈਆਂ ਦੀ ਤਾਂ ਗੱਡੀ ਲੀਹ 'ਤੇ ਚੜ੍ਹੀ ਹੀ ਨਹੀਂ।

ਡੀਜੀਪੀ ਬਣਨ ਲਈ ਕਾਹਲਾ ਪਿਆ ਇਕ ਅਧਿਕਾਰੀ

ਪੰਜਾਬ ਪੁਲੀਸ ਦੇ ਡੀਜੀਪੀ ਰੈਂਕ ਦੇ ਇਕ ਅਧਿਕਾਰੀ ਨੇ ਤਾਂ ਮਾਮਲਾ ਸਿਰੇ ਲਾ ਦਿੱਤਾ ਹੈ। ਇਸ ਅਧਿਕਾਰੀ ਵੱਲੋਂ ਆਈਪੀਐਸ ਅਫ਼ਸਰਾਂ ਦੇ ਵਟਸਐਪ ਗਰੁੱਪ 'ਤੇ ਕਾਂਗਰਸ ਦੀ ਸਰਕਾਰ ਬਣਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਅਧਿਕਾਰੀ ਵੱਲੋਂ ਪੰਜਾਬ ਦਾ ਭਵਿੱਖੀ ਡੀਜੀਪੀ ਹੋਣ ਦਾ ਦਾਅਵਾ ਤਾਂ ਕੀਤਾ ਹੀ ਜਾ ਰਿਹਾ ਹੈ, ਸਗੋਂ ਅਸਿੱਧੇ ਤੌਰ 'ਤੇ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਜਾ ਰਿਹਾ ਹੈ ਕਿ ਕਾਂਗਰਸ ਸਰਕਾਰ ਵਿੱਚ ਅਹਿਮ ਅਹੁਦਾ ਵੀ ਦਿਵਾਇਆ ਜਾ ਸਕਦਾ ਹੈ।

# ਬਾਦਲਾਂ ਨੇ ਨਵੀਂ ਸਰਕਾਰ ਦਾ ਰਾਹ ਔਖਾ ਕੀਤਾ

## ਕਰਜ਼ਾ ਅਤੇ ਵਿਆਜ ਦੀ ਕਿਸ਼ਤ 15000 ਕਰੋੜ ਸਾਲਾਨਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਨਵੀਂ ਸਰਕਾਰ ਬਾਰੇ ਕਈ ਤਰ੍ਹਾਂ ਦੇ ਅੰਦਾਜ਼ੇ ਲੱਗ ਰਹੇ ਹਨ ਪਰ ਇਕ ਗੱਲ ਜੋ ਸਪਸ਼ਟ ਤੌਰ 'ਤੇ ਨਜ਼ਰ ਆ ਰਹੀ ਹੈ, ਉਹ ਇਹ ਹੈ ਕਿ ਸੂਬੇ ਦੀ ਆਰਥਕ ਸਥਿਤੀ ਡਾਵਾਂਡੋਲ ਹੈ ਅਤੇ ਆਉਣ ਵਾਲੀ ਸਰਕਾਰ ਲਈ ਰਾਹ ਸੁਖਾਲਾ ਨਹੀਂ ਹੋਵੇਗਾ।

ਸਿਆਸੀ ਮਾਹਰਾਂ ਅਤੇ ਅੰਕੜਿਆਂ ਦਾ ਹਿਸਾਬ-ਕਿਤਾਬ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਮੌਜੂਦਾ ਗਠਜੋੜ ਯਾਨੀ ਅਕਾਲੀ-ਭਾਜਪਾ ਨੂੰ 20 ਸੀਟਾਂ ਤੋਂ ਵੱਧ ਨਹੀਂ ਮਿਲਣੀਆਂ, ਜਦਕਿ ਨੰਬਰ ਇਕ 'ਤੇ ਕਾਂਗਰਸ ਆ ਸਕਦੀ ਹੈ ਜਿਸ ਨੂੰ 50 ਤੋਂ 55 ਸੀਟਾਂ ਮਿਲ ਸਕਦੀਆਂ ਹਨ ਅਤੇ ਆਮ ਆਦਮੀ ਪਾਰਟੀ 40 ਤੋਂ 45 ਹਲਕਿਆਂ ਵਿਚ ਕਾਮਯਾਬ ਹੋ ਸਕਦੀ ਹੈ। ਆਜ਼ਾਦ ਉਮੀਦਵਾਰਾਂ ਨੂੰ ਵੀ 2 ਤੋਂ 4 ਸੀਟਾਂ ਮਿਲਣ ਦੀ ਸੰਭਾਵਨਾ ਹੈ। ਇਸ ਭੰਬਲਭੂਸੇ ਵਾਲੀ ਸਥਿਤੀ ਬਾਰੇ ਜਦੋਂ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਸਿਰਕੱਢ ਸਿਆਸੀ ਲੀਡਰਾਂ ਨਾਲ ਗੱਲ ਕੀਤੀ ਗਈ ਤਾਂ ਅਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਹਰ ਇਕ ਨੇ ਵੱਖੋ ਵਖਰਾ ਰਾਗ ਅਲਾਪਿਆ। ਕਾਂਗਰਸੀ ਆਗੂ ਜੋ ਪਿਛਲੇ 40 ਸਾਲ ਤੋਂ ਸਿਆਸਤ ਵਿਚ ਹੈ, ਨੇ ਕਿਹਾ ਕਿ ਅਕਾਲੀ ਨੇਤਾਵਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰ ਦਿਤਾ ਅਤੇ ਨਵੀਂ ਸਰਕਾਰ ਲਈ ਖਾਈ ਖੋਦੀ। ਸੂਬੇ ਸਿਰ ਕਰਜ਼ੇ ਦੀ ਪੰਡ 1.60 ਲੱਖ ਕਰੋੜ 'ਤੇ ਪਹੁੰਚ ਚੁੱਕੀ ਹੈ ਜਿਸ ਦੀ ਮੂਲ ਕਿਸਤ ਤੇ ਵਿਆਜ ਪਾ ਕੇ ਸਾਲਾਨਾ ਕਿਸ਼ਤ 15000 ਕਰੋੜ ਬਣਦੀ ਹੈ। ਇਸ ਲੀਡਰ ਦਾ ਕਹਿਣਾ ਹੈ ਕਿ ਵੱਡੇ ਬਾਦਲ ਤੇ ਸੁਖਬੀਰ ਬਾਦਲ ਦੀਆਂ ਗਲਤ ਚਾਲਾਂ ਤੇ ਨੀਤੀਆਂ ਕਾਰਨ ਨਵੀਂ ਸਰਕਾਰ 'ਤੇ ਵੱਡਾ ਆਰਥਿਕ ਸੰਕਟ ਖੜ੍ਹਾ ਹੋ ਜਾਵੇਗਾ।

ਕਰਮਚਾਰੀਆਂ ਦੀਆਂ ਤਨਖ਼ਾਹਾਂ ਦੇਣ ਨੂੰ ਪੈਸੇ ਨਹੀਂ, ਕਈ ਹਜ਼ਾਰਾਂ ਮੁਲਾਜ਼ਮਾਂ ਦੀਆਂ 6 ਮਹੀਨੇ ਤੋਂ ਬਕਾਇਆ ਤੇ ਦੇਣਦਾਰੀਆਂ ਉਂਜ ਹੀ ਵੱਟੇ ਖਾਤੇ ਪਾ ਦਿਤੀਆਂ ਹਨ, ਉਪਰੋਂ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦੇ ਕਿਵੇਂ ਪੂਰੇ ਹੋਣਗੇ? ਕਾਂਗਰਸੀ ਨੇਤਾਵਾਂ ਦਾ ਕਹਿਣਾ ਹੈ ਕਿ ਕਿਸਾਨਾਂ



ਦੇ ਕਰਜ਼ੇ ਮੁਆਫ਼ ਕਰਨਾ, ਨੌਜਵਾਨਾਂ ਨੂੰ 25 ਲੱਖ ਨੌਕਰੀਆਂ ਦੇਣੀਆਂ ਅਸੰਭਵ ਹਨ, ਸਾਲਾਨਾ ਮਾਲੀਆ ਵਧਾਉਣਾ ਮੁਮਕਿਨ ਨਹੀਂ ਹੈ ਅਤੇ ਬਾਹਰੀ ਮਦਦ ਨਾਲ ਬਣਨ ਵਾਲੀ ਸਰਕਾਰ ਡੇਢ-ਦੋ ਸਾਲ ਹੀ ਚੱਲ ਸਕੇਗੀ। ਕਾਂਗਰਸੀ ਲੀਡਰਾਂ ਦੀ ਸੋਚ ਹੈ ਕਿ ਸੁਖਬੀਰ ਬਾਦਲ ਨੇ ਜਾਣ ਬੁਝ ਕੇ, ਸੰਗਤ ਦਰਸ਼ਨਾਂ ਵਿਚ ਗਰਾਂਟਾ ਦੀ ਬਾਰਸ਼ ਕਰ ਕੇ ਵੋਟਰਾਂ ਨੂੰ ਭਰਮਾਉਣ ਲਈ ਗੈਰ ਕਾਨੂੰਨੀ ਅਤੇ ਉਲਟੇ ਆਰਥਿਕ ਫ਼ੈਸਲੇ ਲਏ ਤੇ ਆਪ ਹੁਦਰੀਆਂ ਕੀਤੀਆਂ। ਦੂਜੇ ਪਾਸੇ ਭਾਜਪਾ ਦੇ ਸਿਆਸੀ ਲੋਕਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਦੀਆਂ ਮਾੜੀਆਂ ਨੀਤੀਆਂ ਦਾ ਖਮਿਆਜ਼ਾ ਸਾਨੂੰ ਵੀ ਭੁਗਤਣਾ ਪਊ ਅਤੇ ਲੱਖ ਪ੍ਰਚਾਰ ਦੇ ਬਾਵਜੂਦ 23 ਉਮੀਦਵਾਰਾਂ ਵਿਚੋਂ 4 ਸੀਟਾਂ ਤੋਂ ਵੱਧ ਨਹੀਂ ਪ੍ਰਾਪਤ ਹੋ ਸਕਦੀਆਂ। ਅਕਾਲੀ ਨੇਤਾਵਾਂ ਦੀ ਇਹ ਵੀ ਸੋਚ ਹੈ ਕਿ ਕਿਸੇ ਵੀ ਸੂਰਤ ਵਿਚ 'ਆਪ' ਬਹੁਮਤ ਨਾ ਲਵੇ ਜੇ ਲੀਡਿੰਗ ਪਾਰਟੀ 'ਆਪ' ਆਈ ਤਾਂ ਅਕਾਲੀ ਦਲ ਵਲੋਂ ਕਾਂਗਰਸ ਨੂੰ ਬਾਹਰੋਂ ਸਮਰਥਨ ਦਿੱਤਾ ਜਾਵੇਗਾ ਤਾਂ ਕਿ ਬਾਦਲ ਪਰਿਵਾਰ ਦੇ ਪੋਤੜੇ ਨਾ ਫ਼ਰੋਲੇ ਜਾ ਸਕਣ। ਅਕਾਲੀ ਦਲ ਨੇ ਪ੍ਰਬੰਧ ਕਰ ਲਿਆ ਹੈ ਕਿ ਹਰ ਹੀਲੇ ਕਾਂਗਰਸ ਨੂੰ ਤਾਕਤ ਵਿਚ ਲਿਆਉਣਾ ਹੈ ਅਤੇ 2019 ਦੀਆਂ ਲੋਕ ਸਭਾ ਚੋਣਾਂ ਦੇ ਨਾਲ ਹੀ ਅਕਾਲੀ ਦਲ, ਮੱਧਕਾਲੀ ਚੋਣਾਂ ਦਾ ਲਾਭ ਖੱਟਣ ਜੋਗੇ ਹੋ ਜਾਣ।

# 350 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਨੇ ਨਿਤੀਸ਼ ਦਾ ਕੀਤਾ ਸਨਮਾਨ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਸਵੇਂ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਪ੍ਰਕਾਸ਼ ਪੁਰਬ ਬਿਹਾਰ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਮਗਰੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਹੋਰਨਾਂ ਅਧਿਕਾਰੀਆਂ ਸਮੇਤ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਉਨ੍ਹਾਂ ਦਾ ਸਨਮਾਨ ਕੀਤਾ।

ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਖਿਆ ਕਿ ਉਹ ਗੁਰੂ ਘਰ ਵਿਖੇ ਸ਼ੁਕਰਾਨੇ ਵਜੋਂ ਨਤਮਸਤਕ ਹੋਣ ਆਏ ਹਨ ਅਤੇ ਉਨ੍ਹਾਂ ਨੂੰ ਇਥੇ ਆ ਕੇ ਬਹੁਤ ਖੁਸ਼ੀ ਮਿਲੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿਚ ਵਾਤਾਵਰਣ ਸੰਭਾਲ ਲਈ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਲਈ ਅਤੇ ਇਸੇ ਤਰਜ਼ 'ਤੇ ਬਿਹਾਰ ਵਿਚ ਵੀ ਵਾਤਾਵਰਣ ਸੰਭਾਲ ਲਈ ਯਤਨ ਕੀਤਾ ਜਾਵੇਗਾ।

ਉਨ੍ਹਾਂ ਇਤਿਹਾਸਕ ਜਲਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਵੀ ਫੁਲ ਮਾਲਾ ਭੇਟ ਕੀਤੀ। ਉਹ ਪਹਿਲੀ ਵਾਰ ਸ਼ਹੀਦੀ ਸਮਾਰਕ 'ਤੇ ਆਏ ਹਨ, ਜਦੋਂਕਿ ਵਿਦਿਆਰਥੀ ਸਮੇਂ ਤੋਂ ਲੈ ਕੇ ਉਹ ਇਥੇ ਆਉਣਾ ਚਾਹੁੰਦੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਬੜੀ ਸ਼ਰਧਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕੀਤੀ ਅਤੇ ਸੱਚਖੰਡ ਵਿਖੇ ਮੱਥਾ ਟੇਕਿਆ, ਜਿਥੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਘੰਟਾ ਘਰ ਵਾਲੇ ਪਾਸੇ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੇ ਸਨਮਾਨ ਵਾਸਤੇ ਵਿਸ਼ੇਸ਼ ਪੰਡਾਲ ਬਣਾਇਆ ਗਿਆ ਸੀ, ਜਿਥੇ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਹੋਰਨਾਂ ਮੈਂਬਰਾਂ ਵਲੋਂ ਨਿਤੀਸ਼ ਕੁਮਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸ੍ਰੀ ਸਾਹਿਬ, ਸਿਰੋਪਾਓ ਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਉਨ੍ਹਾਂ ਨਾਲ ਆਏ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬਿਹਾਰ ਦੇ ਮੁੱਖ ਮੰਤਰੀ ਨੂੰ ਆਖਿਆ ਕਿ ਸਿੱਖ ਜਗਤ ਉਨ੍ਹਾਂ ਨੂੰ ਪਟਨਾ ਸਾਹਿਬ ਵਿਖੇ ਨਿਭਾਈਆਂ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨਾ ਚਾਹੁੰਦਾ ਹੈ, ਇਸ ਲਈ ਉਹ ਆਪਣੇ ਰੁਝੇਵਿਆਂ ਵਿਚੋਂ ਸਮਾਂ ਦੇਣ। ਪ੍ਰੋ. ਬਡੂੰਗਰ ਨੇ ਦੱਸਿਆ ਸ਼੍ਰੋਮਣੀ ਕਮੇਟੀ ਹੋਲਾ ਮਹੱਲਾ ਜਾਂ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਆਖਿਆ ਕਿ ਉਹ ਇਸ ਸਬੰਧੀ ਸਮਾਂ ਨਿਸ਼ਚਿਤ ਕਰਕੇ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕਰਨਗੇ।

ਪਰਿਕਮਾ ਵਿੱਚ ਮੀਡੀਆ ਅਤੇ ਸ਼੍ਰੋਮਣੀ ਕਮੇਟੀ ਟਾਸਕ ਫੋਰਸ ਵਿਚਾਲੇ ਹਲਕੀ ਖਿੱਚ ਧੂਹ ਵੀ ਹੋਈ। ਟਾਸਕ ਫੋਰਸ ਵਲੋਂ ਕਈ ਥਾਵਾਂ 'ਤੇ ਫੋਟੋਗਰਾਫਰਾਂ ਅਤੇ ਇਲੈਕਟ੍ਰੋਨਿਕ ਮੀਡੀਆ ਨੂੰ ਰੋਕਣ ਦਾ ਯਤਨ ਕੀਤਾ ਗਿਆ, ਜਿਸ ਕਾਰਨ ਦੋਵਾਂ ਧਿਰਾਂ ਵਿਚਾਲੇ ਤਕਰਾਰ ਵੀ ਹੋਈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰਨਾਂ ਨੇ ਆਖਿਆ ਕਿ ਭਵਿੱਖ ਵਿਚ ਅਨੁਸ਼ਾਸਨ ਕਾਇਮ ਰੱਖਣ ਲਈ ਯਤਨ ਕੀਤਾ ਜਾਵੇਗਾ।

ਨਿਤੀਸ਼ ਕੁਮਾਰ ਨੂੰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵਲੋਂ ਸਿਰੋਪਾਓ ਦੇ ਨਾਲ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਇਕ ਨਵੇਂ ਰੁਝਾਨ ਦੀ ਨੀਂਹ ਰੱਖੀ ਗਈ। ਹੁਣ ਤਕ ਸੱਚਖੰਡ ਵਿਖੇ ਮੱਥਾ ਟੇਕਣ ਆਈਆਂ ਵਿਸ਼ੇਸ਼ ਸ਼ਖਸੀਅਤਾਂ ਨੂੰ ਹਰ ਵਾਰ ਸਿਰੋਪਾਓ ਦੇ ਕੇ ਹੀ ਸਨਮਾਨਿਤ ਕੀਤਾ ਗਿਆ ਹੈ ਜਦੋਂਕਿ ਪ੍ਰਸਾਦਿ ਵਜੋਂ ਪਤਾਸੇ ਵੀ ਦਿੱਤੇ ਜਾਂਦੇ ਰਹੇ ਹਨ। ਇਸੇ ਤਰ੍ਹਾਂ ਜਦੋਂ ਫੁੱਲਾਂ ਦੇ ਹਾਰ ਚੜ੍ਹਾਏ ਜਾਂਦੇ ਸਨ ਤਾਂ ਹਾਰ ਚੜ੍ਹਾਉਣ ਵਾਲੇ ਨੂੰ ਪ੍ਰਸਾਦਿ ਵਜੋਂ ਫੁੱਲਾਂ ਦਾ ਹਾਰ ਹੀ ਹੱਥ ਵਿਚ ਸੌਂਪਿਆ ਜਾਂਦਾ ਸੀ। ਪਰ ਹੁਣ ਫੁੱਲਾਂ ਦੇ ਹਾਰ ਚੜ੍ਹਾਉਣ ਦਾ ਰੁਝਾਨ ਖ਼ਤਮ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਵਿਚ ਲੰਮਾ ਸਮਾਂ ਸਕੱਤਰ ਅਤੇ ਮੁੱਖ ਸਕੱਤਰ ਰਹੇ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿੱਖ ਕੌਮ ਵਲੋਂ ਸਨਮਾਨ ਦੇਣਾ ਬਣਦਾ ਹੈ ਪਰ ਸੱਚਖੰਡ ਵਿਖੇ ਨਵੇਂ ਰੁਝਾਨ ਅਤੇ ਨਵੀਆਂ ਪਿਰਤਾਂ ਤੋਂ ਬਚਣਾ ਚਾਹੀਦਾ ਹੈ।

## ਬਿਹਾਰ ਦੇ ਲੋਕਾਂ ਨੂੰ ਮਿਲ ਕੇ ਨਿਤੀਸ਼ ਹੋਏ ਖ਼ੁਸ਼

ਜਲੰਧਰ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸੀਚੇਵਾਲ ਤੇ ਸੁਲਤਾਨਪੁਰ ਦੇ ਦੌਰੇ ਦੌਰਾਨ ਬਿਹਾਰ ਦੇ ਲੋਕਾਂ ਨੂੰ ਮਿਲਣ ਸਮੇਂ ਬਾਗ਼ੋਬਾਗ਼ ਹੋ ਗਏ। ਇਤਫ਼ਾਕ ਵਜੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਿਰਮਲ ਕੁਟੀਆ ਵਿੱਚ ਪੁਹੰਚੇ ਤਾਂ ਕੁਟੀਆ ਵਿੱਚ ਚੱਲ ਰਹੇ ਨਵਾਂ ਨਨਕਾਣਾ ਸਕੂਲ ਦਾ ਪ੍ਰਿੰਸੀਪਲ ਭੂਸ਼ਣ ਵੀ ਬਿਹਾਰੀ ਹੈ, ਜੋ ਕਿ ਹੁਣ ਪੱਗ ਬੰਨ ਰਿਹਾ ਹੈ ਤੇ ਪੂਰਨ ਸਿੱਖ ਬਣਿਆ ਹੋਇਆ ਹੈ। ਨਿਤੀਸ਼ ਕੁਮਾਰ ਨੂੰ ਮਿਲਣ ਤੋਂ ਬਾਅਦ ਪ੍ਰਿੰਸੀਪਲ ਭੂਸ਼ਣ ਨੇ ਦੱਸਿਆ ਕਿ 15 ਸਾਲ ਪਹਿਲਾਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਟਾਹਲੀ ਦੇ ਰੁੱਖ ਹੇਠ ਨਵਾਂ ਨਨਕਾਣਾ ਸਕੂਲ ਚਲਾਇਆ ਸੀ, ਜਿਸ ਵਿੱਚ ਬਿਹਾਰ ਅਤੇ ਉਤਰ ਪ੍ਰਦੇਸ਼ ਤੋਂ ਆਏ ਪਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਸ਼ੁਰੂ ਕੀਤਾ ਸੀ। 2008 ਵਿੱਚ ਡਾ. ਏ.ਪੀ.ਜੇ ਅਬਦੁਲ ਕਲਾਮ ਨੇ ਇਨ੍ਹਾਂ ਬੱਚਿਆਂ ਲਈ ਸਕੂਲ ਦੀ ਇਮਾਰਤ ਸ਼ੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ 2004 ਵਿੱਚ ਬਿਹਾਰੀ ਬੱਚਿਆਂ ਨਾਲ ਇਹ ਸਕੂਲ ਪਵਿੱਤਰ ਵੇਈਂ ਕਿਨਾਰੇ ਸ਼ੁਰੂ ਕੀਤਾ ਗਿਆ।

## ਨਿਤੀਸ਼ ਕੁਮਾਰ ਬਿਹਾਰ ਵਿੱਚ ਲਾਗੂ ਕਰਨਗੇ ਸੀਚੇਵਾਲ ਮਾਡਲ

**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼ :** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸਥਾਪਤ ਮਾਡਲ ਨੂੰ ਬਿਹਾਰ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਲਾਗੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬਿਹਾਰ ਵਿੱਚ ਗੰਦੇ ਪਾਣੀ ਦੀ ਨਿਕਾਸੀ ਵੱਡੀ ਚੁਣੌਤੀ ਹੈ ਤੇ ਸੀਚੇਵਾਲ ਮਾਡਲ ਨੇ ਉਨ੍ਹਾਂ ਨੂੰ ਇਸ ਚੁਣੌਤੀ ਵਿਰੁੱਧ ਨਵਾਂ ਰਾਹ ਦਿਖਾਇਆ ਹੈ। ਉਨ੍ਹਾਂ ਸੀਚੇਵਾਲ ਤੇ ਸੁਲਤਾਨਪੁਰ ਲੋਧੀ ਦੇ ਟਰੀਟਮੈਂਟ ਪਲਾਂਟਾਂ ਦਾ ਦੌਰਾ ਕੀਤਾ ਤੇ ਸੰਤ ਸੀਚੇਵਾਲ ਵੱਲੋਂ ਪ੍ਰਦੂਸ਼ਤ ਪਾਣੀਆਂ ਨੂੰ ਮੁੜ ਵਰਤੋਂ ਵਿੱਚ ਲਿਆਉਣ ਦੇ ਤਜਰਬੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬਲਬੀਰ ਸਿੰਘ ਸੀਚੇਵਾਲ ਸੰਤ ਹੀ ਨਹੀਂ, ਸਗੋਂ ਕਰਮਯੋਗੀ ਹਨ।

ਨਿਤੀਸ਼ ਕੁਮਾਰ ਨੇ ਕਿਹਾ ਕਿ ਉਹ ਗੰਗਾ ਕਿਨਾਰੇ ਅਤੇ ਪਟਨਾ ਸਾਹਿਬ ਦੀ ਧਰਤੀ ਤੋਂ ਗੁਰੂ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ ਆਏ ਹਨ, ਜਿੱਥੇ ਗੁਰੂ ਨਾਨਕ ਦੇਵ ਜੀ ਨੇ 14 ਸਾਲ ਤੋਂ ਵੱਧ ਦਾ ਸਮਾਂ ਗੁਜ਼ਾਰਿਆ ਸੀ। ਨਿਤੀਸ਼ ਕੁਮਾਰ ਨੇ ਸੰਤ ਸੀਚੇਵਾਲ ਨੂੰ 25 ਤੇ 26 ਫਰਵਰੀ ਨੂੰ ਪਟਨਾ ਆਉਣ ਦਾ ਸੱਦਾ ਦਿੱਤਾ, ਜਿੱਥੇ ਵਾਤਾਵਰਣ ਨਾਲ ਸਬੰਧਤ ਕੌਮਾਂਤਰੀ ਕਾਨਫਰੰਸ ਹੋ ਰਹੀ ਹੈ। ਬਿਹਾਰ ਦੇ ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਪਿਛਲੇ ਸਾਲ ਬਿਹਾਰ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਪੱਕੀਆਂ ਗਲੀਆਂ ਤੇ ਨਾਲੀਆਂ ਬਣਾਉਣ ਦੀ ਸਕੀਮ ਸ਼ੁਰੂ ਕੀਤੀ ਸੀ ਪਰ ਗੰਦੇ ਪਾਣੀ ਦੀ ਨਿਕਾਸੀ ਦਾ ਹੱਲ ਨਹੀਂ ਸੀ ਲੱਭ ਰਿਹਾ। ਇਸੇ ਦੌਰਾਨ ਪਟਨਾ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਉਨ੍ਹਾਂ ਦੀ ਮੀਟਿੰਗ ਸੰਤ ਸੀਚੇਵਾਲ ਨਾਲ ਹੋਈ ਸੀ ਤਾਂ ਉਨ੍ਹਾਂ ਨੇ ਇਸ ਸਮੱਸਿਆ ਦਾ ਹੱਲ ਦੱਸਦਿਆਂ ਪੰਜਾਬ ਆਉਣ ਦਾ ਸੱਦਾ ਦਿੱਤਾ ਸੀ।

ਸੰਤ ਸੀਚੇਵਾਲ ਵੱਲੋਂ ਸੰਗਤ ਦੇ ਸਹਿਯੋਗ ਨਾਲ 160 ਕਿਲੋਮੀਟਰ ਲੰਬੀ ਕਾਲੀ ਵੇਈਂ ਨੂੰ ਪੁਨਰ ਜੀਵਤ ਕੀਤੇ ਜਾਣ ਦੀ ਪ੍ਰਸ਼ੰਸਾ ਕਰਦਿਆਂ ਨਿਤੀਸ਼ ਕੁਮਾਰ ਨੇ ਕਿਹਾ ਕਿ ਨਦੀਆਂ ਦੇ ਵਹਿਣ ਹਮੇਸ਼ਾਂ ਵਗਦੇ ਰਹਿਣੇ ਚਾਹੀਦੇ ਹਨ। ਨਿਤੀਸ਼ ਕੁਮਾਰ ਨੇ ਕਿਹਾ ਕਿ ਉਹ ਆਪਣੇ ਨਾਲ ਸੂਬੇ ਦੇ ਸਿੰਜਾਈ ਮੰਤਰੀ ਰਜੀਵ ਰੰਜਨ, ਮੁੱਖ ਸਕੱਤਰ, ਸਿੰਜਾਈ ਵਿਭਾਗ ਦੇ ਪ੍ਰਮੁੱਖ ਸਕੱਤਰ, ਸਾਬਕਾ ਮੁੱਖ ਸਕੱਤਰ ਜੀ.ਐਸ ਕੰਗ ਤੇ ਹੋਰ ਉਚ ਅਧਿਕਾਰੀਆਂ ਨੂੰ ਲੈ ਕੇ ਆਏ ਹਨ, ਜਿਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਚੰਗੀ ਤਰ੍ਹਾਂ ਨਾਲ ਘੋਖਿਆ ਹੈ। ਇਸ ਮੌਕੇ ਪਿੰਡ ਦੀ ਸਰਪੰਚ ਰਜਵੰਤ ਕੌਰ ਤੇ ਪੰਚਾਇਤ ਵੱਲੋਂ ਨਿਤੀਸ਼ ਕੁਮਾਰ ਦਾ ਸਨਮਾਨ ਕੀਤਾ ਗਿਆ।

ਇਸ ਦੌਰਾਨ ਨਿਤੀਸ਼ ਕੁਮਾਰ ਨੇ ਰੇਲਵੇ ਸ਼ਟੇਸ਼ਨ ਸੁਲਤਾਨਪੁਰ ਵਿੱਚ ਲੱਗਿਆ ਟਰੀਟਮੈਂਟ ਦੇਖਿਆ। ਗੁਰਦੁਆਰਾ ਬੇਰ ਸਾਹਿਬ ਮੱਥਾ ਟੇਕਿਆ ਤੇ ਸੰਤ ਸੀਚੇਵਾਲ ਨੇ ਕਿਸ਼ਤੀ ਰਾਹੀਂ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪਵਿੱਤਰ ਵੇਈਂ ਦੇ ਪਾਣੀ ਨੂੰ ਨੇੜੇ ਤੋਂ ਦਿਖਾਇਆ। ਕੇਂਦਰ ਸਰਕਾਰ ਵੱਲੋਂ ਚਲਾਈ ਜਾ ਰਹੀ ਸਵੱਛਤਾ ਮੁਹਿੰਮ 'ਤੇ ਟਿੱਪਣੀ ਕਰਦਿਆਂ ਨਿਤੀਸ਼ ਕੁਮਾਰ ਨੇ ਕਿਹਾ ਕਿ ਗੰਗਾ ਦਾ ਵਹਾਅ ਲਗਾਤਾਰ ਰਹਿਣਾ ਜ਼ਰੂਰੀ ਹੈ। ਗੰਗਾ ਦੀ ਸਫ਼ਾਈ ਲਈ ਇੱਕਲੀ ਸਵੱਛਤਾ ਮੁਹਿੰਮ ਹੀ ਕਾਫ਼ੀ ਨਹੀਂ ਹੈ, ਸਗੋਂ ਗੰਗਾ ਦਾ ਵਹਿਣਾ ਬਹੁਤ ਜ਼ਰੂਰੀ ਹੈ ਜਿਸ ਵਿੱਚ ਕੋਈ ਅੜਿੱਕਾ ਨਾ ਹੋਵੇ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਗੰਗਾ ਵਿੱਚ ਥਾਂ-ਥਾਂ 'ਤੇ ਡੈਮ ਬਣਾ ਕੇ ਪਾਣੀ ਵਾਲੇ ਜਾਹਾਜ਼ ਚਲਾਉਣ ਦੇ ਪ੍ਰਾਜੈਕਟ 'ਤੇ ਕੰਮ ਕਰ ਰਹੀ ਹੈ। ਇਸ ਮੌਕੇ ਸੰਤ ਦਇਆ ਸਿੰਘ, ਸੰਤ ਅਮਰੀਕ ਸਿੰਘ ਖੁਖਰੈਣ ਵਾਲੇ, ਸੰਤ ਪਾਲ ਸਿੰਘ ਲੋਹੀਆਂ ਵਾਲੇ, ਸੰਤ ਗੁਰਚਰਨ ਸਿੰਘ ਪੰਡਵਾਂ ਵਾਲੇ ਤੇ ਸੰਤ ਸੁਖਜੀਤ ਸਿੰਘ ਹਾਜ਼ਰ ਸਨ।



ਨਿਤੀਸ਼ ਕੁਮਾਰ ਤੇ ਸੰਤ ਬਲਬੀਰ ਸਿੰਘ ਸੀਚੇਵਾਲ ਕਾਲੀ ਵੇਈਂ ਵਿੱਚ ਕਿਸ਼ਤੀ ਦੀ ਸਵਾਰੀ ਕਰਦੇ ਹੋਏ।

# ਨਾਮ ਚਰਚਾ ਨੂੰ ਲੈ ਕੇ ਸਿੱਖ ਜਥੇਬੰਦੀਆਂ ਤੇ ਡੇਰਾ ਪ੍ਰੇਮੀਆਂ ਵਿਚਾਲੇ ਟਕਰਾਅ

## 37 ਵਿਅਕਤੀਆਂ ਖ਼ਿਲਾਫ਼ ਕੇਸ ਦਰਜ

**ਮੱਖੂ/ਬਿਊਰੋ ਨਿਊਜ਼ :** ਇਥੇ ਕੈਨਾਲ ਕਲੋਨੀ ਵਿਚ ਉਸ ਵੇਲੇ ਸਥਿਤੀ ਤਣਾਅਪੂਰਨ ਹੋ ਗਈ ਜਦੋਂ ਨਾਮ ਚਰਚਾ ਲਈ ਆਏ ਡੇਰਾ ਪ੍ਰੇਮੀਆਂ ਨੂੰ ਸਿੱਖ ਜਥੇਬੰਦੀ ਨੇ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਵਿਚ ਪੁਲੀਸ ਵੱਲੋਂ 37 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ, ਜਦੋਂ ਕਿ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।



ਪ੍ਰਾਪਤ ਜਾਣਕਾਰੀ ਅਨੁਸਾਰ ਇਥੇ ਗ੍ਰੀਨ ਐੱਸ ਫੋਰਸ ਦੀ 15 ਮੈਂਬਰੀ ਕਮੇਟੀ ਦੇ ਮੈਂਬਰ ਰਾਜ ਕੁਮਾਰ ਤੇ ਬਲਾਕ ਭੰਗੀ ਦਾਸ ਕੁਲਵੰਤ ਸਿੰਘ ਦੀ ਅਗਵਾਈ ਵਿਚ ਨਾਮ ਚਰਚਾ ਹੋ ਰਹੀ ਸੀ। ਏਕਨੂਰ ਫੌਜ ਦੇ ਆਗੂ ਬਾਬਾ ਦਿਲਬਾਗ ਸਿੰਘ ਆਰਿਫਕੇ, ਕਾਰ ਸੇਵਾ ਫਤਿਹਗੜ੍ਹ ਸਭਰਾ ਦੇ ਬਾਬਾ ਸ਼ਿੰਦਰ ਸਿੰਘ ਦੇ ਜਥੇ ਦੇ ਆਗੂ ਸੁਖਮੰਦਰ ਸਿੰਘ, ਸਭਰਾ ਤੇ ਪੱਧਰੀ ਦੇ ਹੋਰ ਸੇਵਾਦਾਰਾਂ ਤੋਂ ਇਲਾਵਾ ਗੁਰਸੇਵਕ ਸਿੰਘ ਗੱਟਾ ਬਾਦਸ਼ਾਹ, ਸਰਪੰਚ ਹਰਜਿੰਦਰ ਸਿੰਘ ਚਿਰਾਗਵਾਲੀ, ਵੱਟੂ ਭੱਟੀ ਤੋਂ ਜੋਗਾ ਸਿੰਘ, ਨਿਜਾਮਦੀਨ ਵਾਲਾ ਤੋਂ ਹਰਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਪੁਲੀਸ ਦੀਆਂ ਰੋਕਾਂ ਪਾਰ ਕਰਦੇ ਹੋਏ ਨਾਮ ਚਰਚਾ ਵਾਲੀ ਥਾਂ 'ਤੇ ਧਾਵਾ ਬੋਲ ਦਿੱਤਾ। ਦੂਜੇ ਪਾਸੇ ਡੇਰਾ ਪ੍ਰੇਮੀਆਂ ਦੇ ਆਗੂਆਂ ਨੇ ਟੈਂਟ ਉਖਾੜ ਰਹੇ ਸਿੰਘਾਂ 'ਤੇ ਜੁਆਬੀ ਹਮਲਾ ਕਰ ਦਿੱਤਾ ਜਿਸ ਕਾਰਨ ਸਥਿਤੀ ਤਣਾਅਪੂਰਨ ਹੋ ਗਈ। ਇਸੇ ਦੌਰਾਨ ਡੀਐੱਸਪੀ ਫਿਰੋਜ਼ਪੁਰ ਜਸਪਾਲ ਸਿੰਘ, ਥਾਣਾ ਮੁਖੀ ਇੰਸਪੈਕਟਰ ਜਸਵਰਿੰਦਰ ਸਿੰਘ, ਥਾਣਾ ਸਦਰ ਜ਼ੀਰਾ ਮੁਖੀ ਜੈਅੰਤ ਕੁਮਾਰ ਤੇ ਹੋਰ ਕਈ ਥਾਣਿਆਂ ਦੀ ਪੁਲੀਸ ਨੇ ਸਥਿਤੀ 'ਤੇ ਕਾਬੂ ਪਾ ਲਿਆ ਪਰ ਕੁਝ ਸਮੇਂ ਬਾਅਦ ਡੇਰਾ ਪ੍ਰੇਮੀਆਂ ਨੇ ਦੁਬਾਰਾ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਪੁਲੀਸ ਅਧਿਕਾਰੀਆਂ ਨਾਲ ਬਦਸਲੂਕੀ ਕੀਤੀ। ਉਧਰ, ਸਿੱਖ ਆਗੂਆਂ ਨੇ ਸੰਤ ਭਿੰਡਰਾਂਵਾਲਾ ਜ਼ਿੰਦਾਬਾਦ, ਖਾਲਿਸਤਾਨ ਜ਼ਿੰਦਾਬਾਦ ਦੇ ਜੁਆਬੀ ਜੈਕਾਰੇ ਗੂੰਜਾਉਂਦੇ ਹੋਏ ਡੇਰਾ ਪ੍ਰੇਮੀਆਂ ਦਾ ਟੈਂਟ ਉਖਾੜ ਦਿੱਤਾ। ਇਸ ਤੋਂ ਬਾਅਦ ਪੁਲੀਸ ਨੇ ਆਪਣੀ ਨਿਗਰਾਨੀ ਵਿਚ ਬਾਹਰੋਂ ਆਏ ਡੇਰਾ ਪ੍ਰੇਮੀਆਂ ਨੂੰ ਝਗੜੇ ਵਾਲੀ ਥਾਂ ਤੋਂ ਉਨ੍ਹਾਂ ਦੇ ਪਿੰਡਾਂ ਨੂੰ ਰਵਾਨਾ ਕਰ ਦਿੱਤਾ ਜਿਸ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ। ਸਿੱਖ ਜਥੇਬੰਦੀਆਂ ਦੇ ਆਗੂ ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਅਕਾਲ ਤਖ਼ਤ ਵੱਲੋਂ ਡੇਰਾ ਮੁਖੀ ਖ਼ਿਲਾਫ਼ ਹੁਕਮਨਾਮਾ ਜਾਰੀ ਹੋਇਆ ਹੈ ਪਰ ਬਾਦਲ ਅਕਾਲੀ ਦਲ ਨੇ ਚੋਣਾਂ ਵਿਚ ਡੇਰੇ ਤੋਂ ਹਮਾਇਤ ਲੈ ਕੇ ਕਥਿਤ ਤੌਰ 'ਤੇ ਸਿੱਖਾਂ ਦੀ ਗੈਰਤ ਨੂੰ ਵੰਗਾਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਬਾਦਲਾਂ ਦੀ ਕਥਿਤ ਸ਼ਹਿ 'ਤੇ ਡੇਰਾ ਪ੍ਰੇਮੀਆਂ ਦੀ ਕਿਤੇ ਵੀ ਨਾਮ ਚਰਚਾ ਨਹੀਂ ਹੋਣ ਦੇਣਗੀਆਂ। ਡੇਰਾ ਪ੍ਰੇਮੀਆਂ ਦੇ ਆਗੂ ਬਸੰਤ ਲਾਲ ਨੇ ਕਿਹਾ ਕਿ ਗ੍ਰੀਨ ਐੱਸ ਵੈਲਫੇਅਰ ਫੋਰਸ ਦੇ ਮੈਂਬਰ ਰਾਜ ਕੁਮਾਰ ਵੱਲੋਂ ਪ੍ਰੇਮੀਆਂ ਦੀ ਮਦਦ ਲਈ ਆਏ ਅਧਿਕਾਰੀਆਂ ਨਾਲ ਕੀਤੀ ਗਈ ਬਦਸਲੂਕੀ ਨਿੰਦਣਯੋਗ ਹੈ। ਦੂਜੇ ਪਾਸੇ ਥਾਣਾ ਮੁਖੀ ਇੰਸਪੈਕਟਰ ਜਸਵਰਿੰਦਰ ਸਿੰਘ ਨੇ ਪੁੱਛੇ ਜਾਣ 'ਤੇ ਕਿਹਾ ਕਿ ਨਾਮ ਚਰਚਾ ਲਈ ਕਿਸੇ ਤਰ੍ਹਾਂ ਦੀ ਮਨਜ਼ੂਰੀ ਨਹੀਂ ਲਈ ਗਈ ਸੀ ਪਰ ਖੁਫੀਆ ਇਤਲਾਹ ਨੂੰ ਦੇਖਦਿਆਂ ਉਨ੍ਹਾਂ ਸਵੇਰ ਤੋਂ ਹੀ ਪੁਲੀਸ ਤਾਇਨਾਤ ਕਰ ਦਿੱਤੀ ਸੀ।

## ਕੇਜਰੀਵਾਲ ਤੇ ਭਗਵੰਤ ਮਾਨ ਵੱਲੋਂ ਸ਼ਰਮੀਲਾ ਇਰੋਮ ਦੀ ਪਾਰਟੀ ਨੂੰ ਫੰਡ

**ਚੰਡੀਗੜ੍ਹ/ਬਿਊਰੋ ਨਿਊਜ਼ :** ਮਨੀਪੁਰ ਦੀਆਂ ਚੋਣਾਂ ਲੜ ਰਹੀ ਸ਼ਰਮੀਲਾ ਦੀ ਪਾਰਟੀ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ 50 ਹਜ਼ਾਰ ਰੁਪਏ ਦੀ ਮਦਦ ਦਿੱਤੀ ਗਈ ਜਦਕਿ 'ਆਪ' ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮੈਂਬਰ ਨੇ ਆਪਣੀ ਇੱਕ ਮਹੀਨੇ ਦੀ ਤਨਖ਼ਾਹ ਮਦਦ ਵਜੋਂ ਦਿੱਤੀ ਹੈ।



ਭਗਵੰਤ ਮਾਨ ਨੇ ਟਵੀਟ ਕੀਤਾ, 'ਸੰਸਦ ਦਾ ਮੈਂਬਰ ਹੋਣ ਦੇ ਨਾਤੇ ਮੈਂ ਆਪਣੀ ਇੱਕ ਮਹੀਨੇ ਦੀ ਤਨਖ਼ਾਹ ਇਰੋਮ ਸ਼ਰਮੀਲਾ ਨੂੰ ਦਿੰਦਾ ਹਾਂ ਜੋ ਮਨੀਪੁਰ ਵਿੱਚ ਭ੍ਰਿਸ਼ਟ ਸਿਸਟਮ ਖ਼ਿਲਾਫ਼ ਤੇ ਨਿਆਂ ਲਈ ਲੜ ਰਹੀ ਹੈ।' ਇਸ ਦੇ ਜਵਾਬ ਵਿੱਚ ਸ਼ਰਮੀਲਾ ਦੀ ਪੀਆਰਜੇਏ ਪਾਰਟੀ ਨੇ ਭਗਵੰਤ ਮਾਨ ਧੰਨਵਾਦ ਕਰਦਿਆਂ ਟਵੀਟ ਕੀਤਾ ਕਿ ਉਨ੍ਹਾਂ ਦੀ ਹਮਾਇਤ ਤੇ ਪਾਰਟੀ 'ਤੇ ਭਰੋਸਾ ਕਰਨ ਲਈ ਸ਼ੁਕਰੀਆ। ਉਹ ਮਨੀਪੁਰ ਵਿੱਚ ਤਬਦੀਲੀ ਲੈ ਕੇ ਆਉਣਗੇ। ਅਮਲੇ ਤੇ ਫੰਡਾਂ ਦੀ ਘਾਟ ਕਾਰਨ ਸ਼ਰਮੀਲਾ ਦੀ ਪਾਰਟੀ ਨੇ ਲੋਕਾਂ ਤੱਕ ਪਹੁੰਚ ਕਰਨ ਤੇ ਫੰਡ ਜੁਟਾਉਣ ਲਈ ਆਨਲਾਈਨ ਮੁਹਿੰਮ ਸ਼ੁਰੂ ਕੀਤੀ ਹੈ।

# ਕਨਿਸ਼ਕ ਕਾਂਡ : ਇੰਦਰਜੀਤ ਸਿੰਘ ਰਿਆਤ 20 ਸਾਲ ਦੀ ਕੈਦ ਮਗਰੋਂ ਰਿਹਾਅ

## ਅਸਲਾ ਬਰਾਮਦਗੀ ਮਾਮਲੇ ਵਿਚੋਂ ਭਾਈ ਹਵਾਰਾ ਨੂੰ ਮਿਲੀ ਜ਼ਮਾਨਤ

**ਲੁਧਿਆਣਾ/ਬਿਊਰੋ ਨਿਊਜ਼ :** ਸਥਾਨਕ ਚੰਦਰ ਨਗਰ ਨੇੜਿਓਂ ਸਾਲ 1995 ਵਿਚ ਪੁਲੀਸ ਵੱਲੋਂ ਅਸਲਾ ਬਰਾਮਦਗੀ ਦੇ ਮਾਮਲੇ ਵਿਚ ਅਦਾਲਤ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਜਾਣਕਾਰੀ ਦਿੰਦਿਆਂ ਭਾਈ ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪੁਲੀਸ ਵੱਲੋਂ 30 ਦਸੰਬਰ 1995 ਨੂੰ ਚੰਦਰ ਨਗਰ ਨੇੜਿਓਂ ਭਾਰੀ ਮਾਤਰਾ ਵਿਚ



ਅਸਲਾ ਬਰਾਮਦ ਕੀਤਾ ਗਿਆ ਸੀ। ਪੁਲੀਸ ਵੱਲੋਂ ਇੱਥੋਂ ਤਿੰਨ ਏ.ਕੇ. 56, ਅਸਾਲਟ ਰਾਈਫ਼ਲਜ਼ ਤੇ 50 ਦੇ ਕਰੀਬ ਕਾਰਤੂਸ ਬਰਾਮਦ ਕੀਤੇ ਗਏ ਸਨ। ਇਸ ਮਾਮਲੇ ਵਿਚ ਥਾਣਾ ਕੋਤਵਾਲੀ ਦੀ ਪੁਲੀਸ ਨੇ ਐਫ.ਆਈ.ਆਰ ਨੰ. 139 ਅਧੀਨ ਧਾਰਾ 25/54/59 ਕੇਸ ਦਰਜ ਕੀਤਾ ਸੀ। ਪੁਲੀਸ ਵੱਲੋਂ ਇਸ ਮਾਮਲੇ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕੀਤਾ ਗਿਆ ਸੀ ਤੇ ਪੁਲੀਸ ਵੱਲੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਖਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਇਸ ਮੁਕਦਮੇ ਦੀ ਸੁਣਵਾਈ ਸਮੇਂ ਭਾਈ ਹਵਾਰਾ ਅਦਾਲਤ ਵਿਚ ਪੇਸ਼ ਨਹੀਂ ਹੋ ਰਹੇ ਸਨ ਤੇ ਉਨ੍ਹਾਂ ਦੀ ਪੇਸ਼ੀ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਕੀਤੀ ਜਾਂਦੀ ਹੈ। ਭਾਈ ਹਵਾਰਾ ਦੇ ਵਕੀਲ ਵੱਲੋਂ ਇਸ ਮਾਮਲੇ ਵਿਚ ਅਦਾਲਤ ਵਿਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ, ਜਿਸ 'ਤੇ ਸੁਣਵਾਈ ਸੀ। ਸੁਣਵਾਈ ਦੌਰਾਨ ਐਡਵੋਕੇਟ ਮੰਝਪੁਰ ਤੇ ਸਰਕਾਰੀ ਵਕੀਲ ਵਿਚਾਲੇ ਜ਼ੋਰਦਾਰ ਬਹਿਸ ਹੋਈ। ਬਹਿਸ ਉਪਰੰਤ ਜੱਜ ਵਰਿੰਦਰ ਕੁਮਾਰ ਨੇ ਇਸ ਮਾਮਲੇ ਵਿਚ ਭਾਈ ਹਵਾਰਾ ਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਭਾਈ ਹਵਾਰਾ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹਨ।

### ਇਕ ਸਾਲ ਸੁਧਾਰ ਗ੍ਰਹਿ ਵਿਚ ਕੱਟਿਆ

**ਓਟਾਵਾ/ਬਿਊਰੋ ਨਿਊਜ਼ :** 1985 ਏਅਰ ਇੰਡੀਆ ਕਨਿਸ਼ਕ ਬੰਬ ਧਮਾਕੇ ਵਿਚ ਦੋਸ਼ੀ ਇੰਦਰਜੀਤ ਸਿੰਘ ਰਿਆਤ ਨੂੰ ਕੈਨੇਡਾ ਸਰਕਾਰ ਨੇ ਰਿਹਾਅ ਕਰ ਦਿੱਤਾ ਹੈ। ਕੈਨੇਡਾ ਪੈਰੋਲ ਬੋਰਡ ਨੇ ਇਹ ਜਾਣਕਾਰੀ ਦਿੱਤੀ। ਕਾਬਲੇਗੌਰ ਹੈ ਕਿ ਦੋ ਦਹਾਕਿਆਂ ਤੱਕ ਕੈਦ ਕੱਟਣ ਤੋਂ ਬਾਅਦ ਇਕ ਸਾਲ ਪਹਿਲਾਂ ਰਿਹਾਅ ਹੋਣ ਉਪਰੰਤ ਇੰਦਰਜੀਤ ਸਿੰਘ ਰਿਆਤ ਨੂੰ ਇਕ ਹਾਫਵੇਅ ਘਰ (ਸੁਧਾਰ ਗ੍ਰਹਿ) ਵਿਚ ਰਹਿਣ ਦੇ ਹੁਕਮ ਦਿੱਤੇ



ਗਏ ਸਨ। ਪੈਰੋਲ ਬੋਰਡ ਦੇ ਬੁਲਾਰੇ ਪੈਟਰਿਕ ਸਟੋਰੇ ਨੇ ਦੱਸਿਆ ਕਿ ਇੰਦਰਜੀਤ ਸਿੰਘ 'ਤੇ ਲੱਗੀ ਉਕਤ ਸ਼ਰਤ ਨੂੰ ਹੁਣ ਹਟਾ ਲਿਆ ਗਿਆ ਹੈ ਅਤੇ ਹੁਣ ਉਹ ਆਮ ਜ਼ਿੰਦਗੀ ਜੀਅ ਸਕਦਾ ਹੈ ਅਤੇ ਨਿੱਜੀ ਘਰ ਵਿਚ ਰਹਿ ਸਕਦਾ ਹੈ। ਹਾਲਾਂਕਿ ਰਿਹਾਈ ਦੇ ਨਾਲ ਕੁਝ ਸ਼ਰਤਾਂ ਜੁੜੀਆਂ ਹਨ। ਰਿਆਤ ਕਿਸੇ ਵੀ ਸਥਿਤੀ ਵਿਚ ਪੀੜਤ ਪਰਿਵਾਰਾਂ ਨਾਲ ਸੰਪਰਕ ਨਹੀਂ ਕਰੇਗਾ। ਨਾ ਹੀ ਵੱਖਵਾਦੀ ਸੰਗਠਨਾਂ ਦੇ ਸੰਪਰਕ ਵਿਚ ਆਏਗਾ। ਉਹ ਸਿਆਸਤ ਤੋਂ ਦੂਰ ਰਹੇਗਾ ਤੇ ਰੋਜ਼ਾਨਾ ਸਮੇਂ 'ਤੇ ਕਾਉਂਸਲਿੰਗ ਕਰਵਾਉਂਦਾ ਰਹੇਗਾ। ਦੱਸਣਯੋਗ ਹੈ ਕਿ ਕਨਿਸ਼ਕ ਬੰਬ ਧਮਾਕੇ ਵਿਚ 331 ਲੋਕਾਂ ਦੀ ਮੌਤ ਹੋ ਗਈ ਸੀ।

**ਦੋ ਜਹਾਜ਼ਾਂ ਵਿਚ ਰੱਖੇ ਸਨ ਬੰਬ :** ਸਾਕਾ ਨੀਲਾ ਤਾਰਾ ਦੇ ਜਵਾਬ ਵਿਚ ਸਿੱਖ ਵੱਖਵਾਦੀਆਂ ਨੇ ਦੋ ਜਹਾਜ਼ਾਂ ਵਿਚ ਬੰਬ ਰੱਖੇ ਸਨ। ਆਇਰਲੈਂਡ ਕੋਸਟ ਕੋਲ ਹਵਾ ਵਿਚ ਹੀ ਬੰਬ ਫਟਣ ਕਾਰਨ ਕਨਿਸ਼ਕ ਦੇ ਦੋ ਟੁਕੜੇ ਹੋ ਗਏ ਸਨ। ਦੂਸਰੇ ਜਹਾਜ਼ ਵਿਚ ਜਪਾਨ ਦੇ ਨਰੀਤਾ ਏਅਰਪੋਰਟ 'ਤੇ ਧਮਾਕਾ ਹੋਇਆ ਸੀ। ਇਸ ਵਿਚ ਸਾਮਾਨ ਚੁੱਕਣ ਵਾਲੇ ਦੋ ਕਰਮਚਾਰੀਆਂ ਦੀ ਮੌਤ ਹੋਈ ਸੀ। ਇੰਦਰਜੀਤ ਦੇ ਇਲਾਵਾ ਮਾਮਲੇ ਵਿਚ ਦੋ ਹੋਰ ਮੁਲਜ਼ਮ ਸਨ ਜੋ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਏ ਸਨ।

## ਸਿੱਖ ਕਤਲੇਆਮ : 56 'ਚੋਂ ਸਿਰਫ਼ ਚਾਰ ਕੇਸਾਂ ਵਿੱਚ ਚਾਰਜਸ਼ੀਟ ਪੇਸ਼

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੰਗਿਆਂ ਦੀ ਜਾਂਚ ਲਈ ਕੇਂਦਰ ਸਰਕਾਰ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਅਗਲੇਰੀ ਜਾਂਚ ਲਈ ਹੱਥ ਵਿੱਚ ਲਏ ਸਿੱਖ ਕਤਲੇਆਮ ਸਬੰਧੀ 59 ਕੇਸਾਂ ਵਿਚੋਂ ਸਿਰਫ਼ ਚਾਰ ਵਿੱਚ ਚਾਰਜਸ਼ੀਟਸ ਦਾਖ਼ਲ ਕੀਤੀਆਂ ਹਨ। ਇਸ ਸਬੰਧੀ ਸੁਪਰੀਮ ਕੋਰਟ ਵਿੱਚ ਪੇਸ਼ ਇਕ ਸਥਿਤੀ ਰਿਪੋਰਟ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਨ੍ਹਾਂ ਵਿਚੋਂ 38 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ 17 ਦੀ ਹਾਲੇ ਜਾਂਚ ਜਾਰੀ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ ਦਾਖ਼ਲ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ, "ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਤਫ਼ਤੀਸ਼ ਤੇਜ਼ੀ ਤੇ ਡੂੰਘਾਈ ਨਾਲ ਕੀਤੀ ਜਾ ਰਹੀ ਹੈ।" ਗੌਰਤਲਬ ਹੈ ਕਿ ਮੰਤਰਾਲੇ ਨੇ ਸਿੱਟ ਦੀ ਮਿਆਦ ਇਸ ਸਾਲ 11 ਅਗਸਤ ਤੱਕ ਵਧਾ ਦਿੱਤੀ ਹੈ ਅਤੇ ਦਿੱਲੀ ਸਰਕਾਰ ਤੇ ਦਿੱਲੀ ਹਾਈ ਕੋਰਟ ਨੂੰ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਕਾਇਮ ਕਰਨ ਲਈ ਲਿਖਿਆ ਹੈ।

## ਵਿਕਾਸ ਸਵਰੂਪ ਕੈਨੇਡਾ 'ਚ ਹਾਈ ਕਮਿਸ਼ਨਰ ਨਿਯੁਕਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੂੰ ਕੈਨੇਡਾ ਵਿਚ ਭਾਰਤ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਉਹ ਇਸ ਸਮੇਂ ਵਧੀਕ ਸਕੱਤਰ ਹਨ ਤੇ ਉਨ੍ਹਾਂ ਦੇ ਜਲਦ ਹੀ ਨਵਾਂ ਕਾਰਜਭਾਰ ਸੰਭਾਲਣ ਦੀ ਆਸ ਹੈ। ਕੈਲੇਫੋਰਨੀਆ



ਦੇ ਸੈਂਟਾ ਕਲਾਰਾ ਵਿੱਚ 26 ਸਾਲ ਭਾਰਤੀ ਦੇ ਕਤਲ ਸਬੰਧੀ ਵਿਕਾਸ ਸਵਰੂਪ ਨੇ ਕਿਹਾ ਕਿ ਸਰਕਾਰ ਮ੍ਰਿਤਕ ਦੇਹ ਵਾਪਸ ਲਿਆਉਣ ਦਾ ਸਾਰਾ ਖਰਚਾ ਝੱਲੇਗੀ।

## ਗੁਰਦੁਆਰਾ ਮੀਰੀ ਪੀਰੀ ਸਾਹਿਬ ਦੇ ਕੇਸ ਦਾ ਫ਼ੈਸਲਾ ਮੁੜ ਜਸਵੰਤ ਸਿੰਘ ਠੇਕੇਦਾਰ ਦੇ ਹੱਕ ਵਿਚ ਹੋਇਆ

### *ਗਿਆਨੀ ਕੁਲਵਿੰਦਰ ਸਿੰਘ ਨੂੰ ਅਦਾ ਕਰਨੇ ਪੈਣਗੇ 25000 ਪੌਂਡ*

**ਲੰਡਨ/ਬਿਊਰੋ ਨਿਊਜ਼ :** ਗੁਰਦੁਆਰਾ ਮੀਰੀ ਪੀਰੀ ਸਾਹਿਬ ਸਾਊਥਾਲ ਦਾ ਕੇਸ ਮੁੜ ਜਸਵੰਤ ਸਿੰਘ ਠੇਕੇਦਾਰ ਅਤੇ ਉਨ੍ਹਾਂ ਦੀ ਧਰਮ ਪਤਨੀ ਅਮਰੀਕ ਕੌਰ ਭਾਰਜ ਨੇ ਜਿੱਤ ਲਿਆ ਹੈ। ਲੰਡਨ ਦੀ ਹਾਈ ਕੋਰਟ ਦੇ ਜੱਜ ਮਿ. ਐਸ ਮੌਂਟੀ ਕਿਊ ਸੀ ਵੱਲੋਂ ਸੁਣਾਏ ਗਏ ਫੈਸਲੇ ਵਿਚ ਗਿਆਨੀ ਕੁਲਵਿੰਦਰ ਸਿੰਘ ਨੂੰ 25000 ਪੌਂਡ (ਲਗਭਗ 20 ਲੱਖ 75 ਹਜ਼ਾਰ ਰੁਪਏ) ਖ਼ਰਚਾ 27 ਫਰਵਰੀ ਸ਼ਾਮੀ 4 ਵਜੇ ਤੋਂ ਪਹਿਲਾਂ ਠੇਕੇਦਾਰ ਅਤੇ ਉਨ੍ਹਾਂ ਦੀ ਪਤਨੀ ਨੂੰ ਅਦਾ ਕਰਨ ਦਾ ਹੁਕਮ ਸੁਣਾਇਆ ਹੈ। ਜੇ ਗਿਆਨੀ ਕੁਲਵਿੰਦਰ ਸਿੰਘ ਇਹ ਖ਼ਰਚਾ ਅਦਾ ਨਹੀਂ ਕਰਦਾ ਤਾਂ ਗੁਰਦੁਆਰਾ ਸਾਹਿਬ ਦੇ ਮੌਜੂਦਾ 11 ਟਰੱਸਟੀ ਅਦਾ ਕਰਨਗੇ। ਜੱਜ ਨੇ ਕਿਹਾ ਹੈ ਕਿ ਇਸ ਕੇਸ ਦਾ ਕੋਈ ਅਧਾਰ ਨਹੀਂ ਸੀ, ਇਹ ਸਿਸਟਮ ਦੀ ਦੁਰਵਰਤੋਂ ਹੈ। ਜਸਵੰਤ ਸਿੰਘ ਠੇਕੇਦਾਰ ਨੇ ਇਸ ਸਬੰਧੀ ਦੱਸਿਆ ਕਿ ਇਹ ਕੇਸ ਉਨ੍ਹਾਂ, ਉਨ੍ਹਾਂ ਦੀ ਪਤਨੀ ਅਤੇ ਸੋਹਣ ਸਿੰਘ ਢੇਸੀ 'ਤੇ ਕੀਤਾ ਗਿਆ ਸੀ, ਪਰ ਢੇਸੀ ਨੇ ਇੱਕ ਹਲਫਨਾਮਾ ਦੇ ਕੇ ਖੁਦ ਨੂੰ ਪਾਸੇ ਕਰ ਲਿਆ। ਠੇਕੇਦਾਰ ਨੇ ਕਿਹਾ ਕਿ ਉਹ ਪਹਿਲਾਂ ਵੀ ਕਈ ਕੇਸ ਜਿੱਤ ਚੁੱਕਾ ਹੈ,



ਅਦਾਲਤ ਨੇ ਇੱਕ ਵਾਰ ਫਿਰ ਉਸ ਨੂੰ ਇਨਸਾਫ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤਾਂ ਨੂੰ ਮੌਜੂਦਾ ਪ੍ਰਬੰਧਕਾਂ ਤੋਂ ਹਿਸਾਬ ਕਿਤਾਬ ਲੈਣਾ ਚਾਹੀਦਾ ਹੈ। ਗੁਰੂ ਘਰ ਦੇ ਮੌਜੂਦਾ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਇਹ ਕੇਸ ਪੁਰਾਣੇ ਕੇਸ ਨੂੰ ਮੁੜ ਖੁਲਵਾਉਣ ਲਈ ਕੀਤਾ ਗਿਆ ਸੀ, ਪਰ ਇਸ ਫੈਸਲੇ ਲਈ ਅੱਗੇ ਅਪੀਲ ਕੀਤੀ ਜਾਵੇਗੀ। ਭਾਵੇਂ ਕਿ ਅਦਾਲਤ ਪਹਿਲਾਂ ਹੀ ਇਸ ਕੇਸ ਦਾ ਕੋਈ ਆਧਾਰ ਨਾ ਹੋਣਾ ਕਹਿ ਕੇ ਠੁਕਰਾ ਚੁੱਕੀ ਹੈ। ਜ਼ਿਕਰਯੋਗ ਹੈ ਕਿ ਗੁਰਦੁਆਰਾ ਮੀਰੀ ਪੀਰੀ ਸਾਊਥਾਲ ਦੇ ਪ੍ਰਬੰਧ ਨੂੰ ਲੈ ਕੇ ਲੰਮੇ ਸਮੇਂ ਤੋਂ ਅਦਾਲਤੀ ਕਾਰਵਾਈਆਂ ਚੱਲ ਰਹੀਆਂ ਹਨ।

## ਪਾਕਿ ਦੁਨੀਆਂ ਲਈ 'ਖ਼ਤਰਾ' : ਅਮਰੀਕਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀਆਈਏ ਦੇ ਇਕ ਸਾਬਕਾ ਅਧਿਕਾਰੀ ਨੇ ਆਖਿਆ ਹੈ ਕਿ ਪਾਕਿਸਤਾਨ ਸੰਭਵ ਤੌਰ 'ਤੇ ਦੁਨੀਆਂ ਦਾ 'ਸਭ ਤੋਂ ਖ਼ਤਰਨਾਕ' ਮੁਲਕ ਹੈ। ਉਨ੍ਹਾਂ ਅਜਿਹਾ ਇਸ ਆਧਾਰ ਉਤੇ ਕਿਹਾ ਹੈ ਕਿ ਇਕ ਪਾਸੇ ਪਾਕਿਸਤਾਨ ਦਾ ਅਰਥਚਾਰਾ ਮਾੜੀ ਹਾਲਤ ਵਿੱਚ ਹੈ, ਦੂਜੇ ਪਾਸੇ ਦਹਿਸ਼ਤਗਰਦੀ ਦਾ ਜ਼ੋਰ ਹੈ ਤੇ ਨਾਲ ਹੀ ਇਸ ਦੇ ਪਰਮਾਣੂ ਅਸਲਾਖ਼ਾਨੇ ਵਿੱਚ ਤੇਜ਼ੀ ਨਾਲ ਇਜ਼ਾਫ਼ਾ ਹੋ ਰਿਹਾ ਹੈ।

ਇਸਲਾਮਾਬਾਦ ਵਿੱਚ ਸੀਆਈਏ ਦੇ ਸਟੇਸ਼ਨ ਮੁਖੀ ਰਹਿ ਚੁੱਕੇ ਕੇਵਿਨ ਹਲਬਰਟ ਨੇ ਖ਼ਬਰਦਾਰ ਕੀਤਾ ਕਿ ਜੇ ਪਾਕਿਸਤਾਨ ਨਾਕਾਮ ਹੁੰਦਾ ਹੈ ਤੇ ਉਥੇ ਦਹਿਸ਼ਤਗਰਦਾਂ ਦਾ ਗਲਬਾ ਵਧਦਾ ਹੈ ਤਾਂ ਇਸ ਦਾ ਸਾਰੀ ਦੁਨੀਆ 'ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਇਹ ਗੱਲ ਇੰਟੈਲੀਜੈਂਸ ਭਾਈਚਾਰੇ ਨਾਲ ਸਬੰਧਤ ਇਕ ਵੈਬਸਾਈਟ 'ਸਾਈਫਰ ਬਰੀਫ਼' ਉਤੇ ਪਾਈ ਇਕ ਪੋਸਟ ਵਿੱਚ ਆਖੀ ਹੈ।

ਉਨ੍ਹਾਂ ਲਿਖਿਆ ਹੈ: "ਸਾਨੂੰ ਅਫ਼ਗਾਨਿਸਤਾਨ ਵਿੱਚ ਹੀ ਇੰਨੀਆਂ ਮੁਸ਼ਕਲਾਂ ਹਨ, ਜਿਸ ਦੀ ਆਬਾਦੀ ਮਹਿਜ਼ 3.3 ਕਰੋੜ ਹੈ, ਜਦੋਂਕਿ ਪਾਕਿਸਤਾਨ ਦੀ ਆਬਾਦੀ 18.2 ਕਰੋੜ ਹੈ, ਇਸ ਦੀ ਜਨਮ ਦਰ ਵੀ ਕਾਫ਼ੀ ਉਚੀ ਹੈ ਤੇ ਇਹ ਸਾਰੀ ਦੁਨੀਆ ਲਈ ਭਾਰੀ ਚਿੰਤਾ ਦਾ ਵਿਸ਼ਾ ਹੈ।"

## ਸਾਂਡਰਸ ਨੂੰ ਮਾਰਨ ਵਾਲੀ ਭਗਤ ਸਿੰਘ ਦੀ ਪਿਸਤੌਲ ਦੀ ਪਛਾਣ ਹੋਈ

**ਇੰਦੌਰ/ਬਿਊਰੋ ਨਿਊਜ਼ :** 90 ਸਾਲ ਪਹਿਲਾਂ 17 ਦਸੰਬਰ, 1928 ਨੂੰ ਭਗਤ ਸਿੰਘ ਅਤੇ ਰਾਜਗੁਰੂ ਨੇ ਅੰਗਰੇਜ਼ ਅਫਸਰ ਜਾਨ ਸਾਂਡਰਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸਾਈਮਨ ਕਮਿਸ਼ਨ ਦਾ ਵਿਰੋਧ ਕਰਦੇ ਹੋਏ ਲਾਠੀਚਾਰਜ ਵਿਚ ਜ਼ਖ਼ਮੀ ਹੋਏ ਲਾਲਾ ਲਾਜਪਤ ਰਾਏ ਨੇ ਦਮ ਤੋੜ ਦਿੱਤਾ ਸੀ। ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ ਤੇ ਰਾਜਗੁਰੂ ਨੇ ਸਾਂਡਰਸ ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਪਿਸਤੌਲ ਨਾਲ ਸਾਂਡਰਸ 'ਤੇ ਗੋਲੀ ਚਲਾਈ ਗਈ ਸੀ ਉਹ ਇੰਦੌਰ ਦੇ ਇਕ ਸੀ.ਐੱਸ.



ਡਬਲਿਊ.ਟੀ. ਮਿਊਜ਼ੀਅਮ ਵਿਚ ਰੱਖੀ ਸੀ ਪਰ ਇਸ ਗੱਲ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਹੁਣ ਇਸ ਪਿਸਤੌਲ ਦੀ ਪਛਾਣ ਕਰ ਲਈ ਗਈ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਇਸ ਨੂੰ ਦੇਖਣ ਪਹੁੰਚ ਰਹੇ ਹਨ। ਇੰਦੌਰ ਸਥਿਤ ਸੀ.ਐੱਸ.ਡਬਲਿਊ.ਟੀ. ਸੀਮਾ ਸੁਰੱਖਿਆ ਬਲ ਦੇ ਰੇਓਟੀ ਫਾਈਰਿੰਗ ਰੇਂਜ ਵਿਚ ਡਿਸਪਲੇ 'ਤੇ ਭਗਤ ਸਿੰਘ ਦੀ ਗੰਨ ਦੀ ਜ਼ਿੰਮੇਵਾਰੀ ਸੀ.ਐੱਸ. ਡਬਲਿਊ.ਟੀ. ਮਿਊਜ਼ੀਅਮ ਦੇ ਸੁਰੱਖਿਆ ਅਸਿਸਟੈਂਟ ਕਮਾਂਡੈਂਟ ਵਿਜੇਂਦਰ ਸਿੰਘ ਦੀ ਹੈ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਦੀ ਪਿਸਤੌਲ ਸੀਰੀਅਲ ਨੰਬਰ ਸਾਂਡਰਸ ਦੇ ਕੇਸ ਰਿਕਾਰਡ ਨਾਲ ਚੈੱਕ-ਮੈਚ ਕੀਤਾ ਤਾਂ ਦੋਵਾਂ ਦੇ ਨੰਬਰ ਇਕ ਹੀ ਨਿਕਲੇ। ਭਗਤ ਸਿੰਘ ਦੀ .32 ਐੱਮ.ਐੱਮ. ਦੀ ਕੋਲਟ ਆਟੋਮੈਟਿਕ ਗੰਨ 90 ਸਾਲ ਬਾਅਦ ਸਟੋਰ ਰੂਮ ਵਿਚੋਂ ਕੱਢਕੇ ਡਿਸਪਲੇ 'ਤੇ ਲਗਾਈ ਗਈ ਹੈ। ਸੀ. ਐੱਸ. ਡਬਲਿਊ. ਟੀ. ਮਿਊਜ਼ੀਅਮ ਵਿੱਚ ਦੂਸਰੇ ਵਿਸ਼ਵ ਯੁੱਧ ਦੇ ਸਮੇਂ ਦੇ ਵੀ ਹਥਿਆਰ ਰੱਖੇ ਹੋਏ ਹਨ।

## ਡੇਰਾ ਵਿਵਾਦ ਦੀ ਜਾਂਚ ਕਰ ਰਹੀ ਕਮੇਟੀ ਨੂੰ 7 ਮਾਰਚ ਤੱਕ ਮੋਹਲਤ ਮਿਲੀ

**ਸ੍ਰੀ ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਇਕੱਤਰਤਾ ਹੋਈ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਵੋਟਾਂ ਖ਼ਾਤਰ ਡੇਰਾ ਸਿਰਸਾ ਜਾਣ ਵਾਲੇ ਸਿੱਖ ਆਗੂਆਂ ਖ਼ਿਲਾਫ਼ ਪੜਤਾਲ ਲਈ ਗਠਿਤ ਕਮੇਟੀ ਨੂੰ ਰਿਪੋਰਟ ਸੌਂਪਣ ਲਈ 7 ਮਾਰਚ ਤੱਕ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਵਿਖੇ ਕਰਾਏ ਸਮਾਗਮਾਂ ਦੇ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਸਨਮਾਨ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਵੱਖ ਵੱਖ ਤਿੰਨ ਪ੍ਰਿੰਟਿੰਗ ਪ੍ਰੈੱਸਾਂ ਨੂੰ ਇਕੱਠਾ ਕਰਨ ਲਈ ਸਬ-ਕਮੇਟੀ ਰਾਹੀਂ ਮੁਕੰਮਲ ਰਿਪੋਰਟ ਪ੍ਰਾਪਤ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ



ਨਾਮਣਾ ਖੱਟਣ ਵਾਲੇ ਦੋ ਸਿੱਖਾਂ ਤੇ ਦੋ ਸਿੱਖ ਬੁੱਧੀਜੀਵੀਆਂ ਦਾ ਹਰ ਸਾਲ ਸਨਮਾਨ ਕੀਤਾ ਜਾਵੇਗਾ, ਜਿਸ ਲਈ ਇਕ ਸਬ-ਕਮੇਟੀ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਅਗਲੇ ਮਹੀਨੇ ਕਰਾਏ ਜਾ ਰਹੇ ਬਜਟ ਇਜਲਾਸ ਬਾਰੇ ਬਜਟ ਕਮੇਟੀ ਦੀਆਂ ਸਿਫ਼ਾਰਸ਼ਾਂ ਵਿਚਾਰਨ ਬਾਅਦ ਅੰਤ੍ਰਿੰਗ ਕਮੇਟੀ ਵੱਲੋਂ ਜਨਰਲ ਹਾਊਸ ਨੂੰ ਭੇਜ ਦਿੱਤੀਆਂ ਗਈਆਂ ਹਨ। ਉਨ੍ਹਾਂ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਕੰਮਕਾਜ ਨੂੰ ਹੋਰ ਚੁਸਤ-ਦਰੁਸਤ ਬਣਾਉਣ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ। ਪ੍ਰੋ. ਬਡੂੰਗਰ ਨੇ ਦੱਸਿਆ ਕਿ 1984 ਦੇ ਪੀੜਤਾਂ ਨੂੰ ਸਹਾਇਤਾ ਸਬੰਧੀ ਪੁੱਜੀਆਂ ਦਰਖ਼ਾਸਤਾਂ ਨੂੰ ਵਿਚਾਰਨ ਉਪਰੰਤ ਇਕ ਸਬ-ਕਮੇਟੀ ਗਠਿਤ ਕੀਤੀ ਗਈ ਹੈ।

## ਬਡੂੰਗਰ ਵੱਲੋਂ ਸ਼ਹੀਦਾਂ ਦੀ ਫਾਂਸੀ ਦੀ ਤਰੀਕ ਵੈਲੇਨਟਾਈਨ ਨਾਲ ਜੋੜਨ ਦੀ ਨਿਖੇਧੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸੁਣਾਈ ਫਾਂਸੀ ਦੀ ਤਰੀਕ ਨੂੰ ਵੈਲੇਨਟਾਈਨ ਡੇਅ ਨਾਲ ਜੋੜਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮਿਤੀਆਂ ਬਹੁਤ ਅਹਿਮ ਹਨ ਅਤੇ ਇਨ੍ਹਾਂ ਸਬੰਧੀ ਕੁਝ ਵੀ ਛਾਪਣ ਤੋਂ ਪਹਿਲਾਂ ਚੰਗੀ ਤਰ੍ਹਾਂ ਘੋਖ ਕਰ ਲੈਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ 15 ਫਰਵਰੀ ਨੂੰ ਕੁਝ ਅਖ਼ਬਾਰਾਂ ਵੱਲੋਂ ਬਿਨਾਂ ਪੜਤਾਲ ਕੀਤਿਆਂ ਇਕ ਖ਼ਬਰ ਪ੍ਰਕਾਸ਼ਤ ਕਰ ਦਿੱਤੀ ਗਈ ਸੀ ਜਿਸ ਵਿੱਚ ਉਨ੍ਹਾਂ ਲਿਖਿਆ ਕਿ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਨੌਜਵਾਨ 14 ਫਰਵਰੀ ਨੂੰ ਹੱਥਾਂ ਵਿੱਚ ਫੁੱਲ ਲੈ ਕੇ ਪੱਛਮੀ ਸਭਿਅਤਾ ਦਾ ਤਿਉਹਾਰ ਵੈਲੇਨਟਾਈਨ ਡੇਅ ਮਨਾ ਰਹੇ ਹਨ ਜਦੋਂਕਿ ਇਸ ਦਿਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਜੋ ਕਿ ਸਰਾਸਰ ਗਲਤ ਹੈ। ਸੋਸ਼ਲ ਮੀਡੀਆ ਉੱਪਰ ਵਾਇਰਲ ਹੋਈ ਇਸ ਖ਼ਬਰ ਨਾਲ ਦੇਸ਼ ਭਗਤਾਂ ਨਾਲ ਜੁੜੀਆਂ ਕਈ ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਧਰ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵੱਲੋਂ ਵੀ ਤਾੜਨਾ ਕੀਤੀ ਗਈ ਹੈ ਕਿ ਕੁਝ ਲੋਕ ਫੋਕੀ ਸ਼ੁਹਰਤ ਜਾਂ ਕਿਸੇ ਸਾਜ਼ਿਸ਼ ਤਹਿਤ ਸ਼ਹੀਦਾਂ ਦੀਆਂ ਤਰੀਕਾਂ ਸਬੰਧੀ ਭਾਰਤ ਵਾਸੀਆਂ ਨੂੰ ਭੁਲੇਖੇ ਵਿੱਚ ਪਾਉਣ ਜਾਂ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਇਤਿਹਾਸ ਨੂੰ ਵਿਗਾੜਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਵੀ ਕੀਤੀ।

ਅੰਮ੍ਰਿਤਸਰ ਟਾਈਮਜ਼ AMRITSAR TIMES
22 ਫਰਵਰੀ 2017 ਤੋਂ 28 ਫਰਵਰੀ 2017

# ਪਾਣੀਆਂ ਦਾ ਪੁਆੜਾ

## ਪੰਜਾਬ ਨੂੰ ਲਗਾਤਾਰ ਲੁੱਟਣ ਦੀਆਂ ਚਾਲਾਂ

ਪੰਜਾਬ ਦੇ ਇੱਕੋ ਇੱਕ ਕੁਦਰਤੀ ਸਾਧਨ ਦਰਿਆਈ ਪਾਣੀਆਂ ਦੀ ਪਹਿਲਾਂ ਕੀਤੀ ਬਾਂਦਰ ਵੰਡ ਤੋਂ ਵੀ ਸੰਤੁਸ਼ਟ ਨਾ ਹੋਏ ਦਿੱਲੀ ਦਰਬਾਰ ਅਤੇ ਗਵਾਂਢੀ ਰਾਜਾਂ ਖ਼ਾਸ ਕਰ ਹਰਿਆਣਾ ਦੇ ਸਿਆਸੀ ਆਗੂ ਮੁੜ ਕੋਹਝੀਆਂ ਚਾਲਾਂ ਉੱਤੇ ਉੱਤਰ ਆਏ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਪੰਜਾਬ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਦਾ ਸਭ ਤੋਂ ਵੱਡਾ ਸਬੂਤ ਹੈ ਖੇਤੀ ਪ੍ਰਧਾਨ ਸੂਬੇ ਪੰਜਾਬ ਕੋਲੋਂ ਇਸ ਦੇ ਦਰਿਆਈ ਪਾਣੀਆਂ ਦਾ ਬਹੁਤ ਵੱਡਾ ਹਿੱਸਾ ਖੋਹ ਕੇ ਗਵਾਂਢੀ ਰਾਜਾਂ ਰਾਜਸਥਾਨ ਅਤੇ ਹਰਿਆਣਾ ਨੂੰ ਦੇਣਾ। ਭਾਰਤ ਦਾ ਪਹਿਲਾ ਵੱਡਾ ਭਾਖੜਾ ਡੈਮ ਅਤੇ ਪੱਕੀ ਨਹਿਰ ਬਣਾਉਣ ਵੇਲੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਕਾਂਗਰਸੀ ਸਰਕਾਰ ਲਈ ਪੰਜਾਬ ਦੇ ਹਿੱਤ ਕੋਈ ਮਾਅਨੇ ਨਹੀਂ ਸਨ ਰੱਖਦੇ। ਇਸ ਲਈ ਇੱਥੋਂ ਪੈਦਾ ਹੋਣ ਵਾਲੀ ਬਿਜਲੀ ਅਤੇ ਪਾਣੀ ਦੀ ਮਾਲਕੀ ਦੇ ਹੱਕ ਦਿੱਲੀ ਦੇ ਹਾਕਮਾਂ ਨੇ ਆਪਣੀ ਮੁੱਠੀ ਵਿੱਚ ਰੱਖ ਕੇ ਸਰਹੱਦੀ ਸੂਬੇ ਦੇ ਕੁਦਰਤੀ ਸਾਧਨਾਂ ਉੱਤੇ ਕਾਨੂੰਨਨ ਜਿਹੜਾ ਡਾਕਾ ਮਾਰਿਆ, ਉਸ ਕਾਰਵਾਈ ਨੇ ਪੰਜਾਬ ਦੇ ਭਵਿੱਖ ਨੂੰ ਮਾੜੇ ਦਿਨਾਂ ਵਲ ਧਕਣਾ ਹੀ ਸੀ। ਉੱਤੋਂ ਹਰੀਕੇ ਪੱਤਣ ਝੀਲ ਤੋਂ ਰਾਜਸਥਾਨ ਲਈ ਦੋ ਵੱਡੀਆਂ ਨਹਿਰਾਂ ਦੇ ਪੱਕੇ ਕਿਨਾਰਿਆਂ ਵਾਲੇ ਦਰਿਆ ਰਾਹੀਂ ਪੰਜਾਬ ਦੇ ਪਾਣੀਆਂ ਨੂੰ ਸੰਨ੍ਹ ਲਾਈ ਗਈ। ਮੁੜ ਪੰਜਾਬੀ ਸੂਬੇ ਦੇ ਨਾਂਅ ਹੇਠ ਪੰਜਾਬ ਦੇ ਪੁਨਰਗਠਨ ਮੌਕੇ ਹਰਿਆਣਾ ਨੂੰ ਮੁੱਖ ਭਾਖੜਾ ਨਹਿਰ ਅਤੇ ਨਰਵਾਣਾ ਬਰਾਂਚ ਰਾਹੀਂ ਜਾਂਦੇ ਅਥਾਹ ਪਾਣੀ ਤੋਂ ਇਲਾਵਾ ਹੋਰ ਹਿੱਸਾ ਦੇਣ ਦਾ ਅਜਿਹਾ ਰੇੜਕਾ ਖੜ੍ਹਾ ਕੀਤਾ, ਜਿਹੜਾ ਪੰਜਾਬ ਨੂੰ ਲਗਾਤਾਰ ਸਿਆਸੀ ਸੰਤਾਪ ਅਤੇ ਆਰਥਿਕ ਅਧੋਗਤੀ ਵਲ ਧੱਕਦਾ ਆ ਰਿਹਾ ਹੈ।

ਪੰਜਾਬ ਵਿਚਲੀਆਂ ਵੱਖ ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਵਲੋਂ ਆਪਣੇ ਸੌੜੇ ਰਾਜਸੀ ਹਿੱਤਾਂ ਨੂੰ ਪਾਸੇ ਰੱਖ ਪੰਜਾਬ ਦੇ ਪਾਣੀਆਂ ਦੀ ਲੁੱਟ ਵਿਰੁੱਧ ਇੱਕਮੁਠ ਹੋ ਕੇ ਦਿੱਲੀ ਦੇ ਹਾਕਮਾਂ ਉੱਤੇ ਜ਼ੋਰ ਪਾਉਣ ਦੀ ਥਾਂ ਇੱਕ ਦੂਜੇ ਨੂੰ ਦੋਸ਼ੀ ਠਹਿਰਾਉਣ ਨੇ ਵੱਡਾ ਨੁਕਸਾਨ ਕੀਤਾ ਹੈ। ਅਜਿਹੀ ਹੀ ਸਥਿਤੀ ਦਾ ਫਾਇਦਾ ਉਠਾਉਂਦਿਆਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਗਸਤ, 1978 ਵਿੱਚ ਪੰਜਾਬ-ਹਰਿਆਣਾ ਦੀ ਸਰਹੱਦ ਨਾਲ ਲੱਗਦੇ ਕਪੂਰੀ ਪਿੰਡ ਵਿੱਚ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਦੇ ਕੰਮ ਦਾ ਨੀਂਹ ਪੱਥਰ ਰੱਖ ਕੇ ਜਿਹੜੀ ਵਧੀਕੀ ਕੀਤੀ, ਉਸ ਨੇ ਪੰਜਾਬ ਨੂੰ ਜਿਸ ਸੰਕਟ ਵਲ ਧੱਕਿਆ, ਉਹ ਇਸ ਦੇ ਵਸਨੀਕਾਂ ਖ਼ਾਸ ਕਰ ਸਿੱਖਾਂ ਲਈ ਭਾਰਤ ਦੇ ਇਤਿਹਾਸ ਦੇ ਸਭ ਤੋਂ ਦੁਖਦਾਈ ਕਾਂਡ ਵਜੋਂ ਲੋਕ ਮਨਾਂ ਵਿੱਚ ਉਕਰਿਆ ਰਹੇਗਾ।

ਪੰਜਾਬ ਸੰਕਟ ਦਾ ਨਾ ਤਾਂ ਦਿੱਲੀ ਵਿਚਲੇ ਪਿਛਲੇ ਤੇ ਮੌਜੂਦਾ ਹਾਕਮਾਂ ਨੂੰ ਦਿਲੋਂ ਕੋਈ ਪਛਤਾਵਾ ਹੈ ਅਤੇ ਨਾ ਹੀ ਕਿਸੇ ਰਾਸਜੀ ਧਿਰ ਨੇ ਉਸ ਭਿਆਨਕ ਤ੍ਰਾਸਦੀ ਅਤੇ ਸਿੱਖ ਪੀੜਾ ਤੋਂ ਕੋਈ ਸਬਕ ਸਿੱਖਿਆ ਹੈ । ਕੇਂਦਰ ਸਰਕਾਰ ਸਿਰਫ਼ ਪੰਜਾਬ ਹੀ ਨਹੀਂ ਬਲਕਿ ਭਾਰਤ ਦੇ ਵੱਖ ਵੱਖ ਸੂਬਿਆਂ ਦੇ ਦਰਿਆਈ ਪਾਣੀਆਂ ਦੀ ਕੌਮਾਂਤਰੀ ਰਿਪਰੇਈਅਨ ਕਾਨੂੰਨਾਂ ਅਨੁਸਾਰ ਬਣਦੇ ਹੱਕ ਬਹਾਲ ਰੱਖਣ ਦੀ ਥਾਂ ਇਨ੍ਹਾਂ ਦੀ ਬਾਂਦਰ-ਵੰਡ ਦਾ ਸਿਲਸਿਲਾ ਹਰ ਹੀਲੇ ਜਾਰੀ ਰੱਖਣ ਉੱਤੇ ਬਜ਼ਿੱਦ ਹੈ। ਮਕਸਦ ਮਸਲਿਆਂ ਨੂੰ ਸੁਲਝਾਉਣਾ ਨਹੀਂ ਬਲਕਿ ਆਪਣੇ ਸਿਆਸੀ ਮੰਤਵਾਂ ਲਈ ਉਲਝਾਈ ਰੱਖਣਾ ਹੈ। ਇਸੇ ਲਈ ਸੁਪਰੀਮ ਕੋਰਟ ਵਿੱਚ ਕੇਸ ਪਾਏ ਅਤੇ ਲਮਕਾਏ ਜਾ ਰਹੇ ਹਨ। ਅੱਗੋਂ ਅਦਾਲਤਾਂ, ਵੱਡੀਆਂ ਹੋਣ ਜਾਂ ਛੋਟੀਆਂ 'ਕੰਨੋਂ ਬੋਲੀਆਂ' ਹੋਣ ਕਾਰਨ ਇਨਸਾਫ਼ ਮਿਲਣ ਦੀ ਥਾਂ ਨਾਇਨਸਾਫ਼ੀ ਸ਼ੁਰੂ ਹੁੰਦੀ ਹੈ। ਅਜਿਹੇ ਹੀ ਅਦਾਲਤੀ ਰਵੱਈਏ ਨੇ ਪੰਜਾਬ ਨੂੰ ਸਮਾਜਿਕ, ਧਾਰਮਿਕ ਅਤੇ ਆਰਥਿਕ ਤੌਰ 'ਤੇ ਵੱਡੇ ਸੰਕਟ ਵਲ ਧੱਕ ਕੇ ਤਬਾਹ ਕੀਤਾ ਹੈ।

ਹੁਣ ਵੀ ਭਾਰਤੀ ਸੁਪਰੀਮ ਕੋਰਟ ਵਲੋਂ ਪੰਜਾਬੀਆਂ ਦੇ ਦਿਲਾਂ ਦੀ ਪੁਕਾਰ ਸੁਣਨ ਦੀ ਥਾਂ ਦਿੱਲੀ ਦਰਬਾਰ ਦੇ ਹੁਕਮਾਂ ਅਧੀਨ ਉਲਟਾ ਪੰਜਾਬ ਸਰਕਾਰ ਨੂੰ ਨਹਿਰ ਬਾਰੇ ਵਾਰ ਵਾਰ ਤਾੜਣਾ ਦੇਣ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਹਰਿਆਣਾ ਦੀਆਂ ਰਾਜਸੀ ਪਾਰਟੀਆਂ ਪੰਜਾਬ ਉੱਤੇ ਰਾਜਸੀ ਤੌਰ ਉੱਤੇ ਹੱਲਾ ਬੋਲਣ ਲਈ ਮੈਦਾਨ ਵਿੱਚ ਲਲਕਾਰੇ ਮਾਰ ਰਹੀਆਂ ਹਨ। ਹੁਣ ਹਾਲਾਤ ਇਹ ਹਨ ਕਿ ਹਰਿਆਣਾ ਦੀ ਸਿਆਸੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਵਲੋਂ 23 ਫਰਵਰੀ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਦੀ ਪੰਜਾਬ ਵਿਚ ਪੁਟਾਈ ਕਰਨ ਦੇ ਕੀਤੇ ਐਲਾਨ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਸਰਹੱਦ ਵੱਡੇ ਰਾਜਸੀ ਯੁੱਧ ਦਾ ਅਖਾੜਾ ਬਣਦੀ ਨਜ਼ਰ ਆ ਰਹੀ ਹੈ।

ਪਾਣੀਆਂ ਦੀ ਗਲਤ ਵੰਡ ਬਾਰੇ ਸੰਖੇਪ ਵਿੱਚ ਜ਼ਿਕਰ ਕਰੀਏ ਤਾਂ ਭਾਰਤ ਦੀ ਸਰਕਾਰ ਨੇ ਪੰਜਾਬ ਦੀ ਮਾਲਕੀ ਵਾਲੇ ਪਾਣੀਆਂ ਨੂੰ ਗੈਰ-ਰਿਪੇਰੀਅਨ ਰਾਜਾਂ ਨੂੰ ਦੇਣ ਵਾਸਤੇ ਗੈਰ-ਕਾਨੂੰਨੀ ਅਤੇ ਗੈਰ ਸੰਵਿਧਾਨਕ ਸਮਝੌਤਿਆਂ ਨੂੰ ਲਾਗੂ ਕੀਤਾ। ਇਨ੍ਹਾਂ ਗ਼ੈਰ-ਸੰਵਿਧਾਨਕ ਸਮਝੌਤਿਆਂ ਵਿੱਚ 1955 ਅਤੇ 1976 ਦੇ ਕੇਂਦਰ ਸਰਾਕਰ ਦੇ ਨੋਟੀਫਿਕੇਸ਼ਨ, 1981 ਦਾ ਇੰਦਰਾ ਐਵਾਰਡ ਅਤੇ 1986 ਦਾ ਅਰੈਡੀ ਟ੍ਰਿਬਿਊਨਲ ਸ਼ਾਮਲ ਹਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਚੀਫ ਇੰਜਨੀਅਰ ਜੀ.ਐਸ. ਢਿੱਲੋਂ ਮੁਤਾਬਕ ਹਰਿਆਣਾ ਨੂੰ 34 ਐਲ.ਏ.ਐਫ. ਵਿਚੋਂ 18 ਐਲ.ਏ.ਐਫ. ਪਾਣੀ ਭਾਖੜਾ-ਬਿਆਸ ਪ੍ਰਬੰਧਕੀ ਬੋਰਡ ਵਲੋਂ ਪਹਿਲਾਂ ਹੀ ਵਾਧੂ ਛੱਡਿਆ ਜਾ ਰਿਹਾ ਹੈ। ਸ. ਢਿੱਲੋਂ ਦਾ ਕਹਿਣਾ ਹੈ ਕਿ ਹਾਂਸੀ-ਬੁਟਾਣਾ ਨਹਿਰ ਰਾਹੀਂ ਵੀ ਹਰਿਆਣਾ (ਭਾਖੜਾ ਮੁੱਖ ਲਾਈਨ ਤੋਂ ਵਾਧੂ ਪਾਣੀ ਛੱਡਣ 'ਤੇ) 16 ਐਲ.ਏ.ਐਫ. ਪਾਣੀ ਬਿਨਾਂ ਐਸ.ਵਾਈ.ਐਲ. ਮੁਕੰਮਲ ਕੀਤੇ ਦੂਰ ਲਿਜਾ ਸਕਦਾ ਹੈ, ਜੋ ਕਿ ਇਸੇ ਉਦੇਸ਼ ਲਈ ਉਸਾਰੀ ਗਈ ਹੈ।

ਪੰਜਾਬ ਉੱਤੇ ਦੋਧਾਰੀ ਤਲਵਾਰ ਲਟਕ ਰਹੀ ਹੈ। ਇੱਕ ਪਾਸੇ ਭਾਰਤੀ ਸੁਪਰੀਮ ਕੋਰਟ ਐਸ. ਵਾਈ.ਐੱਲ. ਨਹਿਰ ਬਾਰੇ ਫੈਸਲਾ ਕਰਨ ਲਈ ਤਿਆਰ ਬੈਠੀ ਹੈ, ਦੂਜੇ ਪਾਸੇ ਹਰਿਆਣਾ ਵਾਲੇ ਜਬਰੀ ਨਹਿਰ ਕੱਢਣ ਦੇ ਢੋਲ ਵਜਾ ਰਹੇ ਹਨ। ਦਿੱਲੀ ਦੇ ਹਾਕਮ ਤਮਾਸ਼ਾ ਦੇਖ ਰਹੇ ਨੇ। ਪੰਜਾਬ ਦੀਆਂ ਸਾਰੀਆਂ ਰਾਜਸੀ ਧਿਰਾਂ ਲਈ ਇਸ ਹਮਲੇ ਦਾ ਟਾਕਰਾ ਕਰਨ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੂਝ-ਬੂਝ ਅਤੇ ਆਪਸੀ ਸਹਿਮਤੀ ਨਾਲ ਰਣਨੀਤੀ ਘੜਣ ਅਤੇ ਇੱਕਮੁਠ ਹੋ ਕੇ ਖੜਣ ਦਾ ਮੌਕਾ ਹੈ। ਅਜਿਹੀਆਂ ਔਖੀਆਂ ਘੜੀਆਂ ਮੌਕੇ ਹੀ ਰਾਜਸੀ ਆਗੂਆਂ ਦੀ ਸੁਹਿਰਦਤਾ ਅਤੇ ਸਿਆਣਪ ਦੀ ਪਰਖ ਹੁੰਦੀ ਹੈ।

# ਖਾਲਿਸਤਾਨ ਦੇ ਸ਼ਬਦ ਨੂੰ ਸਿਰਫ ਪਿਆਰ ਕਰਨ ਦੀ ਬਜਾਏ ਪੰਥ ਦੀ ਹੋਣੀ ਦੇ ਪਾਂਧੀ ਬਣੀਏ

**ਲੇਖਕ ਵਲੋਂ ਨੋਟ :** ਕੁੱਝ ਹਫਤੇ ਪਹਿਲਾਂ ਰਾਸ਼ਟਰਵਾਦ ਦੇ ਮੁੱਦੇ ਨੂੰ ਲੈ ਕੇ ਭਖਵੀਂ ਬਹਿਸ ਕਰਨ ਦਾ ਇੱਕਪਾਸੜ ਐਲਾਨ ਹੋਇਆ ਅਤੇ ਉਸ ਬਹਿਸ ਨੂੰ ਭਾਈ ਅਜਮੇਰ ਸਿੰਘ ਅਤੇ ਉਸ ਦੇ ਸਾਥੀਆਂ ਦਾ ਚੀਰਹਰਨ ਅਤੇ ਖਾਲਿਸਤਾਨ ਦੇ ਵਿਰੋਧ ਕਰਨ ਦਾ ਇੱਕ ਸੰਦ ਬਣਾਇਆ ਗਿਆ। ਰਾਸ਼ਟਰਵਾਦ ਦੇ ਹੱਕ ਵਿੱਚ ਕਾਮਰੇਡਾਂ ਤੋਂ ਲੈ ਕੇ ਕੁੱਝ 24 ਕੈਰੇਟ ਖਾਲਿਸਤਾਨੀ ਵੀ ਇਕੋ ਸਟੇਜ ਤੇ ਆ ਨਿੱਤਰੇ ਕਿਉਂ ਕਿ ਦੁਸ਼ਮਣ ਸਾਂਝਾ ਸੀ। ਜੇ ਇਹ ਬਹਿਸ ਪੰਥਕ ਸ਼ਖਸ਼ੀਅਤਾਂ ਵਲੋਂ ਭਵਿਖ ਦੀ ਹੋਣੀ ਬਾਰੇ ਹੁੰਦੀ ਤਾਂ ਉਸਦਾ ਪਲੇਟਫਾਰਮ ਅਖਬਾਰਾਂ ਦੀ ਬਜਾਏ ਕੋਈ ਹੋਰ ਹੋ ਸਕਦਾ ਸੀ ਪਰ ਇਸ ਬਹਿਸ ਦੀ ਆੜ ਹੇਠ ਤਾਕ ਚ ਬੈਠੇ ਕਈ ਖਿਡਾਰੀ ਨਿਕਲੇ, ਕਿਸੇ ਨੇ ਭਾਈ ਅਜਮੇਰ ਸਿੰਘ ਢਾਉਣਾ ਸੀ, ਕੋਈ ਭਾਈ ਦਲਜੀਤ ਸਿੰਘ ਜਾਂ ਉਸ ਦੇ ਗਰੁੱਪ ਦਾ ਢਿੱਡੋਂ ਵਿਰੋਧੀ ਸੀ, ਕੋਈ ਖਾਲਿਸਤਾਨੀ ਵਿਰੋਧੀ। ਜਿਸਦੇ ਪਿੜ ਵਿੱਚ ਜਾ ਕੇ ਅਸੀਂ ਆਪਣੀ ਖਿਦੋ ਵਗਾਹ ਮਾਰੀ ਫਿਰ ਜਿਹੜੀ ਉਸ ਖਿੱਦੋ-ਖੂੰਡੀ ਵਿੱਚ ਪਿਛਲੇ ਸਾਰੇ ਰਿਸ਼ਤੇ-ਨਾਤੇ ਅੱਖੋਂ-ਪਰੋਖੇ ਕਰਕੇ ਕਿਸੇ ਦੇ ਮੌਰਾਂ ਚ, ਕਿਸੇ ਦੇ ਗਿਟਿਆਂ ਚ ਜਿਥੇ ਸੂਤ ਲਗਿਆ ਛਾਂਗਿਆ ਗਿਆ। ਹੁਣ ਇਸ ਵਿੱਚੋਂ ਕੁੱਝ ਨਿਕਲਣ ਦੀ ਆਸ ਕਿਵੇਂ ਹੋ ਸਕਦੀ ਸੀ ? ਖਿੱਦੋ ਈ ਲੀਰੋ-ਲੀਰ ਹੋਣੀ ਸੀ, ਹੋਈ।

ਰਾਸ਼ਟਰਵਾਦ ਦੀ ਗੱਲ ਅਜੋਕੀ ਰਾਜਨੀਤੀ ਦੇ ਸੰਦਰਭ ਵਿੱਚ ਸਮਝਣੀ ਸਾਡੇ ਲਈ (ਸਮੇਤ ਮੇਰੇ) ਇੰਨੀ ਸੌਖੀ ਨਹੀਂ ਜਾਪਦੀ । ਭਾਈ ਅਜਮੇਰ ਸਿੰਘ ਨੇ ਇੱਕ ਮੁੱਦਾ ਸਾਡੇ ਸਾਹਮਣੇ ਲਿਆਂਦਾ ਪਰ ਅਸੀਂ so called ਖਾਲਿਸਤਾਨੀਆਂ ਨੇ ਉਹਦਾ ਜੋ ਹਸ਼ਰ ਕੀਤੈ ਕੀ ਅੱਗੇ ਤੋਂ ਕੋਈ ਨਵੀ ਗੱਲ ਕਹਿਣ ਦੀ ਜ਼ੁਰੱਅਤ ਕਰੂਗਾ ? ਅਸੀਂ ਆਪਣੇ ਰਾਹ ਆਪ ਬੰਦ ਕਰ ਰਹੇ ਹਾਂ ਅਤੇ ਜੋ ਤਰੀਕਾ ਅਪਣਾ ਰਹੇ ਹਾਂ ਉਹ ਇੰਨਾ ਨੀਵੀਂ ਪੱਧਰ ਦਾ, ਪੇਤਲਾ ਅਤੇ ਹੈਂਕੜ ਵਾਲਾ ਹੈ। ਜੇ ਸਾਨੂੰ ਸਾਡੇ ਬਾਰੇ disgusting ਸ਼ਬਦ ਵਰਤਣਾ ਚੰਗਾ ਨਹੀਂ ਲਗਦਾ ਤਾਂ ਸਾਨੂੰ ਆਪਣੇ ਵਿਹਾਰ ਅਤੇ ਕੰਮਾਂ-ਕਾਰਵਾਈਆਂ ਵਿੱਚ ਵੀ ਸਿੱਖਾਂ ਵਾਲਾ ਕਿਰਦਾਰ ਦਿਖਾਉਣਾ ਪਏਗਾ। ਵੈਸੇ ਜਦੋਂ ਇਹ ਸ਼ਬਦ (disgusting) ਭਾਈ ਅਜਮੇਰ ਸਿੰਘ ਨੇ ਕਿਹਾ ਸੀ ਤਾਂ ਮੈਨੂੰ ਵੀ ਚੰਗਾ ਨਹੀਂ ਸੀ ਲਗਿਆ ਪਰ ਹੁਣ ਲਗਦੈ ਹੋਰ ਢੁਕਵਾਂ ਸ਼ਬਦ ਹੈ ਈ ਕਿਹੜਾ ?

ਜਿਹੜੇ ਬੰਦਿਆਂ ਨੇ ਇਹ ਸਾਰੇ ਕਾਸੇ ਨੂੰ ਹਵਾ ਦਿੱਤੀ, ਉਹਨਾਂ ਨੇ ਇਸ ਬਾਰੇ ਕਿਉਂ ਨਹੀਂ ਲਿਖਿਆ ? ਜਿਹੜੇ ਬੰਦੇ ਜਾਂ ਲੀਡਰ ਖਾਲਿਸਤਾਨ ਦੇ ਨਾਹਰਿਆਂ, ਜੈਕਾਰਿਆਂ ਜਾਂ ਬੁਲਾਰਿਆਂ ਤੱਕ ਈ ਸੀਮਤ ਨੇ ਉਹ ਵੀ ਇੱਸ ਮੁਦੇ ਤੇ ਬੋਲਣ ਅਤੇ ਦੱਸਣ ਕਿ ਉਹਨਾਂ ਦੇ ਕੰਮਾਂ ਦੀ ਭਵਿਖ ਵਿੱਚ ਕੀ ਰੂਪ-ਰੇਖਾ ਹੋਵੇਗੀ ? ਇਹ ਕਿਹੜੀ ਕਿਤਾਬ ਚ ਲਿਖਿਐ ਕਿ ਭਾਈ ਦਲਜੀਤ ਸਿੰਘ ਦੇ ਗਰੁੱਪ ਨੂੰ ਹੀ ਸੂਈ ਦੇ ਨੱਕੇ ਵਿੱਚੋਂ ਕਢਿਆ ਜਾਵੇ ਪਰ ਦੂਜਿਆਂ ਨੂੰ ਪੂਰੀ ਖੁੱਲ੍ਹ, ਉਹ ਭਾਵੇਂ ਕਾਮਰੇਡਾਂ ਨਾਲ ਯਾਰੀ ਨਿਭਾਉਣ, ਚਾਹੇ ਰਾਧਾ ਸੁਆਮੀ ਨਾਲ ਜਾਂ ਬਿਨਾਂ ਪੰਥ ਦੀ ਸਲਾਹ ਤੋਂ ਨਵਾਂ ਪਾਲਿਸੀ ਪ੍ਰੋਗਰਾਮ ਲਿਆ ਕੇ ਪੰਥ ਦੇ ਸਿਰ ਮੜ੍ਹ ਦੇਣ। ਉਹਨਾਂ ਦੇ ਕੰਮਾਂ ਤੇ ਕਿੰਤੂ ਕਰਨ ਦਾ ਹੱਕ ਕੋਈ ਨਹੀਂ ਪਰ ਉਹਨਾਂ ਨੇ ਕਿਸੇ ਨੂੰ ਬਖਸ਼ਣਾ ਨਹੀਂ। ਕੀ ਅਜਿਹੇ ਕਲਚਰ ਦਾ ਵਾਧਾ ਕਰਨ ਵਾਲਿਆਂ ਨੂੰ disgusting ਕਹਿਣਾ ਠੀਕ ਨਹੀਂ ?

ਮੈਂ ਇਹ ਲੇਖ ਬਹਿਸ ਸ਼ੁਰੂ ਕਰਨ ਲਈ ਲਿਖਿਆ ਸੀ ਪਰ ਜਿਨ੍ਹਾਂ ਨੇ ਅਜਮੇਰ ਸਿੰਘ ਨੂੰ ਘੇਰਾ ਪਾਉਣ ਦਾ ਕੰਮ ਵਿਢਿਆ ਉਹ ਕੋਈ ਬਾਦਲੀਲ ਗੱਲ ਕਰਨ ਦੀ ਥਾਂ ਉਲਟਾ ਧੂੜ ਵਿੱਚ ਟੱਟੂ ਭਜਾਉਂਦੇ ਨਜ਼ਰ ਆਏ। ਇਸ ਲਈ ਅਸੀਂ ਇਹ ਲੇਖ ਛਾਪ ਕੇ ਇਸ ਬਹਿਸ ਨੂੰ ਬੰਦ ਕਰਦੇ ਹਾਂ ਕਿਉਂਕਿ ਅਸਲ 'ਚ ਇਸ ਮਸਲੇ ਨੂੰ ਇੱਕ ਧਿਰ ਵਲੋਂ ਸਿਰਫ ਭਾਈ ਅਜਮੇਰ ਸਿੰਘ ਨਾਲ ਕਿੜ ਕੱਢਣ ਅਤੇ ਖਾਲਿਸਤਾਨ ਦੇ ਵਿਰੋਧ ਲਈ ਵਰਤਿਆ ਜਾ ਰਿਹਾ ਹੈ। ਹਾਂ ਜੇ ਕੋਈ ਇਸ ਵਿਸ਼ੇ ਤੇ ਸੰਜੀਦਾ ਵਿਚਾਰ ਕਰਨੀ ਚਾਂਹੁਦਾ ਹੈ ਤਾਂ ਇਸਦੀਆਂ ਦੋ ਬੈਠਕਾਂ ਇੱਕ ਅਮਰੀਕਾ ਵਿੱਚ ਅਤੇ ਇੱਕ ਪੰਜਾਬ ਵਿੱਚ ਰੱਖੀ ਜਾ ਸਕਦੀ ਹੈ। ਸ਼ਾਮਿਲ ਹੋਣ ਵਾਲੇ ਵਿਅਕਤੀ ਸੰਪਰਕ ਕਰਨ।

ਈਮੇਲ : asrtimes@gmail.com

**ਜਸਜੀਤ ਸਿੰਘ**

Ethnicity ਅਤੇ Nationalism ਬਾਰੇ ਕੁੱਝ ਵੀ ਲਿਖਣ ਤੋਂ ਪਹਿਲਾਂ ਇਹਨਾਂ ਦੇ ਭਾਵਅਰਥ ਸਿੱਖਾਂ ਲਈ ਕੀ ਹਨ ਸਮਝਣਾ ਜਰੂਰੀ ਹੈ ਕਿਉਂਕਿ ਸਿੱਖ ਲਿਖਤਾਂ ਵਿਚ ਇਹ ਇੰਨੇ ਰਲਗੱਡ ਹੋਏ ਹਨ ਕਿ ਇਨ੍ਹਾਂ ਵਿਚ ਅੰਤਰ ਸਮਝਣਾ ਔਖਾ ਹੋ ਜਾਂਦਾ ਹੈ। ਉਸਦਾ ਇਕ ਕਾਰਨ ਇਨ੍ਹਾਂ ਦੇ ਪੰਜਾਬੀ ਵਿਚ ਢੁਕਵੇਂ ਸ਼ਬਦ ਨਹੀਂ ਲੱਭਦੇ ਅਤੇ ਨਾ ਹੀ ਪੰਜਾਬੀ ਸਕਾਲਰਾਂ ਨੇ ਇਨ੍ਹਾਂ ਦੇ ਸ਼ਬਦ ਘੜੇ ਹਨ। ਮੈਂ ਕੰਮ ਚਲਾਉਣ ਲਈ ਆਪਣੀ ਸਮਝ ਮੁਤਾਬਕ ਕੁਝ ਸ਼ਬਦਾਂ ਦੀ ਵਰਤੋਂ ਕੀਤੀ ਹੈ ਪਰ ਆਰਟੀਕਲ ਵਿਚ ਭਾਵਅਰਥ ਅੰਗਰੇਜ਼ੀ ਸ਼ਬਦਾਂ ਤੋਂ ਹੀ ਲਿਆ ਜਾਵੇ। ਇਥੇ ਆਪਾਂ ਸਿੱਖ ਪੰਥ (Ethnicity ਸ਼ਬਦ ਥੋੜਾ ਕਰੀਬ ਹੈ) ਅਤੇ ਸਿੱਖ ਕੌਮ ਨੂੰ Sikh Nation ਵਜੋਂ ਵਰਤਾਂਗੇ। Ethnicity ਸ਼ਬਦ ਦੇ ਅਰਥਾਂ ਮੁਤਾਬਕ ਮਨੁੱਖ ਜਨਮ ਤੋਂ ਹੀ ਕਿਸੇ ਨਾ ਕਿਸੇ Ethnicity (ਨਸਲ) ਦਾ ਹਿੱਸਾ ਹੁੰਦਾ ਹੈ ਜਿਸ ਦਾ ਇਕ ਧਰਮ, ਸਰੂਪ, ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਸਾਂਝਾ ਹੋ ਸਕਦਾ ਹੈ। Nation (ਕੌਮ) ਸ਼ਬਦ ਬਾਰੇ ਤਕਰੀਬਨ ਸਾਰੇ ਰਾਜਨੀਤਿਕ ਸ਼ਾਸ਼ਤਰੀ Benedict Anderson ਵਲੋਂ ਦਿੱਤੀ ਪਰਿਭਾਸ਼ਾ ਨੂੰ ਹੀ ਮੰਨਦੇ ਹਨ ਜਿਸ ਵਿੱਚ ਉਹ ਕਹਿੰਦਾ ਹੈ ਕਿ ਕੌਮ (Nation) ਇਕ ਕਲਪਨਾਤਿਕ ਭਾਈਚਾਰਾ (Imagined Community) ਹੈ ਜਿਹੜੀ ਕਿ ਖਾਸ ਭੂਗੋਲਿਕ ਹੱਦਾਂ ਦੇ ਵਿਚ ਉਸਰਦੀ ਹੈ ਅਤੇ ਜਿਸਦਾ ਮੁੱਖ ਉਦੇਸ਼ ਰਾਜ਼ਸੀ ਹੁੰਦਾ ਹੈ। ਇਹ ਉਹ ਲੋਕ ਹੁੰਦੇ ਹਨ ਜੋ ਕਈ ਵਾਰ ਸਭਿਆਚਾਰ ਅਤੇ ਭਾਸ਼ਾ ਵਰਗੇ ਕਾਰਨਾਂ ਕਰਕੇ ਇਕ ਖਿਤੇ ਵਿਚ ਰਹਿੰਦੇ ਹਨ ਅਤੇ ਜਿਹਨਾਂ ਦਾ ਰਾਜਸੀ ਨਿਸ਼ਾਨਾ Sovereignty ਹੁੰਦਾ ਹੈ। ਧਿਆਨ ਗੋਚਰੇ ਹੈ ਕਿ ਕੌਮ ਵਿੱਚ ਧਰਮ ਅਤੇ ਇਤਿਹਾਸ ਸਾਂਝਾ ਹੋਣਾ ਜਰੂਰੀ ਤੱਤ ਨਹੀਂ ਹਨ। ਅਫਰੀਕਾ ਦੇ ਜਿਆਦਾ ਮੁਲਕ ਇਸ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਅਮਰੀਕਾ ,ਕੈਨੇਡਾ ਵੀ ਤਕਰੀਬਨ ਇਸੇ ਤਰਾਂ ਮੰਨੇ ਜਾਂਦੇ ਹਨ। ਕਈ ਵਾਰੀ Nation ਅਤੇ Ethnicity ਵਿਚ ਭੇਦ ਕਰਨਾ ਔਖਾ ਹੋ ਜਾਂਦਾ ਹੈ ਜਾਂ ਕਹਿ ਲਉ ਇਹ ਨਾਲ ਨਾਲ ਹੀ ਚਲਦੇ ਹਨ ਜਿਨ੍ਹਾਂ ਵਿਚ ਮੁੱਖ ਤੌਰ ਤੇ ਜਪਾਨੀ ਅਤੇ ਕੋਰੀਅਨ ਕਹੇ ਜਾ ਸਕਦੇ ਹਨ।

ਰਾਜੇ, ਮਹਾਰਾਜਿਆਂ ਜਾਂ ਬਾਦਸ਼ਾਹ ਵੇਲੇ ਲੋਕਾਂ ਦੀ ਵੰਡ ਜਾਂ ਉਨ੍ਹਾਂ ਦੇ ਉਦੇਸ਼ ਕੌਮ (Nation) ਦੇ ਆਧਾਰ ਤੇ ਨਹੀਂ ਸਨ ਹੁੰਦੇ। ਲੋਕ ਬਹੁਤ ਛੋਟੇ ਛੋਟੇ ਕਸਬਿਆਂ ਵਿਚ ਰਹਿੰਦੇ ਸਨ ਅਤੇ ਘੱਟ ਜਾਣਕਾਰੀ ਦੇ ਸਾਧਨ ਹੋਣ ਕਰਕੇ ਉਨ੍ਹਾਂ ਨੂੰ ਦੁਨੀਆਂ ਵਿਚ ਵਸਦੇ ਉਨ੍ਹਾਂ ਵਰਗੇ ਹੋਰ ਲੋਕਾਂ ਬਾਰੇ ਪਤਾ ਵੀ ਨਹੀਂ ਸੀ। ਸਨਅਤੀ ਇਨਕਲਾਬ (Industrial Revolution) ਕਰਕੇ ਪ੍ਰੈਸ ਆਉਣ ਕਾਰਣ ਪਰਚਿਆਂ ਦੇ ਛਪਣ ਅਤੇ ਪੂੰਜੀਵਾਦੀ ਰੁਝਾਨ ਵਧਣ ਨਾਲ, ਵਿਚਾਰ ਦੀ ਸ਼ੁਰੂਆਤ ਅਤੇ ਕੌਮਾਂ ਅਤੇ ਸਭਿਆਚਾਰਾਂ ਦੀ ਜਾਣ ਪਹਿਚਾਣ ਹੋਣ ਲੱਗੀ। ਇਸ ਤੋਂ ਪਹਿਲਾਂ ਲੋਕ ਨਸਲੀ (Ethnicity) ਤੌਰ ਤੇ ਕਬੀਲਿਆਂ ਵਿਚ ਰਹਿੰਦੇ ਸਨ। ਫਰਾਂਸ ਦੀ ਕ੍ਰਾਂਤੀ ਅਤੇ ਨਵੇਂ ਯੁੱਗ (ਬਸਤੀਵਾਦੀ) ਨਾਲ ਹੀ ਹੌਲੀ ਹੌਲੀ ਕੌਮਾਂ ਦੀ ਪਹਿਚਾਣ Nationalism (ਰਾਸ਼ਟਰਵਾਦ) ਨੇ ਰਾਜਸੀ ਖੇਤਰ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। ਬਸਤੀਵਾਦ ਵੇਲੇ ਨੇਸ਼ਨ ਸਟੇਟ ਦਾ ਉਭਾਰ ਸ਼ੁਰੂ ਹੋਇਆ ਜਿਸ ਵਿਚ ਇਕ ਖਾਸ ਭੂਗੋਲਿਕ ਖਿੱਤੇ ਵਿਚ ਰਹਿੰਦੇ ਲੋਕਾਂ ਨੇ ਇਕ ਸਭਿਆਚਾਰਕ ਇਕਾਈ ਨੂੰ ਜਨਮ ਦਿੱਤਾ ਜਿਸਦਾ ਮਨੋਰਥ ਰਾਜਸੀ ਤਾਕਤ ਪ੍ਰਾਪਤ ਕਰਨਾ ਸੀ। ਇਕ ਇਤਿਹਾਸਕਾਰ ਮੁਤਾਬਕ 'Nation means building Political roof over your cultural head' ਜੇ ਗੱਲ ਸੌਖੀ ਸਮਝਣੀ ਹੋਵੇ ਤਾਂ ਭਾਰਤ ਵਿਚ ਕਈ ਨਸਲਾਂ (Ethnicity) ਨੇ ਇਕੱਠੇ ਹੋ ਕੇ ਭਾਰਤੀ ਕੌਮ (Indian Nation) ਦੇ ਨਾਮ ਹੇਠ ਭਾਰਤ ਆਜ਼ਾਦ ਕਰਾਇਆ। ਹੁਣ ਦੁਨੀਆਂ ਦੇ ਤਕਰੀਬਨ 193 ਮੁਲਕਾਂ ਵਿਚ 650 ਨਸਲਾਂ ਦੇ ਲੋਕ ਰਹਿੰਦੇ ਹਨ। ਪਹਿਲੇ ਮਹਾਂ-ਯੁੱਧ ਤੋਂ ਬਾਅਦ ਹੌਲੀ-ਹੌਲੀ ਆਜ਼ਾਦੀ ਕੌਮਾਂ ਦੇ ਆਧਾਰ ਤੇ ਹੋਣ ਲੱਗੀ ਅਤੇ ਇਹਨਾਂ ਨੂੰ ਹੀ Nation-State ਕਿਹਾ ਜਾਣ ਲੱਗਾ ਅਤੇ ਆਜ਼ਾਦੀ ਲੈਣ ਦਾ ਫਾਰਮੂਲਾ ਵੀ ਨੇਸ਼ਨ ਬਣਨ ਲੱਗਾ। ਇਹਨਾਂ ਸਟੇਟਾਂ ਨੇ ਹੀ ਇਕੱਠੇ ਹੋਕੇ UNO ਦੀ ਸਥਾਪਨਾ ਕੀਤੀ।

Nation State ਦੇ ਰੂਪ ਵਿਚ ਹੋਂਦ ਵਿਚ ਆਏ ਕਈ ਮੁਲਕਾਂ ਵਿਚਲੀ ਬਹੁਗਿਣਤੀ ਕੌਮਾਂ ਨੇ ਲੋਕਤੰਤਰ ਦੇ ਨਾਮ ਹੇਠ ਸਾਰੀ ਸ਼ਕਤੀ ਦਾ ਕੇਂਦਰੀਕਰਨ ਕਰਨਾ ਸ਼ੁਰੂ ਕਰ ਦਿੱਤਾ ਤੇ ਜਿਹੜੀਆਂ ਹੋਰ ਨਸਲਾਂ (Ethnicities) ਉਨ੍ਹਾਂ ਨਾਲ ਆਜ਼ਾਦੀ ਦੇ ਰਾਹ ਦੀਆਂ ਹਮਸਫ਼ਰ ਸਨ ਉਨ੍ਹਾਂ ਦਾ ਹੀ ਗਲਾ ਘੋਟਨਾ ਸ਼ੁਰੂ ਕਰ ਦਿੱਤਾ। ਜਿਵੇਂ ਦਸਿਆ ਹੈ 650 ਨਸਲਾਂ ਨੇ ਆਪਣੀ ਕਿਸਮਤ 193 ਦੇਸ਼ਾਂ ਦੇ ਭੂਗੋਲਿਕ ਖੇਤਰ ਵਿਚ ਬੰਨ੍ਹ ਲਈ। ਹੁਣ ਜਦੋਂ ਇਨ੍ਹਾਂ ਨਸਲਾਂ ਦੇ ਇਤਿਹਾਸ, ਸਭਿਆਚਾਰ ਜਾਂ ਧਰਮ ਨੂੰ ਬਹੁਗਿਣਤੀ ਨੇ ਆਪਣੇ ਵਿਚ ਸਮੇਟਨਾ ਸ਼ੁਰੂ ਕਰ ਦਿੱਤਾ ਤਾਂ ਇਨ੍ਹਾਂ ਵਿਚੋਂ ਬਹੁਤੀਆਂ ਕੌਮਾਂ ਵੀ ਆਪਣੀ ਆਜ਼ਾਦੀ ਦੇ ਰਾਹ ਤੁਰ ਪਈਆਂ ਅਤੇ ਇਸ ਹਥਿਆਰਬੰਦ ਜੰਗ ਵਿੱਚ ਹੁਣ ਤੱਕ 32 ਮਿਲੀਅਨ ਮੌਤਾਂ ਸਿਰਫ਼ ਇਸ ਕਾਰਨ ਹੀ ਹੋਈਆਂ ਜਿਹੜੀ ਕਿ ਮਨੁੱਖੀ ਇਤਿਹਾਸ ਵਿਚ ਰਾਜਸੀ ਤਾਕਤ ਪ੍ਰਾਪਤ ਕਰਨ ਲਈ ਸਭ ਤੋਂ ਵੱਡੀ ਗਿਣਤੀ ਹੈ।

ਲੋਕਤੰਤਰ ਰਾਸ਼ਟਰਵਾਦ ਦੀ ਮਸ਼ੀਨ ਬਣ ਗਿਆ ਅਤੇ ਇਸ ਦੌਰ ਵਿੱਚ ਪਦਾਰਥਵਾਦੀ ਵਿਕਾਸ ਦੀ ਜਰੂਰਤ ਵਜੋਂ ਸੰਸਾਰੀਕਰਣ ਦੀ ਵਿਧੀ ਨੇ ਜਨਮ ਲਿਆ। ਲੋਕਤੰਤਰ ਬਾਰੇ ਬਹੁਤ ਵਿਸਥਾਰ ਨਾਲ ਨਾ ਜਾਂਦੇ ਹੋਏ ਇਸ ਵਿਚ ਵਣਜ (Commerce) ਨੂੰ ਜ਼ਿਆਦਾ ਤਰਜ਼ੀਹ ਮਿਲਣੀ ਸ਼ੁਰੂ ਹੋਈ ਕਿਉਂਕਿ ਵਿਉਪਾਰੀ ਲੋਕਤੰਤਰ ਦੀ ਪਿੱਠ ਥਾਪੜਨ ਲੱਗੇ। ਹੌਲੀ ਹੌਲੀ ਸਰਕਾਰੀ ਪ੍ਰਣਾਲੀ ਵਿਚ ਧਰਮ ਦੀ ਛਾਪ ਮੱਧਮ ਹੁੰਦੀ ਗਈ। ਬਹੁਤੀਆਂ Nation States ਧਰਮ ਉਤੇ ਆਧਾਰਿਤ ਵੀ ਨਹੀਂ ਸਨ ਅਤੇ ਕਈਆਂ ਨੇ ਧਰਮ ਨੂੰ ਸੰਵਿਧਾਨ ਦੇ ਘੇਰੇ ਵਿੱਚ ਨਿਹੱਥਾ (disarm) ਕਰ ਦਿੱਤਾ। ਇਸ ਵਰਤਾਰੇ ਵਿਚ ਵੱਡੀਆਂ ਤਾਕਤਾਂ ਨੇ ਇਕ ਸਾਂਝ ਬਣਾ ਲਈ ਅਤੇ ਵਿਉਪਾਰ ਦੇ ਆਧਾਰ ਤੇ ਹੀ ਸੰਧੀਆਂ ਹੋਣ ਲੱਗੀਆਂ। ਕਿਸੇ ਕੌਮ ਦੀ ਆਜ਼ਾਦੀ ਸਿਰਫ਼ ਤੇ ਸਿਰਫ਼ ਵੱਡੀਆਂ ਤਾਕਤਾਂ ਦਾ ਤੋਹਫ਼ਾ (GIFT) ਹੋ ਕੇ ਰਹਿ ਗਈ। ਕੌਮਾਂ ਦੇ ਹੱਕ ਦਾ ਧਿਆਨ ਨਾ ਰੱਖਦੇ ਹੋਏ ਕੌਮਾਂ ਦੀ ਆਜ਼ਾਦੀ ਵੀ ਵਿਉਪਾਰ ਵਿਚ ਨਫੇਨੁਕਸਾਨ ਕਰਕੇ ਹੀ ਹੋਣ ਲੱਗੀ। ਜਿਹਨਾਂ ਦੇਸ਼ਾਂ ਵਿੱਚ ਕੌਮਾਂ ਦੀ ਹੱਕੀ ਆਜ਼ਾਦੀ ਲਈ ਸਵਿਧਾਨ ਵਿੱਚ ਕੋਈ ਸੁਵਿਧਾ ਨਹੀਂ ਸੀ ਉਥੇ

ਬਾਕੀ ਸਫ਼ਾ 32 'ਤੇ

... ਹੈਰਾਨੀ ਹੁੰਦੀ ਹੈ ਕਿ ਸਿੱਖ ਖਾੜਕੂ ਲਹਿਰ ਦੇ ਹਮਦਰਦ ਸਿੱਖ ਬੁੱਧੀਜੀਵੀਆਂ ਨੇ ਵੀ ਇਸ ਦੁਖਾਂਤ ਦਾ ਅੱਜ ਤੱਕ ਕੋਈ ਸੁਹਿਰਦ ਤੇ ਇਮਾਨਦਾਰੀ ਵਾਲਾ ਲੇਖਾ-ਜੋਖਾ ਨਹੀਂ ਕੀਤਾ। ਉਹ ਨੇਸ਼ਨ-ਸਟੇਟ ਦੇ ਪੁਰਾਣੇ ਸਿਆਸੀ ਮੁਹਾਵਰੇ ਨੂੰ ਜੱਫਾ ਮਾਰੀ ਬੈਠੇ ਨੇ। ਗਜ਼ਬ ਇਸ ਗੱਲ ਦਾ ਵੀ ਹੈ ਕਿ ਜਿਹੜਾ ਗੈਰ-ਸਿੱਖ ਵਿਦਵਾਨਾਂ ਨੇ ਸਿੱਖ ਦੁਖਾਂਤ ਬਾਰੇ ਕੋਈ ਪੁੱਠਾ-ਸਿੱਧਾ ਵਿਸ਼ਲੇਸ਼ਨ ਕੀਤਾ ਉਸੇ ਮਸਾਲੇ ਨੂੰ ਸਿੱਖ ਵਿਦਵਾਨ ਆਪਣੀ ਸਮਝ' ਬਣਾ ਕੇ ਪੇਸ਼ ਕਰੀ ਜਾਂਦੇ ਹਨ। ਪਿਛਲੇ ਦੋ ਦਹਾਕਿਆਂ ਤੋਂ ਸਿੱਖ ਦੁਖਾਂਤ ਪਿੱਛੇ ਅਸਲ ਕਾਰਨਾਂ ਦੀ ਖੋਜ ਕਰਦਿਆਂ ਅਜਮੇਰ ਸਿੰਘ ਨੇ ਪੰਜ ਕਿਤਾਬਾਂ ਲਿਖ ਦਿਤੀਆਂ। ਪਰ ਉਹ ਅਜੇ ਵੀ ਮਹਿਸੂਸ ਕਰਦਾ ਹੈ ਕਿ ਸਿੱਖ ਸੰਕਟ ਦੀ ਥਾਹ ਪਾਉਣ ਲਈ ਅਤੇ ਉਸਦੇ ਹੱਲ ਕੱਢਣ ਲਈ ਸਿੱਖ ਵਿਦਵਾਨਾਂ ਵਲੋਂ ਹੋਰ ਗੰਭੀਰ ਅਧਿਅਨ ਕਰਨ ਦੀ ਜਰੂਰਤ ਹੈ।

### ਗੁਲਾਮ ਮਾਨਸਿਕਤਾ ਦਾ ਦੁਖਾਂਤ

# 'ਨੇਸ਼ਨ-ਸਟੇਟ' ਬਾਰੇ ਸਿੱਖ ਬੁੱਧੀਜੀਵੀਆਂ ਦੇ ਭਰਮ ਭੁਲੇਖੇ

**ਜਸਪਾਲ ਸਿੰਘ ਸਿੱਧੂ**



ਕਾਂਗਰਸ ਅਤੇ ਮੁਸਲਿਮ ਲੀਗ ਦਰਮਿਆਨ 1947 ਦੇ ਅੱਧ ਵਿਚ ਭਾਰਤੀ ਉਪ-ਮਹਾਂਦੀਪ ਨੂੰ ਆਪਸ ਵਿਚ ਵੰਡ ਲੈਣ ਸਬੰਧੀ ਹੋਏ ਸਮਝੌਤੇ ਤੋਂ ਹੀ ਸਿੱਖ ਭਾਈਚਾਰੇ ਦੇ ਬੁਰੇ ਦਿਨਾਂ ਦੀ ਦਾਸਤਾਂ ਸ਼ੁਰੂ ਹੰਦੀ ਹੈ। ਵੱਡੇ ਪੁਰਾਣੇ ਪੰਜਾਬ ਦੀ ਅਬਾਦੀ ਦਾ ਬਾਰ੍ਹਾਂ-ਤੇਰ੍ਹਾਂ ਪ੍ਰਤੀਸ਼ਤ ਖੁਸ਼ਹਾਲ ਸਿੱਖ ਬਰਾਦਰੀ ਕੋਲ ਸਮੁਚੇ ਸੂਬੇ ਦੀ ਤੀਜਾ ਹਿੱਸਾ ਖੇਤੀ ਜ਼ਮੀਨ ਤੇ ਹੋਰ ਚੰਗੇ ਸਾਧਨਾਂ ਦੀ ਮਾਲਕੀ ਸੀ। ਪੰਜਾਬ ਦੀ ਪੱਧਰੀ ਧਰਤੀ ਉਤੇ ਖਿੱਚੀ ਰੈਡਕਲਿਫ ਨਾਮੀ ਵੰਡ ਦੀ ਲਕੀਰ ਪਿਛੋਂ, ਉਜੜੇ-ਉਖੜੇ ਸਿੱਖਾਂ ਨੂੰ ਭਾਰਤੀ ਪੰਜਾਬ ਵਿਚ ਆਪਣੀਆਂ ਜਾਇਦਾਤਾਂ ਦਾ ਤੀਜਾ-ਕੁ ਹਿੱਸਾ ਪੱਲੇ ਪਿਆ। ਦਸ ਲੱਖ ਦੇ ਕਰੀਬ ਮਾਰੇ ਗਏ ਤੇ 80 ਲੱਖ ਦੇ ਨੇੜ੍ਹੇ-ਤੇੜ੍ਹੇ ਉਜੜੇ ਹਿੰਦੂ ਤੇ ਮੁਸਲਮਾਨ ਪੰਜਾਬੀਆਂ ਵਿਚ ਸਿੱਖਾਂ ਦੀ ਕਾਫੀ ਵੱਡੀ ਗਿਣਤੀ ਸੀ।

ਅੰਗਰੇਜ਼ੀ ਸਾਮਰਾਜ ਵਲੋਂ ਕਾਂਗਰਸ ਤੇ ਮੁਸਲਿਮ ਲੀਗ ਨੂੰ ਰਾਜ-ਸੱਤਾ ਸੌਂਪਣ (transfer of pawer) ਤੋਂ ਬਾਅਦ, 14 ਅਗਸਤ (1947) ਨੂੰ ਪਾਕਿਸਤਾਨ ਤੇ ਅਗਲੀ ਰਾਤ ਦੇ ਬਾਰ੍ਹਾਂ ਵਜੇ ਇੰਡੀਆ- ਦੋ ਨੇਸ਼ਨ-ਸਟੇਟਾਂ- ਨੇ ਉਪ-ਮਹਾਂਦੀਪ ਵਿਚ ਜਨਮ ਲੈ ਲਿਆ। ਸਿੱਖ ਜਿਹੜੇ ਆਪਣੇ ਆਪ ਨੂੰ ਤੀਜੀ ਧਿਰ' ਦੇ ਤੌਰ ਤੇ ਚਿਤਵਦੇ ਵੀ ਤੇ ਵਿਚਰਦੇ ਵੀ ਰਹੇ ਸਨ, ਭਾਰਤ ਵਿਚ ਸਿਰਫ ਛੋਟੀ ਜਿਹੀ ਘੱਟ-ਗਿਣਤੀ (ਕੁਲ ਵਸੋਂ ਦਾ ਦੋ ਪ੍ਰਤੀਸ਼ਤ-a small minority) ਬਣ ਗਈ। ਇਸ ਨਾਲ ਉਨ੍ਹਾਂ ਦੀ ਮਾਡਰਨ ਯੁੱਗ ਵਿਚ ਇਕ ਗੁਲਾਮੀ ਲਾਹ ਕੇ ਦੂਜੇ ਗੁਲਾਮੀ ਦੇ ਦੌਰ ਦਾ ਸ਼ੁਰੂਆਤ ਹੋਇਆ। ਕਈ ਪਾਸੇ ਬਦਲਨ ਤੋਂ ਪਿਛੋਂ ਵੀ ਸਿੱਖਾਂ ਦੀ ਰਾਜਨੀਤਿਕ ਪਾਰਟੀ, ਅਕਾਲੀ ਦਲ ਦਾ ਹੱਥ ਕਿਤੇ ਨਾ ਅੜਿਆ ਤਾਂ ਉਸਨੇ ਬਾਬਾ ਸਾਹਿਬ ਅੰਬੇਦਕਰ ਦੀ ਸਲਾਹ ਉਤੇ ਸਿਆਸੀ ਸਥਾਪਤੀ ਲਈ, ਪੰਜਾਬੀ ਸੂਬੇ ਦਾ ਮੋਰਚਾ 1950ਵਿਆਂ ਵਿਚ ਵਿਢਿਆ।

ਭਾਰਤੀ ਨੇਸ਼ਨ' ਉਸਾਰਨ ਦਾ ਸਿਰਜਣ ਦਾ ਕਾਰਜ ਲੈ ਕੇ ਤੁਰੀ ਹਾਕਮ ਪਾਰਟੀ ਕਾਂਗਰਸ ਦੇ ਵੱਡੇ ਲੀਡਰ ਜਵਾਹਰ ਲਾਲ ਨਹਿਰੂ ਨੂੰ ਅਕਾਲੀਆਂ ਦੀ ਇਹ ਮੰਗ ਆਪਣੇ ਮਿਸ਼ਨ ਦੀ ਪੂਰਤੀ ਵਿਚ ਵੱਡਾ ਅੜਿਕਾ ਲੱਗੀ ਸੀ ਕਿਉਂਕਿ ਸਿੱਖ ਵੀ ਆਪਣੇ ਆਪ ਨੂੰ ਬਹੁਗਿਣਤੀ ਹਿੰਦੂ ਸਮਾਜ ਤੋਂ ਵੱਖਰੇ ਤੇ ਨਿਵੇਕਲੀ ਕੌਮ' ਹੋਣ ਦਾ ਦਾਅਵਾ ਕਰਦੇ ਆ ਰਹੇ ਸਨ। ਦੇਸ ਵਿਚ ਹੋਰ ਕਈ ਬੋਲੀ-ਅਧਾਰਤ ਸੂਬੇ ਬਣਾਉਣ ਲਈ ਉਠੀਆਂ ਮੰਗਾਂ ਪ੍ਰਤੀ ਅਪਣਾਏ ਵਤੀਰੇ ਤੇ ਬਿਲਕੁਲ ਉਲਟ, ਨਹਿਰੂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਦੇਸ ਤੋਂ ਵੱਖ ਹੋਣ ਦਾ ਮਨਸੂਬਾ' ਐਲਾਨਿਆ ਤੇ ਕਿਹਾ 'ਜਿਉਂਦੇ ਜੀਅ ਉਹ ਪੰਜਾਬੀ ਸੂਬਾ ਬਣਨ ਵੀ ਨਹੀ ਦੇਵੇਗਾ।' ਅਤੇ ਪੰਜਾਬੀ ਸੂਬਾ ਬਣਿਆ ਵੀ ਨਹਿਰੂ ਦੀ ਮੌਤ ਪਿਛੋਂ ਹੀ, ਜਦੋਂ ਸੰਨ 1966 'ਚ ਭਾਰਤ-ਪਾਕਿਸਤਾਨ ਦੇ ਆਪਸੀ ਜੰਗ ਦੇ ਗਹਿਰੇ ਬਦਲਾਂ ਵਿਚ ਘਿਰੇ ਹੋਏ ਸਨ।

ਮੌਜੂਦਾ ਮਾਡਰਨ ਨੇਸ਼ਨ-ਸਟੇਟ ਦੀਆਂ ਸਰਕਾਰਾਂ ਸਿਰਾਂ ਦੀ ਗਿਣਤੀ ਤੇ ਅਧਾਰਤ ਚੋਣ-ਪ੍ਰਣਾਲੀ ਰਾਹੀ ਹੀ ਬਣਦੀਆਂ, ਇਸੇ ਕਰਕੇ ਅਜਾਦ ਭਾਰਤ ਵਿਚ ਨੇਸ਼ਨ' ਖੜੀ ਕਰਨ ਦਾ ਧੁਰਾ ਵੀ ਹਿੰਦੂ-ਬਹੁਗਿਣਤੀ (ਵੱਡਾ ਵੋਟ ਬੈਂਕ) ਸਮਾਜ ਨੂੰ ਹੀ ਬਣਾਇਆ ਗਿਆ। ਨੇਸ਼ਨ-ਸੇਟਟ ਦੇ ਪ੍ਰਚੱਲਤ ਅਮਲ ਮੁਤਾਬਕ ਭਾਰਤੀ ਨੇਸ਼ਨ' ਦੀ ਉਸਾਰੀ ਦਾ ਵੱਡਾ ਹਥਿਆਰ ਨੈਸ਼ਨਲਿਜ਼ਮ' ਨੂੰ ਵੀ'ਹਿੰਦੂ ਕਲਚਰ, ਬੋਲੀ, ਹਿਸਟਰੀ ਤੇ ਧਾਰਮਿਕ ਰਹੁ-ਰੀਤਾਂ ਉਤੇ ਉਸਾਰਨਾ ਸ਼ੁਰੂ ਕੀਤਾ ਗਿਆ। ਇਸ ਨੈਸ਼ਨਲਿਜ਼ਮ' ਦੇ ਇਸ ਪ੍ਰਾਜੈਕਟ ਨੇ ਦੇਸ ਵਿਚ ਵੱਡੀ ਹਿੰਦੂ ਪਹਿਚਾਣ' (Hindu Identity) ਨੂੰ ਤਕੜਾ ਕਰਨ ਦੀ ਪ੍ਰਕ੍ਰਿਆ, ਕੁਦਰਤੀ ਤੌਰ ਤੇ, ਦੂਜੀਆਂ ਘੱਟ-ਗਿਣਤੀਆਂ ਦੀਆਂ ਪਹਿਚਾਣਾਂ ਨੂੰ ਖਤਮ (demolish) ਕਰਨ ਦੇ ਰਾਹ ਤੁਰ ਪਈ।

ਨੇਸ਼ਨ-ਸਟੇਟ ਸਿਸਟਮ ਘੱਟ-ਗਿਣਤੀ ਭਾਈਚਾਰਿਆਂ ਨੂੰ ਅਮਲੀ ਪੱਧਰ ਤੇ ਬਹੁ-ਗਿਣਤੀ ਸਮਾਜ ਦੇ ਨਾਗਰਿਕਾਂ ਵਾਲੇ ਬਰਾਬਰ ਦੀ ਧਿਰ' ਵਾਲੇ ਅਧਿਕਾਰ ਨਹੀਂ ਦਿੰਦਾ ਅਤੇ ਨਾ ਹੀ ਉਨ੍ਹਾਂ ਨੂੰ ਬਣਦੀ ਰਾਜਨੀਤਿਕ ਥਾਂ ਮਿਲਦੀ ਹੈ। ਇਸੇ ਹੀ ਪ੍ਰਸੰਗ ਵਿਚ, ਆਪਣੀ ਖੁੱਸੀ ਹੋਈ ਸਿਆਸੀ ਸਪੇਸ' ਪ੍ਰਾਪਤੀ ਲਈ ਜਦੋਜਹਿਦ ਕਰਦੇ ਅਕਾਲੀ ਦਲ ਨੇ ਜਦੋਂ 1980ਵਿਆਂ ਵਿਚ ਮੋਰਚਾ ਲਾਇਆ ਤਾਂ ਭਾਰਤੀ ਸਟੇਟ ਦਾ ਪ੍ਰਤੀਕਰਮ ਬੜਾ ਤਿਖਾ ਸੀ ਉਸਨੇ ਸ਼ੰਘਰਸ਼ ਵਿਚ ਕੁੱਦੇ ਸਿੱਖ ਭਾਈਰੀਚਾਰੇ ਨੂੰ ਬੁਰੀ ਤਰ੍ਹਾਂ ਕੁਚਲ਼ਿਆ। ਫਲਸਰੂਪ, 1984 ਦੀ ਨਾ-ਭੁਲਣ ਵਾਲੀਆਂ ਜ਼ੁਲਮੀ ਦਾਸਤਾਂ ਵਾਪਰੀਆਂ ਤੇ ਬਾਅਦ ਵਿਚ ਵੀ ਅੱਤਵਾਦ ਦੇ ਨਾਮ ਥੱਲੇ ਦਸ ਸਾਲ ਸਿੱਖ ਨੌਜਵਾਨਾਂ ਦਾ ਖੂਨ ਡੁਲਦਾ ਰਿਹਾ। ਫਿਰ ਕੁੱਟ-ਮਾਰ ਨਾਲ ਨਿਸਲ ਹੋ ਚੁੱਕੇ ਸਿੱਖ ਭਾਈਚਾਰੇ ਉਤੇ ਨਵੀ ਦਿੱਲੀ ਨੇ ਆਪਣੇ ਏਜੰਟਾਂ ਨੂੰ ਥੋਪ ਕੇ ਪੰਜਾਬ ਵਿਚ ਲੋਕ-ਰਾਜ' ਦੀ ਬਹਾਲੀ ਹੋਣ ਦਾ ਖੂਬ ਢੌਂਗ ਰਚਾਇਆ ਸੀ।

ਇਸ ਸਾਰੇ ਲੰਮੇ ਦੁਖਾਂਤ ਦੇ ਵਾਪਰ ਜਾਣ ਤੋਂ ਬਾਅਦ ਵੀ ਸਿੱਖ ਭਾਈਚਾਰੇ ਦੇ ਜਾਗਰੂਕ ਸੈਕਸ਼ਨ ਵਲੋਂ ਕੋਈ ਡੂੰਘਾ ਮੰਥਨ ਤੇ ਵਿਸ਼ਲੇਸ਼ਨ ਅਜੇ ਤੱਕ ਸਾਹਮਣੇ ਨਹੀ ਆਇਆ। ਮਾਰਕਸਵਾਦੀ ਤੇ ਖੱਬੀ ਸਿਆਸਤ ਤੋਂ ਪ੍ਰਭਾਵਤ ਸਿੱਖ, ਜਿਹੜੇ ਬੁਧੀਜੀਵੀ ਹੋਣ ਦਾ ਸੱਭ ਤੋਂ ਵੱਡਾ ਦਾਅਵਾ ਕਰਦੇ ਹਨ, ਭਾਰਤੀ ਸਟੇਟ ਵਲੋਂ ਸਿੱਖਾਂ ਉਤੇ ਢਾਏ ਜ਼ੁਲਮ ਤੇ ਅਤਿਆਚਾਰਾਂ ਦੇ ਜਿੰਮੇਵਾਰ ਤੇ ਦੋਸ਼ੀ ਖੁੱਦ ਸਿੱਖਾਂ ਨੂੰ ਹੀ ਠਹਿਰਾ ਰਹੇ ਹਨ। ਇਸ ਤਰ੍ਹਾਂ ਜ਼ੁਲਮ ਦੇ ਸ਼ਿਕਾਰ ਹੋਇਆਂ ਨੂੰ ਹੀ ਜ਼ੁਲਮ-ਕਰਤਾ, ਅਤਿਆਚਾਰੀ' ਕਹੀ ਜਾਣਾ ਦਿੱਲੀ ਸਰਕਾਰਾਂ ਨੂੰ ਬਹੁਤ ਰਾਸ ਆ ਰਿਹਾ ਹੈ। ਨੇਸ਼ਨ-ਸਟੇਟ' ਦੇ ਸ਼ੰਕਲਪ ਤੇ ਅਮਲ ਵਿਚ ਖੱਬੇ-ਪੱਖੀਆਂ ਨੂੰ ਕੁਝ ਵੀ ਗਲਤ ਨਹੀਂ ਜਾਪਦਾ ਕਿਉਕਿ ਮਾਰਕਸਵਾਦ ਵੀ ਸਟੇਟ ਨੂੰ ਇਕ ਆਰਥਕ ਯੂਨਿਟ" ਮੰਨਦਾ ਜਿਸਨੂੰ ਉਲਟਾ ਕੇ ਸਮਾਜਵਾਦੀ ਸਟੇਟ ਖੜੀ ਕਰਨ ਦੀਆਂ ਗੱਲਾਂ ਕਰਦਾ। ਪਰ ਕਾਮਰੇਡ ਭੁਲ ਜਾਂਦੇ ਨੇ, ਕਿ 1917 ਦੇ ਇਨਕਲਾਬ ਤੋਂ ਬਾਅਦ ਸੋਵੀਅਤ ਯੂਨੀਅਨ' ਵੀ ਨੇਸ਼ਨ-ਸਟੇਟ' ਬਣਾਉਣ ਦੇ ਰਾਹ ਤੁਰ ਪਿਆ ਸੀ ਜਿਸਨੂੰ ਕਾਇਮ ਰੱਖਣ ਲਈ ਸਟਾਲਿਨ ਨੇ 50-60 ਲੱਖ ਲੋਕ ਮਾਰੇ ਸਨ। ਪਰ ਫਿਰ ਵੀ, ਛੇ ਦਹਾਕਿਆਂ ਬਾਅਦ ਸੋਵੀਅਤ ਯੂਨੀਅਨ ਦੇ 15 ਟੋਟੇ ਹੋ ਗਏ ਸਨ।

ਪਰ, ਹੈਰਾਨੀ ਹੰਦੀ ਹੈ ਕਿ ਸਿੱਖ ਖਾੜਕੂ ਲਹਿਰ ਦੇ ਹਮਦਰਦ ਸਿੱਖ ਬੁੱਧੀਜੀਵੀਆਂ ਨੇ ਵੀ ਇਸ ਦੁਖਾਂਤ ਦਾ ਅੱਜ ਤੱਕ ਕੋਈ ਸੁਹਿਰਦ ਤੇ ਇਮਾਨਦਾਰੀ ਵਾਲਾ ਲੇਖਾ-ਜੋਖਾ ਨਹੀਂ ਕੀਤਾ। ਉਹ ਨੇਸ਼ਨ-ਸਟੇਟ ਦੇ ਪੁਰਾਣੇ ਸਿਆਸੀ ਮੁਹਾਵਰੇ ਨੂੰ ਜੱਫਾ ਮਾਰੀ ਬੈਠੇ ਨੇ। ਗਜ਼ਬ ਇਸ ਗੱਲ ਦਾ ਵੀ ਹੈ ਕਿ ਜਿਹੜਾ ਗੈਰ-ਸਿੱਖ ਵਿਦਵਾਨਾਂ ਨੇ ਸਿੱਖ ਦੁਖਾਂਤ ਬਾਰੇ ਕੋਈ ਪੁੱਠਾ-ਸਿੱਧਾ ਵਿਸ਼ਲੇਸ਼ਨ ਕੀਤਾ ਉਸੇ ਮਸਾਲੇ ਨੂੰ ਸਿੱਖ ਵਿਦਵਾਨ ਆਪਣੀ ਸਮਝ' ਬਣਾ ਕੇ ਪੇਸ਼ ਕਰੀ ਜਾਂਦੇ ਹਨ।

ਪਿਛਲੇ ਦੋ ਦਹਾਕਿਆਂ ਤੋਂ ਸਿੱਖ ਦੁਖਾਂਤ ਪਿੱਛੇ ਅਸਲ ਕਾਰਨਾਂ ਦੀ ਖੋਜ ਕਰਦਿਆਂ ਅਜਮੇਰ ਸਿੰਘ ਨੇ ਪੰਜ ਕਿਤਾਬਾਂ ਲਿਖ ਦਿਤੀਆਂ। ਪਰ ਉਹ ਅਜੇ ਵੀ ਮਹਿਸੂਸ ਕਰਦਾ ਹੈ ਕਿ ਸਿੱਖ ਸੰਕਟ ਦੀ ਥਾਹ ਪਾਉਣ ਲਈ ਅਤੇ ਉਸਦੇ ਹੱਲ ਕੱਢਣ ਲਈ ਸਿੱਖ ਵਿਦਵਾਨਾਂ ਵਲੋਂ ਹੋਰ ਗੰਭੀਰ ਅਧਿਅਨ ਕਰਨ ਦੀ ਜਰੂਰਤ ਹੈ।

ਨੇਸ਼ਨ-ਸਟੇਟ ਸਿਸਟਮ ਦੀ ਉਪਜ: ਨੇਸ਼ਨ-ਸਟੇਟ ਦਾ ਸਿਆਸੀ ਰੂਪ ਤੇ ਬਣਤਰ 17ਵੀਂ-18ਵੀ ਸਦੀ ਵਿਚ ਯੌਰਪ ਵਿਚ, ਅੰਦਰੂਨੀ ਤੇ ਬਾਹਰੀ ਲੋੜਾਂ ਕਰਕੇ, ਤਿਆਰ ਹੋਇਆ। ਪਰ ਅਮਰੀਕਾ ਦੇ ਇਕ ਨੇਸ਼ਨ ਬਣਨ ਦੀ ਪ੍ਰਕ੍ਰਿਆ ਅਤੇ ਦੱਖਣੀ ਅਮਰੀਕਾ ਜਾਂ ਲੈਟਿਨ ਅਮਰੀਕਾ ਦੇ ਵੱਖਰ-ਵੱਖਰੇ ਮੁਲਕਾਂ ਦੇ ਨੇਸ਼ਨ' ਬਣਨ ਸਮੇਂ ਇਸ ਦਾ ਮੂੰਹ-ਮੁਹਾਂਦਰਾ ਹੋਰ ਜਿਆਦਾ ਤਰਾਸ਼ਿਆ ਗਿਆ।

ਮੋਟੇ ਤੌਰ ਤੇ ਨੇਸ਼ਨ-ਸਟੇਟ ਦੇ ਉਭਰਨ ਦੀ ਪਿੱਠ ਪਿਛੇ ਯੌਰਪ ਦਾ ਇਨਲਾਇਟਨਮੈਂਟ' ਦਾ ਦੌਰ ਹੈ ਜਿਸ ਵਿਚੋਂ ਨਿਕਲੇ ਤਰਕਵਾਦ' ਨੇ ਹਰ ਦਿਸਦੇ ਕੁਦਰਤੀ ਵਰਤਾਰੇ ਤੇ ਸ਼ੱਕ ਕਰਨ ਦੀ ਮਾਨਸਿਕਤਾ ਨੂੰ ਜਨਮ ਦਿੱਤਾ। ਇਸ ਗੁੰਝਲਦਾਰ ਵਰਤਾਰੇ ਨੇ ਰੱਬ-ਖੁਦਾ ਦੀ ਹੋਂਦ ਤੇ ਧਰਮ ਤੇ ਸ਼ਿਆਸਤ ਦੀ ਜੁੜਤ ਉਤੇ ਸਵਾਲੀਆ ਚਿੰਨ੍ਹ ਲਾ ਦਿੱਤਾ। ਇਕ ਤਰ੍ਹਾਂ ਨੇਸ਼ਨ-ਸਟੇਟ ਵਰਤਾਰੇ ਨੇ ਰੱਬ ਨੂੰ ਰਾਜ-ਪ੍ਰਬੰਧ ਅਤੇ ਧਰਮ-ਅਧਾਰਤ ਆਮ ਜਿੰਦਗੀ ਦੇ ਸਦਾਚਾਰ'ਚੋ ਮਾਰ' ਹੀ ਦਿੱਤਾ। ਇਸੇ ਹੀ ਸੋਚਣੀ ਨੇ ਰਾਜੇ-ਬਾਦਸ਼ਾਹ ਨੂੰ ਰੱਬ ਦੇ ਨੁਮਾਇਦਾ' ਦੀ ਪਦਵੀ ਤੋਂ ਥੱਲੇ ਵਗਾਹ ਮਾਰਿਆ ਸੀ। ਇਸ ਤਰ੍ਹਾਂ ਯੌਰਪ ਵਿਚ ਧਰਮ (ਚਰਚ) ਨੂੰ ਰਾਜ-ਸੱਤਾ (ਸਟੇਟ ਦੇ ਰਾਜ-ਪ੍ਰਬੰਧ) ਤੋਂ ਵੱਖ ਕਰਕੇ ਧਰਮ ਉਤੇ ਉਸਰੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਨੇਸ਼ਨ ਦੀਆਂ ਸਿਆਸੀ ਜ਼ਰੂਰਤਾਂ ਦੇ ਅਧੀਨ ਕਰ ਦਿੱਤਾ। ਪਰ ਸਟੇਟ ਦੀ ਧੌਂਸ ਤੇ ਡੰਡਾ ਤਾਂਹੀ ਚਲ ਸਕਦਾ ਸੀ ਜੇ ਉਸਦੀ ਪਹਿਲਾਂ ਵਾਲੀ ਵੱਡੀ ਪਵਿੱਤਰਤਾ ਤੇ ਖੌਫ਼' ਨੂੰ ਕਾਇਮ ਰੱਖਿਆ ਜਾਵੇ। ਇਸ ਲੋੜ ਨੂੰ ਪੂਰਾ ਕਰਨ ਲਈ ਸਮਾਜ ਦੇ ਅਮੀਰ ਵਰਗਾਂ ਨੇ ਰਾਜ-ਪ੍ਰਬੰਧ ਵਿਚ ਬਹੁਤੇ ਲੋਕਾਂ ਦੀ ਸਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਲੋਕਾਂ ਦੀ ਸ਼ਮੂਲੀਅਤ ਕਰਾਉਣ ਲਈ ਵੋਟਾਂ' ਪਾਉਣ ਦੇ ਸਿਸਟਮ ਦਾ ਆਗਾਜ਼ ਹੋਇਆ-ਜਿਹੜਾ ਵੱਧਦਾ ਵੱਧਦਾ ਸੱਭ ਨੂੰ ਵੋਟ ਦੇ ਅਧਿਕਾਰ' ਤੱਕ ਪਹੁੰਚ ਗਿਆ। ਇਸ ਰਾਜ-ਪ੍ਰਬੰਧ ਦੀ ਵੰਨਗੀ ਨੂੰ ਅਸੀ ਲੋਕਤੰਤਰ' (Democracy) ਦੇ ਨਾਮ ਨਾਲ ਵੱਡੀ ਮਨੁਖੀ ਪ੍ਰਾਪਤੀ ਤੌਰ ਤੇ ਵਡਿਆਉਦੇਂ ਹਾਂ। ਪਰ, ਵੋਟ-ਪ੍ਰਣਾਲੀ ਤੇ ਪ੍ਰਚੱਲਤ ਡੈਮੋਕਰੇਸੀ ਦੀ ਸਾਰਥਕਤਾ ਤੇ ਵੀ ਪ੍ਰਸ਼ਨ ਚਿੰਨ ਲੱਗ ਗਏ ਹਨ ਕਿਉਕਿ ਇਹ ਰਾਜ ਵਿਵਸਥਾ ਘੱਟ-ਗਿਣਤੀਆਂ ਤੇ ਵਿਰੋਧੀਆਂ ਉਤੇ ਧੌਂਸ-ਧੱਕਾ (hegemony) ਲਗਾਤਾਰ ਜਮਾਉਦੀ ਹੈ ਨੈਸ਼ਨਲਿਜ਼ਮ' ਤੇ ਨੇਸ਼ਨ ਦੇ ਵਿਚਾਰਾਂ ਨੂੰ ਨਜ਼ਾਇਜ ਹਵਾ ਦੇ ਕੇ ਹਿੰਸਾ, ਖੂਨ-ਖਰਾਬੇ ਤੇ ਬੇਇਨਸਾਫ਼ੀ ਦਾ ਰਾਜ-ਪ੍ਰਬੰਧ ਚਲਾਉਦੀ ਹੈ।

ਪਰ, ਮਾਡਰਨਿਜ਼ਮ ਦੀ ਸ਼ਿਕਾਰ ਅੰਗਰੇਜ਼ੀ ਪੜ੍ਹੀ-ਲਿੱਖੇ ਸਿੱਖਾਂ ਦੀ ਵੱਡੀ ਗਿਣਤੀ ਜਿਹੜੀ ਭਾਰਤੀ ਨੈਸ਼ਨਲਿਜ਼ਮ' ਵਿਚ ਰੰਗੀ ਹੋਈ ਹੈ ਤਾਂ ਭਾਰਤੀ ਸਟੇਟ ਦਾ ਦੁਨੀਆਂ'ਚ 'ਵੱਡੀ ਡੈਮੋਕਰੇਸੀ' ਹੋਣ ਦੇ ਸੋਹਲੇ ਗਾਉਦੇ ਨਹੀਂ ਥੱਕਦੀ।



ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਕਿ ਤਰਕਵਾਦ 'ਚੋ ਨੇਸ਼ਨ-ਸਟੇਟ ਨਿਕਲਣ ਦੇ ਨਾਲ ਨਾਲ ਸਾਇੰਸ ਦੀ ਤਰੱਕੀ ਵੀ ਹੋਈ, ਯੌਰਪ ਵਿਚ ਇਨਡਸਟਰੀਅਲ ਇਨਕਲਾਬ' ਵੀ ਆਇਆ। ਪਰ ਯੌਰਪ ਦੇ ਨੇਸ਼ਨ-ਸਟੇਟ ਵਿਚੋਂ ਹੀ ਬਸਦੀਵਾਦੀ ਯੁੱਗ ਦਾ ਅਤੇ ਸਾਮਰਾਜਵਾਦ ਦਾ ਸ਼ੁਰੂਆਤ ਵੀ ਹੋਇਆ। ਵੱਡੇ ਵੱਡੇ ਬ੍ਰਿਟਿਸ਼, ਫਰੈਂਚ, ਸਪੇਨ ਆਦਿ ਦੇ ਅੰਪਾਇਰ" (Empire) ਖੜ੍ਹੇ ਹੋਏ ਜਿਨ੍ਹਾਂ ਨੇ ਦੁਨੀਆਂ ਭਰ ਦੇ ਹਜ਼ਾਰਾਂ ਸਾਲ਼ਾਂ ਤੋਂ ਘੁੱਗ ਵਸਦੇ ਸਥਾਨਕ ਸਧਾਰਨ ਲੋਕਾਂ ਲੁਟਿਆ, ਕੁਟਿਆ ਤੇ ਗੁਲਾਮ ਬਣਾਇਆ। ਸਦਾ ਲਈ ਉਨ੍ਹਾਂ ਨੂੰ ਆਪਣਾ ਕਲਚਰ, ਰਾਜ-ਪ੍ਰਬੰਧ ਤੇ ਰਹਿਣ ਦਾ ਚੱਜ-ਅਚਾਰ ਭੁਲਾ ਹੀ ਦਿੱਤਾ ਅਤੇ ਲੱਖਾਂ ਦੀ ਗਿਣਤੀ ਵਿਚ ਸਥਾਨਕ ਲੋਕਾਂ ਨੂੰ ਮੁਢੋਂ ਹੀ ਤਬਾਹ ਕਰਕੇ ਖਤਮ ਕਰ ਦਿੱਤਾ। ਇਹ ਵਰਤਾਰਾ ਬਹੁਤਾ ਪੁਰਾਣਾ ਨਹੀਂ ਬਸ ਪਿਛਲੇ ਦੋ-ਤਿੰਨ ਸੋ ਸਾਲ਼ਾਂ ਵਿਚ ਹੀ ਵਾਪਰਿਆ। ਜਿਵੇ: 1700 ਈਸਵੀ ਵਿਚ ਹੀ ਇੰਡੀਆ, ਚੀਨ ਤੇ ਈਰਾਨ ਵਰਗੀਆਂ ਸ਼ਕਤੀਆਂ ਹੀ ਦੁਨੀਆਂ ਦੀਆਂ ਵੱਡੀਆਂ ਸਲਤਨਤਾਂ ਸਨ ਅਤੇ ਸਾਰਾ ਯੌਰਪ ਕਿਸੇ ਗਿਣਤੀ ਵਿਚ ਨਹੀਂ ਸੀ। ਉਦਹਾਰਣ ਦੇ ਤੌਰ ਤੇ, 1700 ਈਸਵੀ ਵਿਚ ਇੰਡੀਆ ਦੀ ਇਕੌਨਮੀ' (ਅਰਥਚਾਰਾ) ਦੁਨੀਆਂ ਦੇ ਕੁਲ ਉਤਪਾਦਨ ਦਾ 23 ਪ੍ਰਤੀਸ਼ਤ ਸੀ ਜਿਹੜਾ ਸਾਰੇ ਯੌਰਪ ਦੇ ਕੁਲ ਉਤਪਾਦਨ ਦੇ ਬਰਾਬਰ ਸੀ।

ਪੰਜਾਬ ਵਿਚ ਵੀ ਬਸਤੀਵਾਦੀ ਲੱਟ, ਗੁਲਾਮੀ ਅਤੇ ਸਭਿਆਚਾਰ ਵਿਚ ਵੱਡੀ ਤਬਦੀਲੀ ਦਾ ਵਰਤਾਰਾ ਕੋਈ ਡੇਢ ਸੌ ਕੁ ਸਾਲ ਪਹਿਲਾਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਉਤੇ ਅੰਗਰੇਜਾਂ ਦੇ ਕਬਜ਼ੇ ਪਿਛੋਂ ਹੀ ਵਾਪਰਿਆ। ਭਾਵੇਂ ਮਾਡਰਨਿਜ਼ਮ ਦੇ ਸ਼ਿਕਾਰ ਸਿੱਖਾਂ ਵੀ ਅੰਗਰੇਜੀ ਰਾਜ ਨੂੰ ਵਰਦਾਨ ਦੇ ਰੂਪ ਵਿਚ ਹੀ ਦੇਖਦੇ ਹਨ, ਪਰ ਇਸਨੇ ਵੱਡੀ ਗਿਣਤੀ ਸਿੱਖਾਂ ਦੇ ਮਨਾਂ ਨੂੰ ਹੀ ਗੁਲਾਮ ਬਣਾ ਦਿੱਤੀ ਤੇ ਅਜੇਹੀ ਗੁਲਾਮ ਮਾਨਸਿਕਤਾ ਅਜੇ ਵੀ ਨੇਸ਼ਨ-ਸਟੇਟ ਰਾਜ ਪ੍ਰਬੰਧ ਦੀ ਸ਼ਲਾਘਾ ਕਰੀ ਜਾ ਰਹੇ ਹਨ।

ਇਸੇ ਨੇਸ਼ਨ-ਸਟੇਟ ਦੇ ਪ੍ਰਾਜੈਕਟ ਵਿਚੋਂ ਹੀ ਦੁਨੀਆਂ ਦੇ ਮੁਲਕਾਂ ਵਿਚ ਆਪਸੀ ਖਹਿ-ਬਾਜ਼ੀ ਵਧੀ, ਦੋ ਵੱਡੇ ਜੰਗ ਨਿਕਲੇ, ਐਟਮ ਬੰਬ ਬਣੇ, ਨਾਜ਼ੀਆਂ ਵਲੋਂ 60 ਲੱਖ ਯਹੂਦੀਆਂ ਦਾ ਕਤਲ ਨਿਕਲਿਆ, ਹਥਿਆਰਾਂ ਦੀ ਦੌੜ ਸ਼ੁਰੂ ਹੋਈ, ਕੁਦਰਤੀ ਸਾਧਨਾਂ ਦੀ ਅੰਧਾ-ਧੁੰਦ ਤੇ ਨਜਾਇਜ਼ ਵਰਤੋ ਹੋਈ। ਇਸ ਸਭ ਕੁਝ ਨੇ ਮਨੁੱਖ ਜਾਤੀ ਨੂੰ ਤਬਾਹੀ ਦੇ ਕਿਨਾਰੇ ਤੇ ਪਹੁੰਚਾ ਦਿੱਤਾ ਹੈ। ਹੁਣ ਦੀ ਪ੍ਰਚੱਲਤ ਸਰਮਾਏਦਾਰੀ ਤੇ ਨਵ-ਉਦਾਰਵਾਦੀ ਰਾਜਨੀਤਿਕ ਵਿਵਸਥਾ ਨੇ ਤਾਂ ਬੰਦੇ ਨੂੰ ਬੰਦੇ ਤੋਂ, ਕੁਦਰਤ ਤੋਂ ਤੇ ਆਲੇ ਦੁਆਲੇ ਦੇ ਸਮਾਜ ਤੋਂ ਤੋੜ ਦਿੱਤਾ, ਵਿਯੋਗ ਦਿੱਤਾ ਤੇ ਉਹ ਤ੍ਰਿਸੰਬਣਿਆ ਬਨਾਵਟੀ ਜਿਹੀ ਜਿੰਦਗੀ ਜਿਉਂ ਰਿਹਾ ਹੈ। ਸਾਰੀ ਦੁਨੀਆ ਵਿਚ, ਖਾਸ ਕਰਕੇ ਅਮੀਰ ਸਮਾਜਾਂ ਅੰਦਰ ਵੀ ਬੰਦੇ ਦੀ ਵਧਦੀ ਹਵਸ, ਲਾਲਚ ਤੇ ਸਰਾਪੀ ਜਿੰਦਗੀ ਨੇ ਸਾਇੰਸ ਦੀ ਤਰੱਕੀ, ਸਾਇੰਟੇਫਿਕ ਸੋਚ ਤੇ ਨੇਸ਼ਨ-ਸਟੇਟ ਦੇ ਡੈਮੋਕਰੇਸੀ ਵਰਗੇ ਉਤਮ' ਰਾਜ-ਪ੍ਰਬੰਧ ਹੋਣ ਦੇ ਦਾਅਵਿਆਂ ਦੀ ਫੂਕ ਹੀ ਕੱਢ ਦਿੱਤੀ ਹੈ। ਹਣ ਤਾਂ ਜਾਗਰੂਕ ਮਨੁੱਖ ਇਸ ਤਬਾਹੀਕੁਣ ਵਰਤਾਰੇ ਚੋਂ ਨਿਕਲਣ ਤੇ ਬਦਲ ਲੱਭਣ ਦੇ ਹੰਭਲੇ ਮਾਰ ਰਹੇ ਹਨ।

ਇੰਡੀਅਨ ਉਪ-ਮਹਾਂਦੀਪ ਵਿਚ ਨੇਸ਼ਨ-ਸਟੇਟ ਵਰਤਾਰਾ: ਵੱਡੇ ਬਸਤੀਵਾਦੀ ਅੰਪਾਇਰਜ਼ (Empires) ਦੇ 20ਵੀਂ ਸਦੀ ਵਿਚ ਟੁੱਟਣ ਤੋਂ ਬਾਅਦ ਹੀ ਭਾਰਤ ਤੇ ਹੋਰ ਗੁਲਾਮ ਧਰਤੀਆਂ ਤੇ ਪੱਛਮੀ ਨੇਸ਼ਨ-ਸਟੇਟ ਰਾਜ-ਪ੍ਰਬੰਧ ਉਭਰੇ। ਹੋਰਾਂ ਥਾਵਾਂ ਦੀ ਤਰ੍ਹਾਂ, ਭਾਰਤੀ ਉਪਦੀਪ ਵਿਚ ਭਾਵੇਂ- ਇੰਡੀਆ ਤੇ ਪਾਕਿਸਤਾਨ-ਦੋ ਨੇਸ਼ਨ' ਬਣਾਈਆਂ । ਉਨ੍ਹਾਂ ਦੇ ਅਜ਼ਾਦੀ ਲਹਿਰ ਦੇ ਲੀਡਰ-ਨਹਿਰੂ ਤੇ ਜਿਨਾਹ ਵਰਗੇ-ਪੱਛਮ ਚੋਂ ਪੜ੍ਹੇ ਹੀ ਆਈਡਿਆ ਆਫ ਸਟੇਟ' ਲੈ ਕੇ ਆਏ ਸਨ। ਅਤੇ ਉਨ੍ਹਾਂ ਨੇ ਪੱਛਮੀ ਰਾਜ ਪ੍ਰਬੰਧ ਨੂੰ ਆਦਰਸ਼ ਨਿਜ਼ਾਮ ਦਾ ਨਮੂਨਾ ਪੇਸ਼ ਕੀਤਾ।

ਅਸਲ ਵਿਚ ਪਿਛਲੇ 60-70 ਸਾਲਾਂ ਵਿਚ ਸਾਬਤ ਹੋ ਚੁਕਿਆ ਕਿ ਪੱਛਮੀ ਨੇਸ਼ਨ-ਸਟੇਟ' ਰਾਜ-ਪ੍ਰਬੰਧ ਪ੍ਰਣਾਲੀ ਸਮਾਜ ਦੀ ਅਪਰਲੀ ਜਮਾਤ ਦੇ ਕੰਟਰੋਲ ਨੂੰ ਮਜ਼ਬੂਤ ਬਣਾਈ ਰੱਖਣ ਦਾ ਹਥਿਆਰ (tool of domination) ਹੀ ਹੰਦੀ ਹੈ। ਪੱਛਮ ਦੇ ਐਡਿਮ ਸਮਿਥ ਵਰਗੇ ਵੱਡੇ ਵਿਦਵਾਨ ਵੀ ਇਸ ਸਚਾਈ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦੇ ਨੇ, "ਲੋਕਤੰਤਰ ਸਿਸਟਮ ਗਰੀਬ ਦੇ ਵਿਰੋਧ ਵਿਚ ਅਮੀਰ ਦੀ ਹੀ ਰਾਖੀ ਕਰਦਾ। ਬਰਾਬਰਤਾ, ਅਜ਼ਾਦੀ ਅਤੇ ਇਨਸ਼ਾਫ ਵਰਗੇ ਸ਼ਾਨਦਾਰ ਸੰਕਲਪਾਂ ਦੇ ਨਾਮ ਹੇਠ ਡੈਮੋਕਰੇਸੀ ਹਮੇਸ਼ਾਂ ਅਮੀਰਾਂ ਤੇ ਉਪਰਲੀ ਜਮਾਤ (Elite) ਦੀ ਧੌਂਸ ਤੇ ਚੌਧਰ ਨੂੰ ਕਾਇਮ ਰੱਖਦੀ ਹੈ।"

ਇਸੇ ਕਰਕੇ ਇੰਡੀਆ ਦੀ ਬ੍ਰਾਹਮਣਵਾਦੀ ਵਿਵਸਥਾ ਦੀ ਧੌਂਸ ਨੂੰ ਕਾਇਮ ਰੱਖਣ ਲਈ ਕਾਂਗਰਸੀ ਲੀਡਰਾਂ- ਗਾਂਧੀ, ਨਹਿਰੂ, ਪਟੇਲ , ਨੇ ਇਸੇ ਨੇਸ਼ਨ-ਸਟੇਟ ਸਿਸਟਮ ਨੂੰ ਹੀ ਅਪਣਾਇਆ। 1947 ਵਿਚ, ਪਾਕਿਸਤਾਨ ਤਾਂ ਜ਼ਾਹਰਾ ਤੌਰ ਤੇ ਮੁਸਲਮਾਨ ਸਟੇਟ ਬਣੀ ਪਰ ਹਿੰਦੁਸਤਾਨ, ਅਮਲੀ ਰੂਪ ਵਿਚ ਬਹੁਗਿਣਤੀ ਹਿੰਦੂ ਸਟੇਟ ਹੀ ਬਣੀ ਸੀ ਪਰ ਕਾਂਗਰਸੀ ਨੇਤਾਵਾਂ ਨੇ ਇਸ

ਬਾਕੀ ਸਫ਼ਾ 32 'ਤੇ

### ਆਪਣੀ ਜੀਵਨੀ ਬਾਰੇ ਪੁਸਤਕ 'ਦਿ ਪੀਪਲਜ਼ ਮਹਾਰਾਜਾ-ਐਨ ਆਥੋਰਾਈਜ਼ਡ ਬਾਇਓਗ੍ਰਾਫੀ' ਮੌਕੇ ਕੈਪਟਨ ਨੇ ਕੀਤੇ ਅਹਿਮ ਖ਼ੁਲਾਸੇ

# ਸਾਕਾ ਨੀਲਾ ਤਾਰਾ ਬਾਰੇ ਇੰਦਰਾ ਗਾਂਧੀ ਨੇ ਮੇਰੇ ਕੋਲ ਕਦੇ ਸੂਹ ਨਹੀਂ ਕੱਢੀ : ਕੈਪਟਨ ਅਮਰਿੰਦਰ ਸਿੰਘ

- ਫ਼ੌਜੀ ਕਾਰਵਾਈ ਹੋਈ ਤਾਂ ਮੈਂ ਰੋਸ ਵਜੋਂ ਅਸਤੀਫ਼ਾ ਦਿੱਤਾ
- ਬੇਅੰਤ ਸਿੰਘ ਨੂੰ ਮੁੱਖ ਮੰਤਰੀ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ ਪਰ ਉਨ੍ਹਾਂ ਮੇਰੀਆਂ ਹੀ ਜੜ੍ਹਾਂ ਵੱਢੀਆਂ
- ਅੱਤਵਾਦ ਦੌਰਾਨ ਹੋਏ ਬੇਗੁਨਾਹਾਂ ਦੇ ਕਤਲੇਆਮ ਦਾ ਵੀ ਮੈਂ ਖੁੱਲ੍ਹ ਕੇ ਵਿਰੋਧ ਕੀਤਾ
- ਦਰਿਆਈ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਨਾਲ ਵੱਡਾ ਧੱਕਾ ਹੋਇਆ
- ਮੌਕਾ ਮਿਲਿਆ ਤਾਂ ਬਾਦਲਾਂ ਵਿਰੁੱਧ ਕਾਰਵਾਈ ਕਾਨੂੰਨ ਅਨੁਸਾਰ


(ਖੱਬਿਓਂ ਸੱਜੇ) ਲੇਖਕ ਖ਼ੁਸ਼ਵੰਤ ਸਿੰਘ, ਪਬਲਿਸ਼ਰ ਅਸ਼ੋਕ ਚੋਪੜਾ ਅਤੇ ਕੈਪਟਨ ਅਮਰਿੰਦਰ ਸਿੰਘ ਕਿਤਾਬ ਰਿਲੀਜ਼ ਸਮਾਰੋਹ ਮੌਕੇ।

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਖਾੜਕੂਵਾਦ ਸਮੇਂ ਦੇ ਹਾਲਾਤ ਬਾਰੇ ਜ਼ਿਕਰ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਹਿਣ 'ਤੇ ਉਨ੍ਹਾਂ ਨੇ ਸੰਤ ਭਿੰਡਰਾਂਵਾਲੇ ਨਾਲ ਲਗਾਤਾਰ ਰਾਬਤਾ ਬਣਾ ਕੇ ਵਿਚੋਲਗੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸਫ਼ਲਤਾ ਨਹੀਂ ਮਿਲੀ। ਅਮਰਿੰਦਰ ਸਿੰਘ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਸਬੰਧੀ ਫ਼ੌਜੀ ਕਾਰਵਾਈ ਦੇ ਚਰਚਿਆਂ ਸਬੰਧੀ ਉਨ੍ਹਾਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਜਦੋਂ ਕਦੇ ਵੀ ਪੁੱਛਿਆ ਤਾਂ ਉਨ੍ਹਾਂ ਅਜਿਹੇ ਚਰਚਿਆਂ ਨੂੰ ਹਮੇਸ਼ਾ ਰੱਦ ਕੀਤਾ ਪਰ ਜਦੋਂ ਇਹ ਫ਼ੌਜੀ ਕਾਰਵਾਈ ਹੋਈ ਤਾਂ ਮੈਂ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ। ਇਹ ਖ਼ੁਲਾਸਾ ਉਨ੍ਹਾਂ ਨੇ ਨੌਜਵਾਨ ਲੇਖਕ ਖ਼ੁਸ਼ਵੰਤ ਸਿੰਘ ਵੱਲੋਂ ਉਨ੍ਹਾਂ (ਕੈਪਟਨ) ਦੇ ਜੀਵਨ ਬਾਰੇ ਲਿਖੀ ਪੁਸਤਕ 'ਦਿ ਪੀਪਲਜ਼ ਮਹਾਰਾਜਾ-ਐਨ ਆਥੋਰਾਈਜ਼ਡ ਬਾਇਓਗ੍ਰਾਫੀ' ਦੇ ਰਿਲੀਜ਼ ਸਮਾਗਮ ਵਿੱਚ ਹੋਈ ਵਿਚਾਰ ਚਰਚਾ ਦੌਰਾਨ ਕੀਤਾ। ਇਸ ਮੌਕੇ ਲੇਖਕ ਖ਼ੁਸ਼ਵੰਤ ਸਿੰਘ ਨੇ ਦਾਅਵਾ ਕੀਤਾ ਕਿ ਸਮਕਾਲੀ ਸਿਆਸੀ ਆਗੂਆਂ ਵਿਚੋਂ ਇਹ ਕਿਸੇ ਪਹਿਲੇ ਸਿਆਸੀ ਆਗੂ ਦੀ ਜੀਵਨੀ ਹੈ।

ਮੰਗਲਵਾਰ ਨੂੰ ਇੱਥੇ ਵਿਸ਼ੇਸ਼ ਸਮਾਗਮ ਦੌਰਾਨ ਸਿਆਸਤਦਾਨਾਂ, ਨੌਕਰਸ਼ਾਹੀ, ਲੇਖਕਾਂ, ਸੇਵਾਮੁਕਤ ਫ਼ੌਜੀਆਂ ਸਮੇਤ ਵੱਖ ਵੱਖ ਖੇਤਰ ਦੇ ਮੋਹਤਬਰ ਲੋਕਾਂ ਦੀ ਮੌਜੂਦਗੀ ਵਿਚ ਚਰਚਾ ਦੌਰਾਨ ਕੈਪਟਨ ਅਮਰਿੰਦਰ ਨੇ ਕਿਹਾ ਕਿ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਤੋਂ ਬਾਅਦ ਉਨ੍ਹਾਂ ਸਾਹਮਣੇ ਅਸਤੀਫ਼ਾ ਦੇਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਮੁੜ 1986 ਵਿੱਚ ਸੁਰਜੀਤ ਸਿੰਘ ਬਰਨਾਲਾ ਦੇ ਮੰਤਰੀ ਮੰਡਲ ਤੋਂ ਅਸਤੀਫ਼ਾ ਵੀ ਦਰਬਾਰ ਸਾਹਿਬ ਵਿੱਚ ਪੁਲੀਸ ਭੇਜਣ ਕਰਕੇ ਦੇਣਾ ਪਿਆ। ਹੁਣ ਐਸਵਾਈਐਲ ਦੇ ਮੁੱਦੇ ਉੱਤੇ ਲੋਕ ਸਭਾ ਤੋਂ ਅਸਤੀਫ਼ਾ ਦਿੱਤਾ ਹੈ। ਉਨ੍ਹਾਂ ਕਿਹਾ, "ਜਦੋਂ ਇਹ ਕਾਰਵਾਈ ਹੋਈ ਤਾਂ ਮੈਂ ਹਿਮਾਚਲ ਪ੍ਰਦੇਸ਼ ਵਿਚ ਸ਼ਿਮਲਾ ਨੇੜੇ ਗੋਲਫ਼ ਮੈਦਾਨ ਵਿਚ ਗੋਲਫ਼ ਖੇਡ ਰਿਹਾ ਸੀ ਕਿ ਮੈਨੂੰ ਕਿਸੇ ਇਸ ਸਬੰਧੀ ਖ਼ਬਰ ਦਿੱਤੀ, ਜਿਸ ਤੋਂ ਬਾਅਦ ਮੈਂ ਇਕ ਨੇੜੇ ਦੇ ਪਿੰਡ ਵਿਚ ਆ ਕੇ ਰੇਡੀਓ 'ਤੇ ਖ਼ਬਰਾਂ ਸੁਣੀਆਂ, ਜਿਸ ਤੋਂ ਮੈਨੂੰ ਇਸ ਕਾਰਵਾਈ ਬਾਰੇ ਪਤਾ ਲੱਗਾ।" ਉਨ੍ਹਾਂ ਦੱਸਿਆ, "ਮੈਂ ਇਸ ਤੋਂ ਬਾਅਦ ਸੋਲਨ ਪੁੱਜ ਕੇ ਇਸ ਦੇ ਵਿਰੋਧ ਵਿਚ ਆਪਣਾ ਅਸਤੀਫ਼ਾ ਕਾਂਗਰਸ ਤੇ ਪਾਰਲੀਮੈਂਟ ਤੋਂ ਪ੍ਰਧਾਨ ਮੰਤਰੀ ਨੂੰ ਭੇਜਿਆ। ਕੋਈ 4 ਦਿਨ ਬਾਅਦ ਜਦੋਂ ਮੈਂ ਦਿੱਲੀ ਵਿਖੇ ਸ੍ਰੀਮਤੀ ਗਾਂਧੀ ਨੂੰ ਮਿਲਿਆ ਤਾਂ ਉਨ੍ਹਾਂ ਮੇਰੀ ਇਸ ਕਾਰਵਾਈ

**ਬਾਕੀ ਸਫ਼ਾ 33 'ਤੇ**

# 'ਬੇਈਮਾਨ ਮੀਡੀਆ' ਦਾ ਚਿਹਰਾ ਨੰਗਾ ਕਰਾਂਗਾ : ਟਰੰਪ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਾਰਜਭਾਰ ਸੰਭਾਲਣ ਦੇ ਇਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਪ੍ਰਚਾਰ ਵਾਲੇ ਰੌਂਅ ਵਿੱਚ ਪਰਤਦਿਆਂ ਕਿਹਾ ਕਿ ਉਹ ਅਮਰੀਕਾ ਵਾਸੀਆਂ ਨਾਲ 'ਫ਼ਰਜ਼ੀ ਨਿਊਜ਼ ਫਿਲਟਰ ਬਗ਼ੈਰ' ਗੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ 'ਬੇਈਮਾਨ ਮੀਡੀਆ' ਦਾ ਚਿਹਰਾ ਨੰਗਾ ਕਰਨ ਦਾ ਅਹਿਦ ਲਿਆ। ਫਲੋਰਿਡਾ ਵਿੱਚ ਰੈਲੀ ਦੌਰਾਨ ਰਾਸ਼ਟਰਪਤੀ ਚੋਣ ਮੁਹਿੰਮ ਵਾਲੇ ਰੰਗ ਵਿੱਚ ਪਰਤਦਿਆਂ ਟਰੰਪ ਨੇ ਆਪਣੇ ਹੁਣ ਤਕ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦਾ ਬਚਾਅ ਵੀ ਕੀਤਾ। ਭਖੇ ਹੋਏ ਟਰੰਪ ਨੇ ਅਹਿਦ ਲਿਆ ਕਿ ਉਹ ਮੀਡੀਆ ਨੂੰ 'ਝੂਠ ਬੋਲਣ ਦੇ ਸਿੱਟਿਆਂ ਤੋਂ' ਬਚਣ ਨਹੀਂ ਦੇਣਗੇ। ਉਨ੍ਹਾਂ ਕਿਹਾ, 'ਮੈਂ ਉਹ ਸਭ ਕਰਾਂਗਾ ਜੋ ਕਰ ਸਕਦਾ ਹਾਂ ਤਾਂ ਕਿ ਉਹ ਝੂਠ ਬੋਲ ਕੇ ਬਚ ਨਾ ਸਕਣ।' ਉਨ੍ਹਾਂ ਦੋਸ਼ ਲਾਇਆ ਕਿ ਮੀਡੀਆ ਦਾ ਆਪਣਾ ਹੀ ਏਜੰਡਾ ਹੈ। 'ਉਨ੍ਹਾਂ ਦਾ ਏਜੰਡਾ ਤੁਹਾਡਾ ਏਜੰਡਾ ਨਹੀਂ ਹੈ।' ਉਨ੍ਹਾਂ ਵ੍ਹਾਈਟ ਹਾਊਸ ਵਿੱਚ ਮੱਤਭੇਦ ਹੋਣ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਆਪਣੇ ਸਮਰਥਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਵਿੱਚ ਸਭ ਠੀਕ ਹੈ। ਇਹ ਰੈਲੀ ਟਰੰਪ ਦੀ 2020 ਦੀ ਮੁੜ-ਚੋਣ ਬਾਰੇ ਕਮੇਟੀ ਵੱਲੋਂ ਕਰਾਈ ਗਈ ਸੀ। ਮਾਹਰਾਂ ਮੁਤਾਬਕ ਮੌਜੂਦਾ ਸਿਆਸਤ ਵਿਚ ਕਦੇ ਵੀ ਨਾ ਸਮਾਪਤ ਹੋਣ ਵਾਲੀ ਮੁਹਿੰਮ ਦੀ ਇਹ ਤਾਜ਼ਾ ਉਦਾਹਰਣ ਹੈ। ਟਰੰਪ ਨੇ ਕਿਹਾ, 'ਉਹ (ਮੀਡੀਆ) ਸੱਚ ਪੇਸ਼ ਨਹੀਂ ਕਰਨਾ ਚਾਹੁੰਦੇ। ਪਰ ਸਾਰੇ ਝੂਠਾਂ, ਗਲਤ ਮਤਲਬ ਕੱਢਣ ਤੇ ਝੂਠੀਆਂ ਖ਼ਬਰਾਂ ਦੇ ਬਾਵਜੂਦ ਮੀਡੀਆ ਮੈਨੂੰ ਚੋਣਾਂ ਵਿੱਚ ਹਰਾ ਨਹੀਂ ਸਕਿਆ। ਅਸੀਂ ਉਨ੍ਹਾਂ ਦਾ ਝੂਠ ਲੋਕਾਂ ਸਾਹਮਣੇ ਲਿਆਉਂਦੇ ਰਹਾਂਗੇ ਅਤੇ ਸਭ ਤੋਂ ਅਹਿਮ ਅਸੀਂ ਲਗਾਤਾਰ ਜਿੱਤਾਂ ਦਰਜ ਕਰਦੇ ਜਾਵਾਂਗੇ।'

ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਰੱਖਿਆ ਮੰਤਰੀ ਜਿਮ ਮੈਟਿਸ ਦੀ ਅਗਵਾਈ ਵਾਲੇ ਰੱਖਿਆ ਭਾਈਚਾਰੇ ਨੂੰ ਆਈਐਸ ਨੂੰ ਮੁੱਢੋਂ ਖ਼ਤਮ ਕਰਨ ਅਤੇ ਯੂਐਸ ਫ਼ੌਜ ਨੂੰ ਨਵੇਂ ਸਿਰੇ ਤੋਂ ਖੜ੍ਹੀ ਕਰਨ ਲਈ ਯੋਜਨਾ ਬਣਾਉਣ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸੀਰੀਆ ਤੇ ਹੋਰ ਥਾਵਾਂ ਉਤੇ ਸੁਰੱਖਿਅਤ ਜ਼ੋਨ ਬਣਾਉਣਾ ਚਾਹੁੰਦੇ ਹਨ ਜਿਥੇ ਪਰਵਾਸੀ ਠਹਿਰਨ ਅਤੇ ਸੁਰੱਖਿਅਤ ਰਹਿ ਸਕਣ। ਪੰਜ ਮਿਡਲ ਸਕੂਲ ਵਿਦਿਆਰਥੀਆਂ 'ਤੇ ਕੱਲ੍ਹ ਟਰੰਪ ਦੇ ਕਾਫ਼ਲੇ 'ਤੇ ਕੋਈ ਵਸਤ ਸੁੱਟਣ ਉਤੇ ਦੋਸ਼ ਲੱਗੇ ਹਨ। ਪਾਮ ਬੀਚ ਕਾਊਂਟੀ ਸਟੇਟਸ ਅਟਾਰਨੀ ਦਫ਼ਤਰ ਮੁਤਾਬਕ ਇਨ੍ਹਾਂ ਖ਼ਿਲਾਫ਼ ਕਾਰਵਾਈ ਹੋਵੇਗੀ।

**ਸ਼ਾਹ ਬੋਲੇ- ਟਰੰਪ ਨੂੰ ਹਨੀਮੂਨ ਪੀਰੀਅਡ ਨਹੀਂ ਮਿਲਿਆ :**

ਵਾਸ਼ਿੰਗਟਨ: ਵ੍ਹਾਈਟ ਹਾਊਸ ਵਿੱਚ ਭਾਰਤੀ ਮੂਲ ਦੇ ਉਪ ਸੰਚਾਰ ਨਿਰਦੇਸ਼ਕ ਰਾਜ ਸ਼ਾਹ ਨੇ ਕਿਹਾ ਕਿ ਡੋਨਲਡ ਟਰੰਪ ਨੂੰ ਜ਼ਿਆਦਾਤਰ ਨਵੇਂ ਰਾਸ਼ਟਰਪਤੀਆਂ ਵਾਂਗ ਹਨੀਮੂਨ ਪੀਰੀਅਡ ਨਹੀਂ ਮਿਲਿਆ। ਮੀਡੀਆ ਨੇ 'ਨਿਰਪੱਖ ਤੇ ਸੱਚੀ' ਰਿਪੋਰਟਿੰਗ ਕਰਨ ਬਜਾਏ ਪਹਿਲੇ ਦਿਨ ਤੋਂ ਰਾਸ਼ਟਰਪਤੀ ਉਤੇ ਨਿਸ਼ਾਨਾ ਸੇਧਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਧਾਰਾ ਮੀਡੀਆ ਰਾਸ਼ਟਰਪਤੀ ਨਾਲ ਕਠੋਰ ਵਿਹਾਰ ਕਰ ਰਿਹਾ ਹੈ। ਉਹ ਚੋਣ ਮੁਹਿੰਮ, ਹਲਫ਼ਦਾਰੀ ਸਮਾਗਮ ਤੇ ਕਾਰਜਭਾਰ ਸੰਭਾਲ ਤੋਂ ਬਾਅਦ ਵੀ ਰਾਸ਼ਟਰਪਤੀ ਦੇ ਪਿਛੇ ਪਿਆ ਹੋਇਆ ਹੈ। ਟਰੰਪ ਦੇ ਸੀਨੀਅਰ ਸਹਾਇਕਾਂ ਦੇ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਰੂਸੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੋਣ ਦੀ ਰਿਪੋਰਟ ਛਾਪਣ 'ਤੇ ਉਨ੍ਹਾਂ ਨੇ 'ਦਿ ਟਾਈਮਜ਼' ਤੇ ਹੋਰ ਮੀਡੀਆ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ।

# ਜਨਰਲ ਮੈਕਮਾਸਟਰ ਬਣੇ ਰਾਸ਼ਟਰਪਤੀ ਟਰੰਪ ਦੇ ਸੁਰੱਖਿਆ ਸਲਾਹਕਾਰ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਫ਼ੌਜ ਦੇ ਲੈਫਟੀ. ਜਨਰਲ ਹਰਬਰਟ ਰੇਅਮੰਡ ਮੈਕਮਾਸਟਰ ਦੀ ਆਪਣੇ ਨਵੇਂ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਚੋਣ ਕੀਤੀ ਹੈ। ਦੱਸਣਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਇਸ ਅਹੁਦੇ ਲਈ ਚੁਣੇ ਗਏ ਲੈਫ. ਜਨਰਲ ਮਾਈਕਲ ਫਲਿਨ ਨੂੰ ਮਹਿਜ਼ 24 ਦਿਨਾਂ ਬਾਅਦ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ ਸੀ ਜਦੋਂ ਕਿ ਦੂਜੇ ਨੇ ਆਪ ਹੀ ਇਸ ਅਹੁਦੇ ਤੋਂ ਇਨਕਾਰ ਕਰ ਦਿੱਤਾ ਸੀ। 54 ਸਾਲਾ ਮੈਕਮਾਸਟਰ ਫ਼ੌਜ ਸਮਰੱਥਾ ਇਕਜੁੱਟਤਾ ਕੇਂਦਰ (ਏਸੀਆਈਸੀ) ਦਾ ਮੁਖੀ ਹੈ। ਫਲੋਰਿਡਾ ਵਿਚ ਆਪਣੀ ਰਿਹਾਇਸ਼ 'ਤੇ ਟਰੰਪ ਨੇ ਕਿਹਾ, 'ਮੈਂ ਐਲਾਨ ਕਰਨਾ ਚਾਹੁੰਦਾ ਹਾਂ ਕਿ ਜਨਰਲ ਐਚ ਆਰ ਮੈਕਮਾਸਟਰ ਕੌਮੀ ਸੁਰੱਖਿਆ ਸਲਾਹਕਾਰ ਬਣੇਗਾ। ਉਹ ਬੇਹੱਦ ਕੁਸ਼ਲ ਤੇ ਵੱਡੇ ਤਜਰਬੇ ਵਾਲਾ ਵਿਅਕਤੀ ਹੈ। ਫ਼ੌਜ ਵਿਚ ਉਸ ਦਾ ਸਾਰਿਆਂ ਵੱਲੋਂ ਆਦਰ ਕੀਤਾ ਜਾਂਦਾ ਹੈ ਅਤੇ ਅਸੀਂ ਉਸ ਦੀ ਚੋਣ ਕਰ ਕੇ ਮਾਣ ਮਹਿਸੂਸ ਕਰ ਰਹੇ ਹਾਂ।'

## ਲਓ ਜੀ ! ਕਰ ਲੋ ਗੱਲ !!

ਕਮਲ ਦੁਸਾਂਝ




### ਬਾਪੂ ਮੈਂ ਤਾਂ ਕੈਲੀਫੋਰਨੀਆ ਲੈ ਕੇ ਈ ਮੁੜੂੰ !!

ਵੱਡੇ ਬਾਦਲ- ਸੁੱਖਿਆ ਨਾ ਤੂੰ ਭਲਾ ਮੇਰੇ ਮਗਰ ਅਮਰੀਕਾ ਵੀ ਆ ਗਿਐਂ...ਹਾਲੇ ਤਾਂ ਆਪਣੀਓ ਈ ਸਰਕਾਰ ਐ...ਨਾ ਪਿੱਛੇ ਕੌਣ ਸਾਂਭੂ ?

ਛੋਟੇ ਬਾਦਲ- ਬਜ਼ੁਰਗੋ, ਮੈਨੂੰ 'ਕੱਲੇ ਨੂੰ ਛੱਡ ਕੇ ਤੁਸੀਂ ਇੱਥੇ ਆ ਗਏ...ਮੁੱਖ ਮੰਤਰੀ ਤਾਂ ਤੁਸੀਂ ਹੀ ਓਂ...ਮੈਂ ਪਿਛੇ 'ਕੱਲਾ ਕਿਉਂ ਲੋਕਾਂ ਦਾ ਗੁੱਸਾ ਭੁਗਤਾਂ।

ਵੱਡੇ ਬਾਦਲ- ਨਾ ਸਿਰ 'ਤੇ ਦਿੱਲੀ ਕਮੇਟੀ ਦੀਆਂ ਚੋਣਾਂ ਸੀ...ਪਿਛਲੀ ਵਾਰ ਤਾਂ ਬੜੀ ਪਿੱਠ ਠੋਕੀ ਸੀ ਕਿ ਤੇਰੇ ਕਰਕੇ ਚੋਣ ਜਿੱਤੀ ਐ ਤੇ ਹੁਣ ਕਿਉਂ ਪਿੱਠ ਦਿਖਾਈ।

ਛੋਟਾ ਬਾਦਲ- ਓ ! ਜਾਣ ਦੇ ਬਾਪੂ, ਕਾਹਨੂੰ ਗੁੱਸਾ ਕਰਦੈਂ...ਐਤਕੀਂ ਆਪਣੇ ਹਲਕੇ 'ਚ ਤਾਂ ਲੋਕਾਂ ਨੇ ਮੈਨੂੰ ਵੜਨ ਨੀਂ ਦਿੱਤਾ, ਤੇ ਫੇਰ ਦਿੱਲੀ ਆਲੇ ਕਿਹੜੇ ਮੇਰੇ ਸਕੇ ਨੇ...।

ਵੱਡੇ ਬਾਦਲ- ਚੱਲ, ਜੋ ਹੋਣਾ ਸੀ ਹੋ ਗਿਆ...ਹੁਣ ਐਸ.ਵਾਈ.ਆਲਾ ਮਸਲਾ ਖੜ੍ਹਾ ਹੋ ਗਿਐ...ਤੇਰੇ ਤਾਉ ਚੌਟਾਲੇ ਨੇ ਪੰਗਾ ਖੜ੍ਹਾ ਕਰਤਾ। ਮੇਰੀ ਮੰਨ, ਮੌਕਾ ਸਾਂਭ ਜਾ ਕੇ। ਏਥੇ ਬਹਿ ਕੇ ਕਰਨੈ...ਘਰਆਲੀ ਨੂੰ ਫੇਰ ਸ਼ੌਪਿੰਗ ਕਰਾ ਦਈਂ।

ਛੋਟਾ ਬਾਦਲ- ਬਜ਼ੁਰਗੋ ਮੈਂ ਪਾਣੀ ਆਲੀ ਬੱਸ ਤਾਂ ਚਲਾਤੀ...ਹੁਣ ਕੈਲੀਫੋਰਨੀਆ ਲੈਣ ਆਇਆਂ...ਦਿਖਾਊਂ ਪੰਜਾਬੀਆਂ ਨੂੰ ਕਿਵੇਂ ਦਾ ਹੁੰਦੈ ਕੈਲੀਫੋਰਨੀਆ...।

ਵੱਡੇ ਬਾਦਲ- ਸੁੱਖਿਆ ਫੜ੍ਹਾਂ ਛੱਡ ਦੇ...ਤੇਰੀਆਂ ਇਨ੍ਹਾਂ ਗੱਪਾਂ ਨੇ ਮਰਵਾਤਾ ਮੈਨੂੰ...। ਮੈਨੂੰ ਤਾਂ ਜਾਣਾ ਈ ਪਊ...ਤੇਰੇ ਤਾਊ ਨਾ ਸਮਝਾਉਣਾ, ਬਈ- ਮਹੀਨਾ ਖੰਡ ਅਟਕ ਲੈ...ਨਵੀਂ ਸਰਕਾਰ ਆ ਲੈਣ ਦੇ...ਸਾਡੀ ਕਾਹਨੂੰ ਬੇੜੀ ਡੋਬਦੈਂ।

ਛੋਟੇ ਬਾਦਲ- ਬਜ਼ੁਰਗੋ ਤੁਸੀਂ ਚੱਲੋ...ਮੈਂ ਤਾਂ ਹੁਣ ਕੈਲੀਫੋਰਨੀਆ ਨਾਲ ਈ ਲਿਆਊਂ... ਮੈਂ ਸੁਣਿਐ, ਟਰੰਪ ਕੈਲੀਫੋਰਨੀਆ ਨੂੰ ਅਮਰੀਕਾ 'ਚੋਂ ਕੱਢਣ ਨੂੰ ਫਿਰਦੈ...ਇਹੀ ਮੌਕੈ... ਕੈਲੀਫੋਰਨੀਆ ਆਪਣਾ ਹੋ ਜੂ...ਤੁਸੀਂ ਜਾ ਕੇ ਤਾਊ ਨੂੰ ਸਾਂਭੋ।

### ਮਿਤਰੋਂ ਦੇਖੋ, ਕਹੀਂ ਆਪ ਕੀ ਕਮਰ ਤੋ ਨਹੀਂ ਟੂਟੀ !!

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੜੇ ਮੌਜੀ ਹਨ...ਜਦੋਂ ਦਿਲ ਕਰਦਾ ਹੈ, ਕਦੇ ਕੋਈ ਜੁਮਲਾ ਛੱਡ ਦਿੰਦੇ ਨੇ ਤੇ ਕਦੇ ਕੋਈ ਨਵਾਂ ਫੁਰਮਾਨ। ਤਿੰਨ ਮਹੀਨੇ ਪਹਿਲਾਂ ਰਾਤੋ-ਰਾਤ ਨੋਟਬੰਦੀ ਦਾ ਟੋਟਕਾ ਛੱਡ ਦਿੱਤਾ, ਅਖੇ-'ਮਿਤਰੋਂ, ਦੇਖਨਾ ਅਬ ਕੈਸੇ ਆਂਤਕਵਾਦ ਕੀ ਕਮਰ ਟੂਟੇਗੀ... ਦੇਖਨਾ ਅਬ ਨਕਲੀ ਨੋਟ ਬੰਦ ਹੋ ਜਾਏਂਗੇ...ਦੇਖਨਾ ਕੈਸੇ ਭ੍ਰਿਸ਼ਟਾਚਾਰ ਖ਼ਤਮ ਹੋ ਜਾਏਗਾ...ਦੇਖਨਾ ਮਿਤਰੋਂ, ਅਬ ਕਾਲਾ ਧਨ ਕੈਸੇ ਬਾਹਰ ਆਏਗਾ।' ਮੋਦੀ ਜੀ ਅੱਤਵਾਦ ਦੀ ਤਾਂ ਪਤਾ ਨਹੀਂ ਪਰ ਆਮ ਬੰਦੇ ਦੀ ਕਮਰ ਜ਼ਰੂਰ ਟੁੱਟ ਗਈ ਹੈ। ਲੋਕਾਂ ਨੂੰ ਹਾਲੇ 2 ਹਜ਼ਾਰ ਦੇ ਅਸਲੀ ਨੋਟਾਂ ਦੀ ਤਾਂ ਪਛਾਣ ਹੋਈ ਨਹੀਂ ਸੀ, ਨਕਲੀ ਨੋਟ ਪਹਿਲਾਂ ਹੀ ਧੜਾ-ਧੜ ਆਉਣੇ ਸ਼ੁਰੂ ਹੋ ਗਏ...ਵਿਚਾਰਾ ਸੁਥਰਾ ਕੀਹਦੀ ਮਾਂ ਨੂੰ ਮਾਸੀ ਆਖੇ...ਰੁਲਦਾ ਵਿਚਾਰਾ ਕਿਵੇਂ ਕਰੇ ਨਕਲੀ ਨੋਟ ਦੀ ਪਛਾਣ...। ਪਾਕਿਸਤਾਨ ਨਾਲ ਲਗਦੀ ਸਰਹੱਦ ਤੋਂ ਢੇਰਾਂ ਦੇ ਢੇਰ ਨੋਟ ਫੜੇ ਜਾ ਰਹੇ ਨੇ...ਮੌਜੀ ਮੋਦੀ ਜੀ ਮੌਨ ਹਨ। ਕਾਲਾ ਧਨ ਤਾਂ ਬਾਹਰ ਆਇਆ ਨਹੀਂ, ਹਾਂ-ਇਨ੍ਹਾਂ ਦਾ ਖ਼ਚਰਾ ਹਾਸਾ ਜ਼ਰੂਰ ਨਜ਼ਰ ਆ ਰਿਹੈ-ਜਿਵੇਂ ਪੁਛਦੇ ਹੋਣ, 'ਮਿਤਰੋਂ, ਕਹੀਂ ਆਪ ਕੀ ਕਮਰ ਤੋ ਨਹੀਂ ਟੂਟੀ ?'

### ਪਿੰਡ ਵਸਿਆ ਨਹੀਂ...ਮੰਗਤੇ ਪਹਿਲਾਂ !!

ਦਸ ਸਾਲ ਅਫ਼ਸਰਾਂ ਨੇ ਚੰਮ ਦੀਆਂ ਚਲਾਈਆਂ ਤੇ ਹੁਣ ਜਦੋਂ ਬਾਦਲ ਸਰਕਾਰ ਜਾਂਦੀ ਦਿਸ ਰਹੀ ਐ ਤਾਂ 'ਆਮ ਆਦਮੀ ਪਾਰਟੀ' ਤੇ 'ਕਾਂਗਰਸ' ਦੀਆਂ ਲੇਲ੍ਹੜੀਆਂ ਕੱਢਦੇ ਫਿਰ ਰਹੇ ਨੇ। ਕਿਸੇ ਅਫ਼ਸਰ ਨੇ ਆਪਣੀ ਪਸੰਦੀਦਾ 'ਸੀਟ' ਪਹਿਲਾਂ ਹੀ ਬੁੱਕ ਕਰਵਾ ਲਈ ਤੇ ਕਿਸੇ ਨੇ ਆਪਣੀ ਤਰੱਕੀ ਵੀ ਮਨਵਾ ਲਈ। ਏਨਾ ਤਾਂ ਪੱਕਾ ਲੱਗ ਰਿਹੈ ਕਿ ਬਾਦਲ ਸਰਕਾਰ ਮੁੜ ਨੀਂ ਆਉਂਦੀ ਪਰ ਆਊ ਕੌਣ, ਇਹ ਅਫ਼ਸਰਾਂ ਲਈ ਦੁਚਿਤੀ ਖੜ੍ਹੀ ਕਰ ਰਿਹੈ। ਵਿਚਾਰੇ ਜਾਣ ਕਿੱਧਰ-ਸੋ, ਕਦੇ 'ਕਾਂਗਰਸ' ਤੇ ਕਦੇ 'ਆਪ' ਦੇ ਦਰਬਾਰ ਵਿਚ ਹਾਜ਼ਰੀਆਂ ਭਰ ਕੇ ਫਰਿਆਦੀ ਬਣੇ ਖੜ੍ਹੇ ਹਨ। ਇਨ੍ਹਾਂ ਦਾ ਹਾਲ ਦਾ ਜਵੀਂ ਉਵੇਂ ਬਣਿਐ ਹੋਇਐ ਜਿਵੇਂ ਸਿਆਣੇ ਕਹਿੰਦੇ ਸਨ-ਪਿੰਡ ਵਸਿਆ ਨਹੀਂ...ਮੰਗਤੇ ਪਹਿਲਾਂ ਆ ਗਏ !!

### ਪੋਤੜੇ ਖੁੱਲ੍ਹਣੇ ਸ਼ੁਰੂ !!

ਜੀਤਾ- ਭਿੰਦਿਆ ਆ ਦੇਖ ਲੈ ਕਿਵੇਂ ਬਾਦਲਾਂ ਦੇ ਜਥੇਦਾਰਾਂ ਦੀਆਂ ਰੇਸਾਂ ਲੱਗੀਆਂ ਨੇ।

ਭਿੰਦਾ- ਨਾ ਭਲਾ ਓਹ ਕਿਵੇਂ, ਬਾਦਲਾਂ ਨੇ ਹੁਣ ਕਬੱਡੀ ਤੋਂ ਬਾਅਦ ਦੌੜਾਂ ਕਰਵਾਉਣੀਆਂ ਨੇ ?

ਜੀਤਾ- ਓ ਝੱਲਿਆ, ਦੌੜਾਂ ਤਾਂ ਹੁਣ ਲੱਗਣਗੀਆਂ...ਸਰਕਾਰ ਜੂ ਚੱਲੀ। ੧੦ ਸਾਲ ਪੂਰੀ ਅੱਤ ਕਰਕੇ ਰੱਖੀ ਏਨ੍ਹਾਂ ...ਜੇਬਾਂ ਭਰਨ ਵਿਚ ਕੋਈ ਕਸਰ ਨਹੀਂ ਛੱਡੀ। ਹੋਰ ਤਾਂ ਹੋਰ, ਸਰਕਾਰੀ ਖਜ਼ਾਨਾ ਮਾਂਜਣ ਵਿਚ ਤਾਂ ਸਭ ਤੋਂ ਮੂਹਰੇ ਰਹੇ। ਜੇ ਖੇਤੀ ਕਰਜ਼ਾ ਲਿਆ ਤਾਂ ਉਹ ਨਾ ਮੋੜਿਆ, ਜੇ ਬਿਜਲੀ ਦੇ ਕੁਨੈਕਸ਼ਨ ਲਏ ਤਾਂ ਬਿਜਲੀ ਦੇ ਬਿੱਲ ਨਾ ਤਾਰੇ...।

ਭਿੰਦਾ- ਗੱਲ ਤਾਂ ਤੇਰੀ ਸੋਲ੍ਹਾਂ ਆਨੇ ਠੀਕ ਐ...ਇਨ੍ਹਾਂ ਦੇ ਪੋਤੜੇ ਤਾਂ ਹੁਣ ਖੁੱਲ੍ਹ ਰਹੇ ਨੇ ਕਿ ਕਿੱਥੇ ਕਿੱਥੇ ਠੱਗੀਆਂ ਮਾਰੀਆਂ ਨੇ...ਸਰਕਾਰੀ ਖਜ਼ਾਨੇ ਨੂੰ ਕਿਵੇਂ ਕਿਵੇਂ ਤੇ ਕਿੰਨੀਆਂ ਠੁੰਗੀਆਂ ਲਾਈਆਂ। ਬਾਦਲਾਂ ਦੇ ਸਭ ਤੋਂ ਵਫ਼ਾਦਾਰਾਂ ਨੂੰ ਤਾਂ ਭਾਜੜਾਂ ਪਈਆਂ ਹੋਈਆਂ ਨੇ...ਦੌੜਾਂ ਦੇਖਣ ਵਾਲੀਆਂ ਨੇ ਇਨ੍ਹਾਂ ਦੀਆਂ। ਪਹਿਲਾਂ ਜਿਹੜੇ ਬੰਦੇ ਨੂੰ ਬੰਦਾ ਨਹੀਂ ਸੀ ਸਮਝਦੇ, ਹੁਣ ਨਿੰਮੋ-ਝੂਣੇ ਹੋਏ ਫਿਰ ਰਹੇ ਨੇ। ਹੁਣ ਜਾਨ ਬਚਾਉਂਦੇ ਫਿਰ ਰਹੇ ਨੇ...ਪਹਿਲਾਂ ਤਾਂ ਸੋਹਲੇ ਗਾਉਂਦੇ ਫਿਰਦੇ ਸੀ-ਖਾਓ-ਪੀਓ ਐਸ਼ ਕਰੋ ਮਿਤਰੋ।

ਜੀਤਾ- ਨਾ ਗ਼ਲਤੀ ਤਾਂ ਬਾਦਲ ਪਿਓ-ਪੁੱਤ ਦੀ ਐ...ਪਹਿਲਾਂ ਤਾਂ ਸਿਰ 'ਤੇ ਬਹਾ ਕੇ ਰੱਖਿਆ ਇਨ੍ਹਾਂ ਨੂੰ...ਹੁਣ ਇਹੀ ਇਨ੍ਹਾਂ ਦੀਆਂ ਜੜ੍ਹਾਂ 'ਚ ਬਹਿਣਗੇ।

# ਭਾਰਤ ਤੇ ਯੂਰਪ ਦੀਆਂ ਚੋਣਾਂ ਦਾ ਸਾਂਝਾ ਮਹੱਤਵ

**ਇਸ ਗੱਲ ਉੱਤੇ ਸਰਬਸੰਮਤੀ ਜਾਪਦੀ ਹੈ ਕਿ ਕਾਂਗਰਸ ਅਤੇ 'ਆਪ' ਵਿੱਚ ਵੀ ਮੁਕਾਬਲਾ ਹੈ। ਸੱਟਾ ਬਾਜ਼ਾਰ 'ਆਪ' ਦੇ ਪੱਖ ਵਿੱਚ ਝੁਕਦਾ ਜਾਪਦਾ ਹੈ। ਜੇਕਰ ਮੌਜੂਦਾ ਨਿਘਾਰ ਕਾਰਨ ਅਕਾਲੀਆਂ ਦੀਆਂ ਸੀਟਾਂ 10 ਕੁ ਰਹਿ ਜਾਂਦੀਆਂ ਹਨ ਅਤੇ ਕੁਝ ਆਜ਼ਾਦ ਜਿੱਤ ਜਾਂਦੇ ਹਨ, ਸੌ ਸੀਟਾਂ ਉੱਤੇ 'ਆਪ' ਅਤੇ ਕਾਂਗਰਸ ਦਰਮਿਆਨ ਮੁਕਾਬਲਾ ਹੋਵੇਗਾ। ਇਹ ਦੋਵੇਂ ਪਾਰਟੀਆਂ 60 ਤੋਂ ਵਧੇਰੇ ਸੀਟਾਂ ਜਿੱਤਣ ਦਾ ਦਾਅਵਾ ਕਰਦੀਆਂ ਹਨ। ਆਲਮੀ ਰੁਝਾਨ ਦੇ ਉਲਟ ਵੋਟਰਾਂ ਵੱਲੋਂ ਸਿਆਸੀ ਤਬਦੀਲੀ ਲਿਆਉਣ ਲਈ ਜਨਵਾਦੀ ਸ਼ਖ਼ਸੀਅਤਾਂ ਦੀ ਚੋਣ ਨਾਲ ਲਟਕਵੀਂ ਵਿਧਾਨ ਸਭਾ ਬਣਨ ਦੀਆਂ ਸੰਭਾਵਨਾਵਾਂ ਹਨ।**

**ਕੇ. ਸੀ. ਸਿੰਘ***



ਦੂਜੀ ਆਲਮੀ ਜੰਗ ਤੋਂ ਬਾਅਦ ਦੇ ਵਿਕਾਸ ਅਤੇ ਉਦਾਰਵਾਦੀ ਨਜ਼ਰੀਏ ਨੂੰ ਦਰਕਿਨਾਰ ਕਰਦਿਆਂ ਦੁਨੀਆ ਵਿੱਚ ਲੋਕ ਲੁਭਾਊ-ਰਾਸ਼ਟਰਵਾਦੀ ਨੇਤਾਵਾਂ ਦੇ ਉਭਾਰ ਤੋਂ ਵੋਟਰਾਂ ਦੇ ਮਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਹੈ। ਅਜਿਹੇ ਮਾਹੌਲ ਦੌਰਾਨ ਭਾਰਤ ਵਿੱਚ ਸੂਬਾਈ ਵਿਧਾਨ ਸਭਾ ਚੋਣਾਂ ਚੱਲ ਰਹੀਆਂ ਹਨ। ਪੰਜਾਬ ਅਤੇ ਗੋਆ ਵਿੱਚ ਪਹਿਲਾਂ ਹੀ 4 ਫਰਵਰੀ ਨੂੰ ਮਤਦਾਨ ਹੋ ਚੁੱਕਿਆ ਹੈ। ਉਤਰਾਖੰਡ, ਉੱਤਰ ਪ੍ਰਦੇਸ਼ ਤੇ ਮਣੀਪੁਰ ਵਿੱਚ ਇਹ ਅਮਲ ਅਜੇ ਮੁਕੰਮਲ ਹੋਣਾ ਹੈ। ਆਪਣੀ ਪੁਸਤਕ 'ਏਜ ਆਫ ਐਂਗਰ' ਵਿੱਚ ਪੰਕਜ ਮਿਸ਼ਰਾ ਇਹ ਸਿੱਟਾ ਕੱਢਦਾ ਹੈ ਕਿ ਸ਼ੀ ਜਿੰਨਪਿੰਗ, ਮੋਦੀ, ਪੂਤਿਨ ਅਤੇ ਤੁਰਕੀ ਦਾ ਅਰਦੋਜਾਂ 19ਵੀਂ ਸਦੀ ਦੇ ਜਰਮਨਾਂ ਅਤੇ ਇਤਾਲਵੀਆਂ ਵਾਂਗ ਉੱਖੜੇ ਆਪਣੇ ਮੁਲਕਾਂ ਦੇ ਉਨ੍ਹਾਂ ਨਾਗਰਿਕਾਂ ਲਈ ਰਵਾਇਤੀ ਰਾਸ਼ਟਰਵਾਦੀ ਆਗੂਆਂ ਵਾਲੇ ਚੌਖ਼ਟੇ ਵਿੱਚ ਫਿੱਟ ਬੈਠਦੇ ਹਨ ਜੋ ਕੇਂਦਰਿਤ ਨਹੀਂ ਹਨ ਅਤੇ ਸਾਂਝ, ਪਛਾਣ, ਭਾਈਚਾਰੇ, ਆਪਣੀ ਖ਼ੁਦਮੁਖਤਿਆਰੀ, ਪਦਾਰਥਕ ਖੁਸ਼ਹਾਲੀ ਅਤੇ ਕੌਮੀ ਸ਼ਕਤੀ ਬਾਰੇ ਜਿਨ੍ਹਾਂ ਦੀਆਂ ਆਪਾ ਵਿਰੋਧੀ ਲਾਲਸਾਵਾਂ ਹਨ। ਅਨਿਸ਼ਚਿਤਤਾ ਭਰੀ ਦੁਨੀਆਂ ਵਿੱਚ ਸੁਰੱਖਿਆ ਦਾ ਵਾਅਦਾ ਕਰਦਿਆਂ ਇਹ ਨੇਤਾ ਦੋਗ਼ਲੇ ਬ੍ਰਿਤਾਂਤਾਂ ਦਾ ਸਹਾਰਾ ਲੈਂਦੇ ਹਨ ਜਿਵੇਂ ਮਾਓ ਅਤੇ ਕਨਫੂਸ਼ੀਅਸ, ਪਵਿੱਤਰ ਗਊ ਅਤੇ ਸਮਾਰਟ ਸ਼ਹਿਰ, ਪੂਤਿਨਵਾਦ ਤੇ ਪੁਰਾਤਨਪਤੀ ਈਸਾਈਤਵ।

ਭਾਰਤ ਦਾ ਸਭ ਤੋਂ ਵੱਡਾ ਸੂਬਾ ਉੱਤਰ ਪ੍ਰਦੇਸ਼ ਇਹ ਫ਼ੈਸਲਾ ਕਰੇਗਾ ਕਿ ਨੋਟਬੰਦੀ ਨਾਲ ਦਿੱਤੇ ਵੱਡੇ ਝਟਕੇ ਅਤੇ ਅਮੀਰਾਂ 'ਤੇ ਸਖ਼ਤੀ ਕਰਨ ਦੇ ਸਬਜ਼ਬਾਗ ਦਿਖਾ ਕੇ ਹੇਠਲੇ ਮੱਧ ਵਰਗ ਤੇ ਕਿਰਤੀ ਸ਼੍ਰੇਣੀਆਂ ਨੂੰ ਕੁਢੱਬੇ ਢੰਗ ਨਾਲ ਲੁਭਾਉਣ ਵਾਲੀਆਂ ਮੋਦੀ ਦੀਆਂ ਨੀਤੀਆਂ ਕਾਰਗਰ ਹਨ ਜਾਂ ਨਹੀਂ। ਦੂਜੇ ਪਾਸੇ ਪੰਜਾਬ ਲਈ ਦੁਚਿੱਤੀ ਹੋਰ ਵੀ ਗੰਭੀਰ ਹੈ।

ਅਕਾਲੀ ਦਲ ਨੇ ਪੰਥਕ ਧਿਰਾਂ ਨਾਲ ਮਿਲ ਕੇ ਪੰਜਾਬ ਨੂੰ ਸਿੱਖਾਂ ਦੀ ਬਹੁਗਿਣਤੀ ਵਾਲਾ ਸੂਬਾ ਬਣਾ ਕੇ ਲਾਹਾ ਲਿਆ। ਹੌਲੀ ਹੌਲੀ ਬਾਦਲਾਂ ਦੇ ਸਿਆਸੀ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਦੇ ਸਬੰਧ ਵਿੱਚ ਪੰਥਕ ਧਿਰਾਂ ਦੀ ਭੂਮਿਕਾ 'ਜੀ ਹਜ਼ੂਰੀ' ਤਕ ਸੀਮਿਤ ਹੋ ਗਈ। ਪੰਥਕ ਧਿਰਾਂ, ਖ਼ਾਸ ਕਰਕੇ ਸਿੰਘ ਸਾਹਿਬਾਨ, ਡੇਰਾ ਸੱਚਾ ਸੌਦਾ ਨੂੰ ਲੋਕਾਂ ਦੇ ਇੱਕ ਵਰਗ ਤੋਂ ਮਿਲਦੀ ਹਮਾਇਤ ਤੋਂ ਨਾਖ਼ੁਸ਼ ਸਨ। ਹੁਣ ਇਸੇ ਡੇਰੇ ਵੱਲੋਂ ਐਨ ਆਖਰੀ ਮੌਕੇ ਅਕਾਲੀ ਦਲ ਭਾਜਪਾ ਗੱਠਜੋੜ ਦੀ ਹਮਾਇਤ ਕਰਨ ਦਾ ਮਤਲਬ ਜਾਂ ਤਾਂ ਅਕਾਲੀਆਂ ਵੱਲੋਂ ਜਨਤਕ ਹਮਾਇਤ ਘਟਣ ਦੀ ਗੱਲ ਸਿੱਧੇ ਤੌਰ 'ਤੇ ਕਬੂਲ ਕਰਨ ਵਾਂਗ ਹੈ ਤੇ ਜਾਂ ਫਿਰ ਉਨ੍ਹਾਂ ਨੂੰ ਜਾਪਦਾ ਹੈ ਕਿ ਸਿੱਖਾਂ ਦੀਆਂ ਭਾਵਨਾਵਾਂ ਦੀ ਅਣਦੇਖੀ ਕਰਨ ਨਾਲ ਵੀ ਉਨ੍ਹਾਂ ਨੂੰ ਬਹੁਤਾ ਫ਼ਰਕ ਨਹੀਂ ਪੈਣ ਵਾਲਾ। ਇਸ ਗੱਲ ਉੱਤੇ ਸਰਬਸੰਮਤੀ ਜਾਪਦੀ ਹੈ ਕਿ ਕਾਂਗਰਸ ਅਤੇ 'ਆਪ' ਵਿੱਚ ਵੀ ਮੁਕਾਬਲਾ ਹੈ। ਸੱਟਾ ਬਾਜ਼ਾਰ 'ਆਪ' ਦੇ ਪੱਖ ਵਿੱਚ ਝੁਕਦਾ ਜਾਪਦਾ ਹੈ। ਜੇਕਰ ਮੌਜੂਦਾ ਨਿਘਾਰ ਕਾਰਨ ਅਕਾਲੀਆਂ ਦੀਆਂ ਸੀਟਾਂ 10 ਕੁ ਰਹਿ ਜਾਂਦੀਆਂ ਹਨ ਅਤੇ ਕੁਝ ਆਜ਼ਾਦ ਜਿੱਤ ਜਾਂਦੇ ਹਨ, ਸੌ ਸੀਟਾਂ ਉੱਤੇ 'ਆਪ' ਅਤੇ ਕਾਂਗਰਸ ਦਰਮਿਆਨ ਮੁਕਾਬਲਾ ਹੋਵੇਗਾ। ਇਹ ਦੋਵੇਂ ਪਾਰਟੀਆਂ 60 ਤੋਂ ਵਧੇਰੇ ਸੀਟਾਂ ਜਿੱਤਣ ਦਾ ਦਾਅਵਾ ਕਰਦੀਆਂ ਹਨ। ਆਲਮੀ ਰੁਝਾਨ ਦੇ ਉਲਟ ਵੋਟਰਾਂ ਵੱਲੋਂ ਸਿਆਸੀ ਤਬਦੀਲੀ ਲਿਆਉਣ ਲਈ ਜਨਵਾਦੀ ਸ਼ਖ਼ਸੀਅਤਾਂ ਦੀ ਚੋਣ ਨਾਲ ਲਟਕਵੀਂ ਵਿਧਾਨ ਸਭਾ ਬਣਨ ਦੀਆਂ ਸੰਭਾਵਨਾਵਾਂ ਹਨ। ਇਸ ਤੱਥ ਦੇ ਆਧਾਰ 'ਤੇ ਕੇਜਰੀਵਾਲ ਨੇ ਸ਼ਾਇਦ ਸਿੱਖ ਕੌਮ ਦੇ ਗੜ੍ਹ ਨੂੰ ਸੰਨ੍ਹ ਲਾ ਲਿਆ ਹੈ ਅਤੇ ਹੋ ਸਕਦਾ ਹੈ ਕਿ ਪੰਜਾਬ ਸ਼ਾਇਦ ਫਿਰਕੂ ਸਿਆਸਤ ਤੋਂ ਉੱਪਰ ਉੱਠ ਕੇ ਧਰਮ ਨਿਰਪੱਖ ਲੋਕ ਲੁਭਾਊਵਾਦ ਦੇ ਰਾਹ ਪੈ ਜਾਵੇ। ਦੂਜੇ ਪਾਸੇ ਜੇ ਪੰਜਾਬ ਸਿਰਫ਼ ਬਦਲਾਅ ਚਾਹੁੰਦਾ ਹੈ ਤੇ ਕ੍ਰਾਂਤੀ ਨਹੀਂ, ਤਾਂ ਕੈਪਟਨ ਅਮਰਿੰਦਰ ਸਿੰਘ ਕਿਸੇ 'ਬਾਹਰੀ' ਤਾਕਤ ਨੂੰ ਆਪਣੇ ਗੜ੍ਹ ਵਿੱਚ ਪੈਰ ਨਹੀਂ ਜਮਾਉਣ ਦੇਣਗੇ।

11 ਮਾਰਚ ਨੂੰ ਭਾਰਤ ਦੇ ਪੰਜ ਸੂਬਿਆਂ ਦੀਆਂ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਤਿੰਨ ਦਿਨ ਮਗਰੋਂ ਨੈਦਰਲੈਂਡਜ਼ ਵਿੱਚ ਚੋਣਾਂ ਹੋਣਗੀਆਂ। ਇਸ ਨਾਲ ਫਰਾਂਸ ਅਤੇ ਜਰਮਨੀ ਚੋਣਾਂ ਤੋਂ ਪਹਿਲਾਂ ਯੂਰਪੀਅਨ ਮੁਲਕਾਂ ਵਿੱਚ ਲੋਕ ਲੁਭਾਊਵਾਦ ਦੀ ਪਰਖ ਹੋ ਜਾਵੇਗੀ। ਐਂਟੀ-ਮੁਸਲਿਮ ਫਰੀਡਮ ਪਾਰਟੀ (ਪੀਵੀਵੀ) ਦਾ ਗੀਅਰਟ ਵਿਲਡਰਜ਼ ਇਸ ਦੌੜ ਵਿੱਚ ਸਭ ਤੋਂ ਅੱਗੇ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਲਿਬਰਲ ਪਾਰਟੀ ਦੇ ਆਗੂ ਅਤੇ ਨੈਦਰਲੈਂਡਜ਼ ਦੇ ਪ੍ਰਧਾਨ ਮੰਤਰੀ ਮਾਰਕ ਰੁੱਟ ਨੇ ਵਿਲਡਰਜ਼ ਵੱਲੋਂ ਪਛਾੜੇ ਜਾਣ ਦੇ ਡਰ ਤੋਂ ਵੋਟਰਾਂ ਨੂੰ ਫਿਰਕੂ ਚਿੱਠੀ ਲਿਖੀ। ਫਰਾਂਸੀਸੀ ਆਗੂ ਮੇਰੀਨ ਲੀ ਪੈੱਨ ਵੀ ਨੈਦਰਲੈਂਡਜ਼ ਦੇ ਚੋਣ ਨਤੀਜਿਆਂ 'ਤੇ ਨਜ਼ਰਾਂ ਟਿਕਾਈ ਬੈਠੀ ਹੈ ਕਿਉਂਕਿ ਨੈਦਰਲੈਂਡਜ਼ ਦੇ ਹਾਲਾਤ ਅਕਸਰ ਉੱਤਰੀ ਯੂਰਪ ਵਿੱਚ ਹਵਾ ਦਾ ਰੁਖ਼ ਦੱਸਦੇ ਹਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਅਹੁਦਾ ਸੰਭਾਲਣ ਮਗਰੋਂ ਦੋ ਝਟਕੇ ਲੱਗੇ। ਪਹਿਲਾ ਸ਼ਰਨਾਰਥੀਆਂ ਅਤੇ ਸੱਤ ਇਸਲਾਮੀ ਮੁਲਕਾਂ ਦੇ ਨਾਗਰਿਕਾਂ ਦੀ ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਵੀਜ਼ਾ ਪਾਬੰਦੀਆਂ ਸਬੰਧੀ ਟਰੰਪ ਦੇ ਸਖ਼ਤ ਹੁਕਮਾਂ ਉੱਤੇ ਫੈਡਰਲ ਡਿਸਟਰਿਕਟ ਕੋਰਟ ਨੇ ਰੋਕ ਲਾ ਦਿੱਤੀ। ਅਪੀਲੀ ਅਦਾਲਤ ਨੇ ਵੀ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ। ਸੁਪਰੀਮ ਕੋਰਟ ਵਿੱਚ ਇਸ ਸਬੰਧੀ ਮਾਮਲੇ ਦਾ ਨੌਂਵੇਂ ਜੱਜ ਦੀ ਨਿਯੁਕਤੀ ਤੋਂ ਪਹਿਲਾਂ ਕੋਈ ਲਾਭ ਨਹੀਂ ਹੋਏਗਾ ਕਿਉਂਕਿ ਸੁਪਰੀਟ ਕੋਰਟ ਦੇ ਅੱਠਾਂ ਵਿੱਚੋਂ ਚਾਰ ਜੱਜ ਇਸ ਦੇ ਹੱਕ ਅਤੇ ਚਾਰ ਜੱਜ ਵਿਰੋਧ ਵਿੱਚ ਹਨ। ਦੂਜਾ, ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਰੂਸੀ ਸਫ਼ੀਰ ਨਾਲ ਸੰਪਰਕ ਵਿੱਚ ਰਹਿਣ ਦੇ ਮੁੱਦੇ ਉੱਤੇ ਉਸ ਵੱਲੋਂ ਨਾਮਜ਼ਦ ਕੌਮੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਹੈ।

ਇਸੇ ਤਰ੍ਹਾਂ ਭਾਰਤ ਵਿੱਚ ਲੋਕ ਲੁਭਾਊ ਨਾਅਰਿਆਂ ਦੇ ਜਾਦੂਗਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਈ ਸੰਸਥਾਗਤ ਬੰਧਨ ਨਹੀਂ ਹੈ। ਆਰਬੀਆਈ ਵੱਲੋਂ ਨੋਟਬੰਦੀ ਦੀ ਗੁਪਤਤਾ ਦੀ ਭਾਫ਼ ਤਕ ਨਾ ਕੱਢਣਾ ਪਰ ਬਾਅਦ ਵਿੱਚ ਨਿੱਤ ਦੀਆਂ ਨਿਯਮ ਬਦਲੀਆਂ ਤੋਂ ਨੋਟਬੰਦੀ ਦੀ ਸਮੁੱਚੀ ਕਲਾਬਾਜ਼ੀ ਪ੍ਰਕਿਰਿਆ ਦੀ ਪਵਿੱਤਰਤਾ 'ਤੇ ਸ਼ੱਕ ਉਤਪੰਨ ਹੁੰਦਾ ਹੈ। ਆਰਬੀਆਈ ਵੱਲੋਂ ਵਾਪਸ ਆਈ ਕਰੰਸੀ ਦੀ ਰਕਮ ਸਬੰਧੀ ਜਾਣਕਾਰੀ ਦੇਣ ਤੋਂ ਇਨਕਾਰ ਕਰਕੇ ਇਹ ਕਹਿਣਾ ਕਿ ਜ਼ਿਆਦਾਤਰ ਵਾਪਸ ਆ ਗਈ ਹੈ, ਇਹ ਦਰਸਾਉਂਦਾ ਹੈ ਕਿ ਬਹੁਤ ਘੱਟ ਕਾਲਾ ਧਨ ਪਕੜ ਵਿੱਚ ਆਇਆ ਹੈ- ਜੋ ਅਨਿਯੰਤਰਿਤ ਪ੍ਰਕਿਰਿਆ ਦੇ ਮਕਸਦ ਲਈ ਹੈ। ਅਮਰੀਕਾ ਦੇ ਉਲਟ ਲੋਕਾਂ ਦੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਵਿੱਤ ਮੰਤਰੀ ਨੇ ਸੰਸਦ ਵਿੱਚ ਇਹ ਕਿਹਾ ਕਿ ਏਟੀਐੱਮਜ਼ ਨਕਦੀ ਨਾਲ ਭਰੇ ਹੋਏ ਹਨ। ਦੂਜੀ ਤਰਫ਼ ਕਤਾਰਾਂ ਵਿੱਚ ਲੱਗੇ ਲੋਕਾਂ ਦੀਆਂ ਮੌਤਾਂ ਹੋਣ 'ਤੇ ਵੀ ਭਾਰਤ ਦੇ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ।

ਮੌਜੂਦਾ ਸੂਬਾਈ ਚੋਣਾਂ ਭਾਰਤੀ ਰਾਜਨੀਤੀ ਨੂੰ ਮੁੜ ਤੋਂ ਪਰਿਭਾਸ਼ਿਤ ਕਰ ਸਕਦੀਆਂ ਹਨ। 'ਆਪ' ਨੇ ਪੰਜਾਬ ਵਿੱਚ ਜਿੱਤਣ ਲਈ ਕੇਜਰੀਵਾਲ ਨੂੰ 'ਅਸਲੀ' ਭਾਰਤੀ ਰਾਜਨੀਤਕ ਹਸਤੀ ਵਜੋਂ ਪੇਸ਼ ਕੀਤਾ ਹੈ। ਹਾਰ ਉਸ ਦੇ ਵਧਣ ਫੁੱਲਣ ਵਿੱਚ ਅੜਿੱਕਾ ਪਾ ਸਕਦੀ ਹੈ। ਇਸੇ ਤਰ੍ਹਾਂ ਹੀ ਸਮਾਜਵਾਦੀ ਪਾਰਟੀ-ਕਾਂਗਰਸ ਗਠਜੋੜ ਨੇ ਅਖਿਲੇਸ਼ ਨੂੰ 2019 ਦੀਆਂ ਲੋਕਾਂ ਸਭਾ ਚੋਣਾਂ ਲਈ ਮੁੱਖ ਖਿਡਾਰੀ ਦੇ ਤੌਰ 'ਤੇ ਪੇਸ਼ ਕੀਤਾ ਹੈ। ਉਸਦੇ ਅਜਿਹੇ ਉਭਾਰ ਨੇ ਹੀ ਰਾਹੁਲ ਗਾਂਧੀ ਨੂੰ ਵੀ ਕੁਝ ਗਪੌੜਾਂ ਮਾਰਨ ਦਾ ਮੌਕਾ ਦੇ ਦਿੱਤਾ ਹੈ। ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੇ ਹਾਰਨ ਦੀ ਸੂਰਤ ਵਿੱਚ 2019 ਵਿੱਚ ਮੋਦੀ ਦੀ ਮੁੜ ਚੋਣ ਬਾਰੇ ਗੰਭੀਰ ਸ਼ੱਕ ਤੋਂ ਇਲਾਵਾ ਮੋਦੀ ਦੀ ਕੰਮ ਕਰਨ ਦੀ ਸ਼ੈਲੀ ਅਤੇ ਸਹਿਯੋਗੀਆਂ ਦੀ ਚੋਣ ਸਬੰਧੀ ਨੀਤੀ ਨੂੰ ਧੱਕਾ ਲੱਗੇਗਾ।

ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਤਿੰਨ ਮੁੱਖ ਧਿਰਾਂ ਇਸ ਦੇ ਪੁਨਰਨਿਰਮਾਣ ਲਈ ਕੋਈ ਗਹਿਰ ਗੰਭੀਰ ਯੋਜਨਾ ਨਹੀਂ ਪੇਸ਼ ਕਰ ਸਕੀਆਂ। ਨਸ਼ਿਆਂ ਦੀ ਸਮੱਸਿਆ ਨੂੰ ਹੀ

**ਬਾਕੀ ਸਫ਼ਾ 33 'ਤੇ**

# ਜੇਐੱਨਯੂ ਵਾਲਾ ਘਟਨਾਕ੍ਰਮ ਤੇ ਰਾਸ਼ਟਰਵਾਦ ਦੀ ਪਰਿਭਾਸ਼ਾ

**ਯੋਗੇਂਦਰ ਯਾਦਵ**
(ਮੋਬਾਈਲ : 98688-88986)

**ਪਿਛਲੇ ਸਾਲ ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲੇ ਜਰਮਨੀ ਅਤੇ ਇਟਲੀ ਦੇ ਇਸੇ ਸੌੜੇ ਰਾਸ਼ਟਰਵਾਦ ਦੀ ਨਕਲ ਭਾਰਤ ਵਿੱਚ ਕਰਨਾ ਚਾਹੁੰਦੇ ਸਨ। ਪਿਛਲੇ ਸਾਲ ਇਸ ਰਾਸ਼ਟਰਵਾਦ ਦਾ ਵਿਰੋਧ ਕਰਨ ਵਾਲਾ ਖੇਮਾ ਵੀ ਇਹ ਮੰਨ ਕੇ ਚਲਦਾ ਹੈ ਕਿ ਰਾਸ਼ਟਰਵਾਦ ਸੌੜਾ ਹੀ ਹੋ ਸਕਦਾ ਹੈ। ਜੇ ਉਦਾਰ ਹੋਣਾ ਹੈ ਤਾਂ ਰਾਸ਼ਟਰਵਾਦ ਨੂੰ ਛੱਡ ਕੇ ਅੰਤਰਰਾਸ਼ਟਰਵਾਦ ਨੂੰ ਅਪਣਾਉਣਾ ਹੋਵੇਗਾ। ਇਹ ਦੋਵੇਂ ਧਿਰਾਂ ਉਧਾਰ ਦੀ ਸੋਚ ਅਤੇ ਬਿਮਾਰ ਮਾਨਸਿਕਤਾ ਦੇ ਦੋ ਅਕਸ ਹਨ।**



ਜੇਐਨਯੂ ਵਿੱਚ 9 ਫਰਵਰੀ ਦੀ ਘਟਨਾ ਦਾ ਇੱਕ ਸਾਲ ਪੂਰਾ ਹੋਣ 'ਤੇ ਇੰਦੌਰ ਤੋਂ ਆਏ ਇੱਕ ਟੈਲੀਫੋਨ ਦੀ ਯਾਦ ਆਈ। ਉਨ੍ਹਾਂ ਦਿਨਾਂ ਵਿੱਚ ਪੂਰਾ ਮੁਲਕ ਦੇਸ਼ ਭਗਤਾਂ ਤੇ ਦੇਸ਼ ਧ੍ਰੋਹੀਆਂ ਦੀ ਸ਼ਨਾਖ਼ਤ ਕਰ ਰਿਹਾ ਸੀ। ਉਨ੍ਹਾਂ ਦੇ ਨਿਸ਼ਾਨੇ 'ਤੇ ਜੇ.ਐੱਨ.ਯੂ. ਦੇ ਝੋਲਿਆਂ ਤੇ ਦਾੜ੍ਹੀਆਂ ਵਾਲੇ ਸਨ। ਮੈਂ ਵੀ ਟੀ.ਵੀ. 'ਤੇ ਇੱਕ ਬਹਿਸ ਵਿੱਚ ਭਾਗ ਲੈ ਰਿਹਾ ਸੀ। ਮੈਂ ਕੋਸ਼ਿਸ਼ ਕਰ ਰਿਹਾ ਸੀ ਕਿ ਇਸ ਦੋਹਰੀ ਸ਼ਨਾਖ਼ਤ ਵਿੱਚ ਤੀਜੀ ਸੋਚ ਬਣਾਈ ਜਾ ਸਕੇ। ਇਸੇ ਦੌਰਾਨ ਉਹ ਫੋਨ ਕਾਲ ਆਈ ਸੀ।

"ਮੈਂ ਤੁਹਾਡੀ ਕਦਰ ਕਰਦਾਂ ਹਾਂ। ਤੁਸੀਂ ਸਮਝਦਾਰ ਅਤੇ ਸੰਜੀਦਾ ਗੱਲ ਕਰਦੇ ਹੋ। ਤੁਸੀਂ ਕਿਸੇ ਪਾਰਟੀ ਦਾ ਪੱਖ ਲੈਣ ਦੀ ਥਾਂ ਦੇਸ਼ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋ। ਪਰ ਜੇ.ਐੱਨ.ਯੂ. ਦੇ ਮੁੱਦੇ 'ਤੇ ਤੁਸੀਂ ਦੇਸ਼ ਧ੍ਰੋਹੀਆਂ ਨਾਲ ਕਿਉਂ ਖੜ੍ਹੇ ਹੋ?" ਕਾਲ ਕਰਨ ਵਾਲਾ ਕਾਫੀ ਦੁਖੀ ਲਗਦਾ ਸੀ। ਮੈਂ ਉਸ ਨੂੰ ਜੇਐੱਨਯੂ ਮਾਮਲੇ ਬਾਰੇ ਕੁਝ ਤੱਥ ਵੀ ਦੱਸੇ। ਮੈਂ ਉਸ ਨੂੰ ਪੁੱਛਿਆ ਕਿ 9 ਫਰਵਰੀ ਨੂੰ ਜੇਐੱਨਯੂ ਵਿੱਚ ਜੋ ਕੁਝ ਹੋਇਆ ਸੀ, ਉਸ ਦੇ ਬਾਰੇ ਉਹ ਏਨੀ ਤਸੱਲੀ ਕਿਉਂ ਦਰਸਾ ਰਿਹਾ ਹੈ। ਉਸ ਨੂੰ ਅਦਾਲਤ ਵਿੱਚ ਕਨੱਈਆ ਕੁਮਾਰ ਦੀ ਮਾਰ-ਕੁੱਟ ਬਾਰੇ ਵੀ ਪੁੱਛਿਆ। ਮੈਂ ਉਸ ਨੂੰ ਸਪਸ਼ਟ ਕੀਤਾ ਕੇ ਮੈਂ ਰਾਸ਼ਟਰਵਾਦ ਮਾਮਲੇ ਵਿਚ ਜੇਐੱਨਯੂ ਦੇ ਕਈ ਲੋਕਾਂ ਦੀ ਰਾਇ ਨਾਲ ਸਹਿਮਤ ਨਹੀਂ ਹਾਂ। ਪਰ ਇਸ ਘਟਨਾ ਦੇ ਤੱਥਾਂ ਨੂੰ ਲੈ ਕੇ ਮੈਂ ਉਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ। ਇਸ ਸਭ ਕੁਝ ਦੇ ਬਾਵਜੂਦ ਮੈਂ ਉਸ ਫੋਨ ਕਰਨ ਵਾਲੇ ਦੀ ਸੰਤੁਸ਼ਟੀ ਨਹੀਂ ਸੀ ਕਰਵਾ ਸਕਿਆ। ਉਸ ਨੂੰ ਤੱਥਾਂ ਨਾਲ ਦਿਲਚਸਪੀ ਨਹੀਂ ਸੀ। "ਇੱਧਰ ਭਾਰਤ ਮਾਤਾ ਦਾ ਅਪਮਾਨ ਹੋ ਰਿਹਾ ਹੈ ਅਤੇ ਤੁਸੀਂ ਇੱਧਰ-ਉੱਧਰ ਦੇ ਤੱਥ ਦੇ ਰਹੇ ਹੋ। ਅਸਲ ਸਵਾਲ ਤਾਂ ਇਹ ਹੈ ਕਿ ਤੁਸੀਂ ਕਿੱਥੇ ਖੜ੍ਹੇ ਹੋ?" ਮੈਨੂੰ ਲੱਗਿਆ ਕਿ ਉਹ ਗੁੱਸੇ ਵਿੱਚ ਸੀ। ਉਸ ਨਾਲ ਗੱਲ ਬਾਅਦ ਵਿੱਚ ਠੰਢੇ ਦਿਮਾਗ ਨਾਲ ਹੋ ਸਕਦੀ ਹੈ, ਪਰ ਫਿਰ ਉਸ ਨਾਲ ਗੱਲ ਨਾ ਹੋ ਸਕੀ। ਇੰਦੌਰ ਤਾਂ ਯਾਦ ਰਿਹਾ ਪਰ ਫੋਨ ਕਰਨ ਵਾਲੇ ਦਾ ਨਾਮ ਤੇ ਨੰਬਰ ਯਾਦ ਨਹੀਂ। ਜਦੋਂ ਇਸ ਘਟਨਾ ਦੀ ਵਰ੍ਹੇਗੰਢ ਦੀ ਸੂਚਨਾ ਆਈ ਤਾਂ ਮੈਂ ਮਨ ਹੀ ਮਨ ਉਸ ਨਾਲ ਗੱਲ ਕਰਨ ਲੱਗਾ। ਕੀ ਗੱਲ ਹੋਈ, ਤੁਸੀਂ ਵੀ ਸੁਣ ਲਉ।

ਪਿਛਲੇ ਸਾਲ ਜਦੋਂ ਆਪਣੀ ਗੱਲ ਹੋਈ ਸੀ ਤਾਂ ਤੁਸੀਂ ਕਾਫ਼ੀ ਗੁੱਸੇ ਵਿੱਚ ਸੀ। ਪਰ ਤੁਸੀਂ ਹੀ ਦੇਖੋ ਕਿ ਜੇਐੱਨਯੂ ਦੀ ਉਸ ਘਟਨਾਕ੍ਰਮ ਦੀ ਸਚਾਈ ਕੀ ਨਿਕਲੀ? ਜਿਸ ਟੇਪ ਨੂੰ ਲੈ ਕੇ ਤੁਸੀਂ ਇੰਨੇ ਉਤੇਜਿਤ ਸੀ, ਉਹ ਤਾਂ ਸੱਚ ਸਾਬਿਤ ਹੀ ਨਹੀਂ ਹੋ ਸਕੀ। ਉਸ ਵਿੱਚ ਛੇੜਛਾੜ ਕਰਕੇ ਭੜਕਾਊ ਗੱਲਾਂ ਪਾਈਆਂ ਗਈਆਂ ਸੀ। ਤੁਸੀਂ ਹੀ ਸੋਚੋ, ਇੱਕ ਸਾਲ ਬੀਤ ਗਿਆ ਜੇ ਜੇਐੱਨਯੂ ਦੇ ਵਿਦਿਆਰਥੀਆਂ ਨੇ ਭਾਰਤ ਵਿਰੋਧੀ ਨਾਅਰੇ ਲਾਏ ਹੁੰਦੇ ਤਾਂ ਪੁਲੀਸ ਨੇ ਹੁਣ ਤਕ ਉਸ ਦੇ ਸਬੂਤ ਅਦਾਲਤ ਵਿੱਚ ਪੇਸ਼ ਕਰ ਦਿੱਤੇ ਹੁੰਦੇ। ਦੂਜੇ ਪਾਸੇ, ਦੇਖੋ ਕਿ ਦਿਨ-ਦਿਹਾੜੇ ਅਦਾਲਤੀ ਵਿਹੜੇ ਵਿੱਚ ਕਨ੍ਹੱਈਆ ਕੁਮਾਰ ਦੀ ਕੁੱਟ-ਮਾਰ ਹੋਈ ਸੀ। ਇੱਕ ਸਾਲ ਬੀਤ ਜਾਣ ਦੇ ਬਾਵਜੂਦ ਪੁਲੀਸ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਨਾਮਜ਼ਦ ਕਰਨ ਵਿੱਚ ਟਾਲ ਮਟੋਲ ਕਰ ਰਹੀ ਹੈ। ਕਿਤੇ ਅਜਿਹਾ ਤਾਂ ਨਹੀਂ ਕਿ ਤੁਹਾਡੇ ਵਰਗੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਲਈ ਕਿਸੇ ਨੇ ਇੱਕ ਛੋਟੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਹੋਵੇ? ਅਤੇ ਜੋ ਸੱਚਮੁੱਚ ਵਾਪਰਿਆ, ਉਸ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੋਵੇ?

ਤੁਸੀਂ ਇਹ ਗੱਲ ਨਾ ਸੋਚੋ ਕਿ ਇਸ ਘਟਨਾ ਦੇ ਤੱਥਾਂ ਬਾਰੇ ਗੱਲ ਕਰਕੇ ਮੈਂ ਗੱਲ ਘੁਮਾ ਰਿਹਾ ਹਾਂ। ਮੈਨੂੰ ਯਾਦ ਹੈ ਕਿ ਤੁਸੀਂ ਕਿਹਾ ਸੀ ਕਿ ਮਾਮਲਾ ਸਿਰਫ਼ ਤੱਥਾਂ ਦਾ ਨਹੀਂ, ਮੈਂ ਇਸ ਨਾਲ ਸਹਿਮਤ ਹਾਂ। ਤੁਹਾਡੇ ਲਈ ਸਵਾਲ ਵਿਅਕਤੀਗਤ ਆਜ਼ਾਦੀ ਦਾ ਵੀ ਨਹੀਂ ਹੈ। ਮੈਂ ਵੀ ਇਸ ਗੱਲ ਨੂੰ ਮੰਨਦਾ ਹਾਂ ਕਿ ਅਜੇ ਅਸੀਂ ਇਸ ਹਾਲਤ ਵਿੱਚ ਨਹੀਂ ਹਾਂ ਕਿ ਸ਼ਰ੍ਹੇਆਮ ਲੱਗ ਰਹੇ ਦੇਸ਼ ਵਿਰੋਧੀ ਨਾਅਰਿਆਂ ਨੂੰ ਨਜ਼ਰਅੰਦਾਜ਼ ਕਰ ਸਕੀਏ। ਇੱਕ ਵੱਡਾ ਅਤੇ ਆਤਮਵਿਸ਼ਵਾਸ ਨਾਲ ਭਰਿਆ ਦੇਸ਼ ਅਜਿਹੀਆਂ ਹਰਕਤਾਂ 'ਤੇ ਹੱਸ ਸਕਦਾ ਹੈ, ਪਰ ਅਸੀਂ ਅਜੇ ਉਸ ਮੁਕਾਮ 'ਤੇ ਨਹੀਂ ਪਹੁੰਚੇ। ਤੁਸੀਂ ਕਿਹਾ ਕਿ ਅਸਲੀ ਸਵਾਲ ਇਹ ਹੈ ਕਿ ਅਸੀਂ ਰਾਸ਼ਟਰ ਪ੍ਰਤੀ ਵਫ਼ਾਦਾਰ ਹਾਂ ਜਾਂ ਨਹੀਂ? ਮੈਂ ਇਸ ਸਵਾਲ ਨੂੰ ਕੁਝ ਇਸ ਤਰ੍ਹਾਂ ਪੁੱਛਾਂਗਾ ਕਿ ਰਾਸ਼ਟਰ ਪ੍ਰਤੀ ਸਾਡਾ ਭਾਵ ਕੀ ਹੋਣਾ ਚਾਹੀਦਾ ਹੈ? ਦੇਸ਼ ਪਿਆਰ ਦਾ ਧਰਮ ਕੀ ਹੈ?

**ਬਾਕੀ ਸਫ਼ਾ 33 'ਤੇ**



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.



RADIO GAL PUNJAB DI USA

# LISTEN & SUPPORT ਨਿਰਪੱਖ

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ **ਧਾਰਮਿਕ, ਰਾਜਨੀਤਿਕ, ਸਮਾਜਿਕ**
ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

**001-510-541-7344**
galpunjabdi1@gmail.com

www.radiogalpunjabdiusa.com

Download App From

**STAFF/PARTNERS**
**NEEDED AROUND THE WORLD**
ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events



# ਕਮਜ਼ੋਰੀ ਦਾ ਜੜ ਤੋਂ ਖਾਤਮਾਂ



VAID HARSHBIR SINGH

ਕਿਸੇ ਵੀ ਕਾਰਨ ਨਾਲ ਆਈ ਕਮਜ਼ੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ਼ 184 ਕੀਸਮਾਂ ਦੀਆਂ ਕੀਮਤੀ ਜੜੀ ਬੂਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁਛ ਕੇ ਉਸ ਦ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ਼ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।

**ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।**

## ਸ਼ਹਿਨਸ਼ਾਹ ਦਵਾਖਾਨਾ (ਰਜਿ)

ਨੇੜੇ ਬੱਸ ਸਟੈਂਡ, ਜੰਲਧਰ, (ਪੰਜਾਬ) INDIA

USA : 786 528 0001 | INDIA : +91-98888 00060

Email us : harshbir.singh1313@gmail.com


ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥
Jathas Participating from
• Fremont
• San Jose
• El Sobrante
• Sacramento
ਬਸੰਤ
ਕੀਰਤਨ
ਦਰਬਾਰ
For more information, please contact Prof. Dalbir Singh:
(510) 209-3213
25 ਫਰਵਰੀ, 2017
ਸ਼ਾਮ 7:00-9:30 ਵਜੇ
ਗੁਰਦੁਆਰਾ ਸਾਹਿਬ, ਫਰੀਮੌਂਟ


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# SAVE $2500

ON DIESEL PER TRUCK WITH

ONE CALL!



# 11¢




DISCOUNT PER GALLON

- ✓ No more Pre-Paid Cards
- ✓ Get Rid of Bank Wires
- ✓ Low Transaction Fee

TRANS-ALLIANCE TOGETHER WE SAVE

(855) 641-6955 • (888) 795-7035

sales@trans-alliance.com • www.trans-alliance.com



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

# Travel for Less Inc.



SPECIALIZED IN DISCOUNT FARES WORLDWIDE

INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


HYDERABAD PAVILION
VEGETABLES
FRESHLY MADE EVERYDAY!
39030 Argonaut Way, Fremont, CA 94538
BHINDI MASALA
PALAK PANEER
PANEER MAKHANI
MALAI KOFTA
DAL MAKHANI
ALOO GOBI
THALI • BIRYANI • TANDOORI
ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।
ORDER AHEAD & PICKUP, CALL:
510.713.0183

# ਪੰਜਾਬੀ ਫ਼ਿਲਮ 'ਚੰਮ' ਦੀ ਕਾਨਜ਼ ਫ਼ਿਲਮ ਉਤਸਵ ਲਈ ਚੋਣ

**ਪਟਿਆਲਾ/ਬਿਊਰੋ ਨਿਊਜ਼ :** ਪੰਜਾਬੀ ਫ਼ਿਲਮ 'ਚੰਮ' ਦੀ ਚੋਣ ਕਾਨਜ ਫ਼ਿਲਮ ਉਤਸਵ ਲਈ ਹੋਈ ਹੈ, ਜਿਸ ਵਿਚ ਪਟਿਆਲਾ ਦੀ ਮਹਿਰੀਨ ਕਾਲੇਕਾ ਬਤੌਰ ਨਾਇਕਾ ਦੁਨੀਆ ਦੇ ਨਾਮਵਰ ਫ਼ਿਲਮ ਉਤਸਵ ਕਾਨਜ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏਗੀ। ਮਹਿਰੀਨ ਨੇ ਦੱਸਿਆ ਕਿ ਉਕਤ ਫ਼ਿਲਮ ਰਾਜੀਵ ਕੁਮਾਰ ਦੁਆਰਾ ਨਿਰਦੇਸ਼ਤ ਹੈ। ਜਿਨ੍ਹਾਂ ਦੁਆਰਾ ਨਿਰਦੇਸ਼ਤ ਫ਼ਿਲਮ 'ਨਾਬਰ' ਨੂੰ 2013 ਵਿਚ ਰਾਸ਼ਟਰੀ ਪੁਰਸਕਾਰ ਵੀ ਮਿਲ ਚੁੱਕਿਆ ਹੈ। ਇਸ ਤੋਂ ਪਹਿਲਾਂ ਅਮਿਤੋਜ ਮਾਨ ਦੁਆਰਾ ਨਿਰਦੇਸ਼ਤ ਚਰਚਿਤ ਫ਼ਿਲਮ 'ਹਾਣੀ' ਵਿਚ ਵੀ ਦੋਹਰੀ ਰੰਗਤ ਵਾਲੀ ਮੋਹਰੀ ਭੂਮਿਕਾ ਨਿਭਾ ਚੁੱਕੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਕਾਲਤ ਵਿਚ ਗਰੈਜੂਏਸ਼ਨ ਕਰ ਚੁੱਕੀ ਮਹਿਰੀਨ ਕਾਲੇਕਾ ਨੇ ਦੱਸਿਆ ਕਿ ਉਸ ਨੇ ਹਮੇਸ਼ਾ ਹੀ ਸਾਫ਼-ਸੁਥਰੀਆਂ ਅਤੇ ਦਮਦਾਰ ਭੂਮਿਕਾਵਾਂ ਕਰਨ ਨੂੰ ਪਹਿਲ ਦਿੱਤੀ ਹੈ। ਉਸ ਨੇ ਕਿਹਾ ਇਹ ਫ਼ਿਲਮ 35 ਮਿੰਟਾਂ ਵਿਚ ਹੀ ਬਹੁਤ ਕੁਝ ਕਹਿਣ ਦੀ ਸਮਰੱਥਾ ਰੱਖਦੀ ਹੈ। ਇਸ ਫ਼ਿਲਮ ਵਿਚ ਪੰਜਾਬ ਦੇ ਦਲਿਤ ਲੋਕਾਂ ਦੇ ਸੰਘਰਸ਼ ਦੀ ਤਸਵੀਰ ਪੇਸ਼ ਕਰਨ ਦਾ ਉੱਦਮ ਕੀਤਾ ਗਿਆ ਹੈ। ਮਹਿਰੀਨ ਨੇ ਦੱਸਿਆ ਕਿ ਇਹ ਫ਼ਿਲਮ 22 ਤੋਂ 28 ਮਈ ਤੱਕ ਬ੍ਰਾਜ਼ੀਲ ਵਿਚ ਹੋਣ ਵਾਲੇ ਕਾਨਜ਼ ਫ਼ਿਲਮ ਉਤਸਵ ਵਿਚ ਦਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਫ਼ਿਲਮਸਾਜ਼ੀ ਲਈ 'ਚੰਮ' ਦੀ ਕਾਨਜ਼ ਉਤਸਵ ਲਈ ਚੋਣ ਹੋਣਾ ਵੱਡਾ ਮਾਅਰਕਾ ਹੈ। ਮਹਿਰੀਨ ਨੇ ਕਿਹਾ ਕਿ ਅਜੋਕੇ ਦੌਰ ਵਿਚ ਪੰਜਾਬੀ ਸਿਨੇਮਾ ਜ਼ਿਆਦਾਤਰ ਜੱਟ ਭਾਈਚਾਰੇ 'ਤੇ ਆਧਾਰਤ ਹੈ ਪਰ ਪੰਜਾਬ ਵਿਚ ਹੋਰ ਵੀ ਬਹੁਤ ਸਾਰੀਆਂ ਮੁਸ਼ਕਲਾਂ ਵੀ ਹਨ, ਜਿਨ੍ਹਾਂ ਦਾ ਫ਼ਿਲਮਾਂ ਰਾਹੀਂ ਚਿਤਰਨ ਕਰਨਾ ਅਤਿ ਜ਼ਰੂਰੀ ਹੈ।



ਮਹਿਰੀਨ ਕਾਲੇਕਾ

## ਬੈਡਮਿੰਟਨ ਸਟਾਰ ਪੀਵੀ ਸਿੰਧੂ ਕਰੀਅਰ ਦੀ ਸਰਵੋਤਮ ਪੰਜਵੀਂ ਰੈਂਕਿੰਗ 'ਤੇ

**ਦਿੱਲੀ/ਬਿਊਰੋ ਨਿਊਜ਼ :** ਰੀਓ ਓਲੰਪਿਕ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਭਾਰਤੀ ਬੈਡਮਿੰਟਨ ਸਟਾਰੀ ਪੀਵੀ ਸਿੰਧੂ ਤਾਜ਼ਾ ਰੈਂਕਿੰਗ ਵਿੱਚ ਆਪਣੀ ਕਰੀਅਰ ਦੀ ਸਰਵੋਤਮ ਪੰਜਵੀਂ ਰੈਂਕਿੰਗ ਵਿੱਚ ਪਹੁੰਚ ਗਈ ਹੈ। ਸਿੰਧੂ ਨੇ ਆਪਣੀ ਰੈਂਕਿੰਗ ਵਿੱਚ ਇਕ ਸਥਾਨ ਦਾ ਸੁਧਾਰ ਕੀਤਾ ਹੈ ਅਤੇ ਉਸ ਦੇ ਖਾਤੇ ਵਿੱਚ 69399 ਅੰਕ ਹਨ। ਭਾਰਤ ਦੀ ਸਾਇਨਾ ਨੇਹਵਾਲ ਆਪਣੇ ਨੌਂਵੇਂ ਸਥਾਨ 'ਤੇ ਹੀ ਹੈ। ਸਿੰਧੂ ਨੇ 2017 ਦੀ ਸ਼ੁਰੂਆਤ ਛੇਵੇਂ ਸਥਾਨ ਤੋਂ ਕੀਤੀ ਸੀ ਪਰ 26 ਜਨਵਰੀ ਨੂੰ ਉਹ ਨੌਂਵੇਂ ਸਥਾਨ 'ਤੇ ਪਹੁੰਚ ਗਈ ਸੀ। ਇਸ ਤੋਂ ਬਾਅਦ ਉਹ ਮੁੜ ਛੇਵੇਂ ਸਥਾਨ 'ਤੇ ਆਈ ਅਤੇ ਹੁਣ ਪੰਜਵੇਂ ਨੰਬਰ 'ਤੇ ਆ ਗਈ ਹੈ। ਸਿੰਧੂ ਅਤੇ ਸਾਇਨਾ ਦੋਨੋਂ ਖਿਡਾਰੀ ਵੀਅਤਨਾਮ ਦੇ ਸ਼ਹਿਰ ਹੋ ਚੀ ਮਿਨ੍ਹ ਵਿੱਚ ਚਲ ਰਹੀ ਏਸ਼ਿਆਈ ਮਿਕਸਡ ਚੈਂਪੀਅਨਸ਼ਿਪ ਵਿੱਚ ਭਾਰਤੀ ਟੀਮ ਤੋਂ ਵੱਖ ਹੋ ਗਈਆਂ ਸਨ। ਪੁਰਸ਼ ਸਿੰਗਲਜ਼ ਵਿੱਚ ਅਜੈ ਜੈਰਾਮ ਦਾ 18 ਵਾਂ ਅਤੇ ਕਿਦਾਂਬੀ ਸ੍ਰੀਕਾਂਤ ਦਾ 21 ਵਾਂ ਸਥਾਨ ਕਾਇਮ ਹੈ। ਐਚਐਸ ਪ੍ਰਣਯ ਇਕ ਸਥਾਨ ਦੇ ਸੁਧਾਰ ਨਾਲ 23 ਵੇਂ ਨੰਬਰ 'ਤੇ ਆ ਗਿਆ ਹੈ। ਸਮੀਰ ਵਰਮਾ ਨੌਂ ਸਥਾਨ ਖਿਸਕ ਕੇ 34 ਵੇਂ ਨੰਬਰ 'ਤੇ ਪਹੁੰਚ ਗਿਆ ਹੈ ਜਦੋਂ ਕਿ ਸੌਰਵ ਵਰਮਾ 41 ਵੇਂ ਸਥਾਨ 'ਤੇ ਕਾਇਮ ਹੈ। ਪੁਰਸ਼ ਡਬਲਜ਼ ਵਿੱਚ ਮਨੂੰ ਅਤਰੀ ਅਤੇ ਬੀ ਸੁਮਿਤ ਰੈੱਡੀ ਦੀ ਜੋੜੀ ਇਕ ਸਥਾਨ ਖਿਸਕ ਕੇ 24ਵੇਂ ਨੰਬਰ 'ਤੇ ਪਹੁੰਚ ਗਈ ਹੈ। ਮਹਿਲਾ ਡਬਲਜ਼ ਵਿੱਚ ਟਾਪ 25 ਵਿੱਚ ਕੋਈ ਭਾਰਤੀ ਜੋੜੀ ਨਹੀਂ ਹੈ।



# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਹੋਏ ਗੁਰਮਤਿ ਸਮਾਗਮ





**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ। ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮਗਰੋਂ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਤੋਂ ਪਹੁੰਚੇ ਭਾਈ ਰਣਜੀਤ ਸਿੰਘ ਅਤੇ ਸਾਥੀਆਂ ਨੇ ਕੀਰਤਨ ਰਾਹੀ ਹਾਜ਼ਰੀ ਭਰੀ। ਇਸੇ ਸਮੇਂ ਕਰਮਨ ਦੇ ਸਥਾਨਕ ਪੰਜਾਬੀ ਸਕੂਲ ਦੇ ਬੱਚਿਆਂ ਵੱਲੋਂ ਵੱਖ-ਵੱਖ ਗਰੁੱਪਾਂ ਵਿਚ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਗੁਰੂਘਰ ਦੇ ਬਾਹਰ ਲਾਏ ਬੂਥ ਰਾਹੀਂ ਸੰਗਤਾਂ ਨਾਲ ਪ੍ਰਾਪਤੀਆਂ ਦੀ ਸਾਂਝ ਪਾਈ। ਇਸੇ ਸਮੇਂ ਗੁਰਮਤਿ ਪ੍ਰਚਾਰ ਮਿਸ਼ਨ ਨਾਲ ਜੁੜੇ ਨੌਜਵਾਨ ਬੱਚੇ ਭਾਈ ਸੁਰਜਣ ਸਿੰਘ ਵੱਲੋਂ ਨਵੀਂ ਪੀੜ੍ਹੀ ਨੂੰ ਗੁਰਸਿੱਖੀ ਨਾਲ ਜੋੜਨ ਲਈ ਨਿਰੋਲ ਕਥਾ ਕੀਤੀ ਗਈ। ਇਸ ਉਪਰੰਤ ਪ੍ਰਸਿੱਧ ਕਵੀ ਸ. ਪਿਸ਼ੌਰਾ ਸਿੰਘ ਢਿੱਲੋਂ ਨੇ ਕਵਿਤਾ ਅਤੇ ਕੁਲਵੰਤ ਸਿੰਘ ਖਹਿਰਾ ਨੇ ਗੀਤ ਰਾਹੀਂ ਹਾਜ਼ਰੀ ਭਰੀ। ਸ. ਗੁਰਬਿੰਦਰ ਸਿੰਘ ਧਾਲੀਵਾਲ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸਟੇਜ ਸਕੱਤਰ ਦੀ ਸੇਵਾ ਗੁਰਪ੍ਰੀਤ ਸਿੰਘ ਜਾਨੀ ਨੇ ਨਿਭਾਈ। ਸਮੁੱਚੇ ਪ੍ਰੋਗਰਾਮਾਂ ਦੀ ਸੇਵਾ ਰਾਜ ਧਾਲੀਵਾਲ ਅਤੇ ਪਰਿਵਾਰ ਵੱਲੋਂ ਕਰਵਾਈ ਗਈ ਸੀ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਗੈਂਗਸਟਰਾਂ ਵਲੋਂ ਲੌਂਗੋਵਾਲ ’ਚ ਭਰੇ ਬਾਜ਼ਾਰ ’ਚ ਫਾਇਨਾਂਸਰ ਦਾ ਕਤਲ

### *ਬੱਬਲ ਰੰਧਾਵਾ ਨੇ ਘਟਨਾ ਨੂੰ ਜਸ਼ਨ ਵਜੋਂ ਮਨਾ ਕੇ ਫੇਸਬੁੱਕ ਤੇ ਅਪਲੋਡ ਕੀਤਾ*



ਮੌਕੇ ’ਤੇ ਜਾਂਚ ਪੜਤਾਲ ਕਰਦੀ ਹੋਈ ਪੁਲਿਸ ਅਤੇ (ਇਨਸੈੱਟ) ਫਾਇਨਾਂਸਰ ਹੈਪੀ

**ਸੰਗਰੂਰ/ਬਿਊਰੋ ਨਿਊਜ਼ :** ਲੌਂਗੋਵਾਲ ਕਸਬੇ ਵਿੱਚ ਹਥਿਆਰਾਂ ਨਾਲ ਲੈਸ ਗੈਂਗਸਟਰਾਂ ਨੇ ਸ਼ਰ੍ਹੇਆਮ ਬਾਜ਼ਾਰ ਵਿੱਚ ਘੇਰ ਕੇ ਫਾਇਨਾਂਸਰ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਫਾਇਨਾਂਸਰ ਨੂੰ ਨੇੜਿਓਂ ਕਰੀਬ ਅੱਧੀ ਦਰਜਨ ਗੋਲੀਆਂ ਮਾਰੀਆਂ ਗਈਆਂ। ਘਟਨਾ ਮਗਰੋਂ ਗੈਂਗਸਟਰ ਬਾਜ਼ਾਰ ਵਿੱਚ ਪਿਸਟਲ ਲਹਿਰਾਉਂਦੇ ਅਤੇ ਲਲਕਾਰੇ ਮਾਰਦੇ ਫ਼ਰਾਰ ਹੋ ਗਏ। ਇਹੀ ਨਹੀਂ ਗੈਂਗਸਟਰ ਦਲਵਿੰਦਰ ਸਿੰਘ ਬਬਲੀ ਉਰਫ਼ ਬੱਬਲ ਰੰਧਾਵਾ ਨੇ ਘਟਨਾ ਮਗਰੋਂ ਜਸ਼ਨ ਦੇ ਰੂਪ ਵਿੱਚ ਗੀਤ ਗਾ ਕੇ ਆਪਣੇ ਫੇਸਬੁੱਕ ਅਕਾਊਂਟ ਉਪਰ ਅਪਲੋਡ ਵੀ ਕੀਤਾ ਅਤੇ ਇੱਕ ਹੱਥ ਲਿਖਤ ਪੱਤਰ ਵੀ ਪਾਇਆ। ਫਾਇਨਾਂਸਰ ਦੀ ਹੱਤਿਆ ਦੇ ਰੋਸ ਵਜੋਂ ਲੌਂਗੋਵਾਲ ਦੇ ਮੁੱਖ ਬਾਜ਼ਾਰ ਤੁਰੰਤ ਬੰਦ ਹੋ ਗਏ। ਕਤਲ ਦੀ ਵਜ੍ਹਾ ਆਪਸੀ ਰੰਜਿਸ਼ ਦੱਸੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸਪੀ ਸੇਵਾ ਸਿੰਘ ਮੱਲੀ, ਡੀਐਸਪੀ ਜਸ਼ਨਪ੍ਰੀਤ ਸਿੰਘ ਗਿੱਲ, ਥਾਣਾ ਮੁਖੀ ਸਿਕੰਦਰ ਸਿੰਘ ਸਮੇਤ ਪੁਲੀਸ ਫੋਰਸ ਮੌਕੇ ’ਤੇ ਪੁੱਜ ਗਈ ਅਤੇ ਉਨ੍ਹਾਂ ਗੈਂਗਸਟਰਾਂ ਦੀ ਪੈੜ ਨੱਪਣ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ। ਪੁਲੀਸ ਨੇ ਕਤਲ ਦੇ ਦੋਸ਼ ਹੇਠ ਗੈਂਗਸਟਰ ਦਲਵਿੰਦਰ ਸਿੰਘ ਬਬਲੀ ਉਰਫ਼ ਬੱਬਲ ਰੰਧਾਵਾ ਸਮੇਤ ਪੰਜ ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਚੋਣ ਜ਼ਾਬਤੇ ਕਰਕੇ ਅਸਲਾ ਭਾਵੇਂ ਪੁਲੀਸ ਨੇ ਜਮ੍ਹਾਂ ਕਰਵਾਇਆ ਹੋਇਆ ਹੈ, ਪਰ ਗੈਂਗਸਟਰਾਂ ਵੱਲੋਂ ਹਥਿਆਰਾਂ ਦੀ ਸ਼ਰ੍ਹੇਆਮ ਵਰਤੋਂ ਕਈ ਸਵਾਲ ਖੜ੍ਹੇ ਕਰਦੀ ਹੈ। ਓਧਰ ਮ੍ਰਿਤਕ ਫਾਇਨਾਂਸਰ ਨੌਜਵਾਨ ਦੇ ਪਰਿਵਾਰ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੱਕ ਪੋਸਟ ਮਾਰਟਮ ਨਾ ਕਰਾਉਣ ਦਾ ਫ਼ੈਸਲਾ ਕੀਤਾ ਹੈ। ਮ੍ਰਿਤਕ ਦੇਹ ਸਥਾਨਕ ਸਿਵਲ ਹਸਪਤਾਲ ਵਿੱਚ ਰੱਖ ਦਿੱਤੀ ਹੈ। ਲੌਂਗੋਵਾਲ ਦੀ ਰੰਧਾਵਾ ਪੱਤੀ ਦੇ ਵਸਨੀਕ ਮ੍ਰਿਤਕ ਦੇ ਪਿਤਾ ਸੱਜਣ ਸਿੰਘ ਨੇ ਇਥੇ ਹਸਪਤਾਲ ਵਿਚ ਦੱਸਿਆ ਕਿ ਉਸ ਦਾ ਪੁੱਤਰ ਹਰਦੇਵ ਸਿੰਘ ਉਰਫ਼ ਹੈਪੀ (25) ਫਾਇਨਾਂਸ ਦਾ ਕੰਮ ਕਰਦਾ ਸੀ। ਹੈਪੀ ਆਪਣੀ ਸਕੂਟਰੀ ’ਤੇ ਸਵਾਰ ਹੋ ਕੇ ਉਗਰਾਹੀ ਕਰਨ ਗਿਆ ਸੀ। ਉਹ ਕਰੀਬ ਦਸ ਵਜੇ ਲੌਂਗੋਵਾਲ ਦੇ ਅੰਦਰਲੇ ਖੂਹ ਨਜ਼ਦੀਕ ਮੁੱਖ ਬਾਜ਼ਾਰ ਵਿਚੋਂ ਵਾਪਸ ਪਰਤ ਰਿਹਾ ਸੀ। ਸਕੂਟਰ ਤੇ ਮੋਟਰਸਾਈਕਲਾਂ ’ਤੇ ਸਵਾਰ ਅਸਲੇ ਨਾਲ ਲੈਸ ਗੈਂਗਸਟਰ ਬਬਲੀ ਰੰਧਾਵਾ, ਵਰਿੰਦਰਪਾਲ ਮੋਟਾ, ਅਮਨਾ, ਸਰਾਜ ਖਾਂ ਅਤੇ ਨਰਸੀ ਲੋਹਾਖੇੜਾ ਨੇ ਉਸ ਨੂੰ ਘੇਰ ਲਿਆ ਅਤੇ ਨੇੜਿਓਂ ਉਸ ਦੇ ਕਰੀਬ ਪੰਜ ਗੋਲੀਆਂ ਮਾਰੀਆਂ। ਹੈਪੀ ਦੀ ਥਾਏਂ ਮੌਤ ਹੋ ਗਈ। ਗੈਂਗਸਟਰ ਮ੍ਰਿਤਕ ਦੇ ਪਾਇਆ ਸੋਨੇ ਦਾ ਕੜਾ, ਚੇਨੀ ਅਤੇ ਲੱਖ ਰੁਪਏ ਦੀ ਨਗ਼ਦੀ ਵੀ ਲੈ ਗਏ। ਘਟਨਾ ਮਗਰੋਂ ਗੈਂਗਸਟਰ ਪਿਸਤੌਲ ਲਹਿਰਾਉਂਦੇ ਅਤੇ ਲਲਕਾਰੇ ਮਾਰਦੇ ਫ਼ਰਾਰ ਹੋ ਗਏ। ਸੱਜਣ ਸਿੰਘ ਨੇ ਕਿਹਾ ਕਿ ਬਬਲੀ ਰੰਧਾਵਾ ਨੇ ਉਸ ਦੇ ਪੁੱਤਰ ਹੈਪੀ ਨਾਲ ਗੱਦਾਰੀ ਕੀਤੀ ਹੈ। ਹੈਪੀ ਨੇ ਬਬਲੀ ਰੰਧਾਵਾ ਦੀ ਬਹੁਤ ਮਦਦ ਕੀਤੀ ਅਤੇ ਉਸ ਕੋਲੋਂ ਪੰਜ ਲੱਖ ਰੁਪਏ ਲੈਣੇ ਸਨ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਬਬਲੀ ਰੰਧਾਵਾ ਦੇ ਦੋਸਤ ਵਰਿੰਦਰ ਨੇ ਹੈਪੀ ਨੂੰ ਗਾਲ੍ਹਾਂ ਕੱਢੀਆਂ ਸਨ। 31 ਜਨਵਰੀ ਨੂੰ ਸਮਝੌਤੇ ਲਈ ਇਕੱਠੀਆਂ ਹੋਈਆਂ ਦੋਵਾਂ ਧਿਰਾਂ ਵਿਚਕਾਰ ਝਗੜਾ ਹੋ ਗਿਆ। ਕਰੀਬ ਪੰਜ ਦਿਨ ਪਹਿਲਾਂ ਹੀ ਪੰਚਾਇਤ ਵਿਚ ਦੋਵੇਂ ਧਿਰਾਂ ਦਰਮਿਆਨ ਰਾਜ਼ੀਨਾਮਾ ਹੋ ਗਿਆ ਸੀ। ਰਾਜ਼ੀਨਾਮੇ ਤੋਂ ਬਾਅਦ ਹੈਪੀ ਚੰਡੀਗੜ੍ਹ ਚਲਾ ਗਿਆ ਅਤੇ ਇਸੇ ਦਿਨ ਹੀ ਵਾਪਸ ਆਇਆ ਸੀ। ਹੱਤਿਆ ਮਗਰੋਂ ਗੈਂਗਸਟਰ ਦਲਵਿੰਦਰ ਸਿੰਘ ਬਬਲੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਗੀਤ ‘ਪੂਰੇ ਹੋਸ਼ ਵਿਚ ਫਾਇਰ ਮਾਰੇ ਜੱਟ ਨੇ, ਅਸਲੇ ਦੀ ਘਾਟ ਕੋਈ ਨਾ’ ਅਪਲੋਡ ਕੀਤਾ। ਇਸ ਤੋਂ ਇਲਾਵਾ ਇੱਕ ਹੱਥ ਲਿਖਤ ਪੱਤਰ ਵੀ ਅਪਲੋਡ ਕੀਤਾ ਜਿਸ ਵਿਚ ਉਸ ਨੇ ਆਪਣੇ ਬਾਰੇ ਲਿਖਿਆ ਹੈ। ਹਸਪਤਾਲ ਵਿੱਚ ਮ੍ਰਿਤਕ ਦੇ ਪਿਤਾ ਸੱਜਣ ਸਿੰਘ ਨੇ ਕਿਹਾ ਕਿ ਜਦੋਂ ਤੱਕ ਸਾਰੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ, ਉਦੋਂ ਤੱਕ ਨਾ ਉਹ ਆਪਣੇ ਪੁੱਤਰ ਦਾ ਪੋਸਟ ਮਾਰਟਮ ਕਰਾਉਣਗੇ ਅਤੇ ਨਾ ਹੀ ਸਸਕਾਰ ਕਰਨਗੇ। ਉਧਰ ਐਸਪੀ ਸੇਵਾ ਸਿੰਘ ਮੱਲ੍ਹੀ ਨੇ ਦੱਸਿਆ ਕਿ ਬਬਲੀ ਰੰਧਾਵਾ ਸਣੇ ਪੰਜ ਖ਼ਿਲਾਫ਼ ਕਤਲ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ ਅਤੇ ਵੱਖ-ਵੱਖ ਟੀਮਾਂ ਵੱਲੋਂ ਹਮਲਾਵਰਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਗੈਂਗਸਟਰ ਬਬਲੀ ਰੰਧਾਵਾ ਖ਼ਿਲਾਫ਼ ਵੱਖ-ਵੱਖ ਦੋਸ਼ਾਂ ਹੇਠ ਅੱਠ ਕੇਸ ਦਰਜ ਹਨ ਤੇ ਅੱਜਕੱਲ੍ਹ ਉਹ ਜ਼ਮਾਨਤ ’ਤੇ ਸੀ। ਪੁਲੀਸ ਰਿਕਾਰਡ ਵਿੱਚ ਉਸ ਨੂੰ ਦਸ ਨੰਬਰੀ ਐਲਾਨਿਆ ਹੋਇਆ ਹੈ।

## ਕਮਾਲਪੁਰਾ ਨੂੰ ਚਿੱਟਾ ਮੁਕਤ ਕਰਨ ਲਈ ਪਿੰਡ ਵਾਸੀ ਇਕਜੁਟ ਹੋਏ

**ਜਗਰਾਉਂ/ਬਿਊਰੋ ਨਿਊਜ਼ :** ਵਿਧਾਨ ਸਭਾ ਚੋਣਾਂ ਸਮੇਂ ਭਾਵੇਂ ਸੱਤਾਧਾਰੀ ਆਗੂ ਪੰਜਾਬ ’ਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਹੋਣ ਦਾ ਗੁਣਗਾਣ ਕਰ ਰਹੇ ਹੋਣ, ਪਰ ਚਿੱਟੇ ਦਾ ਜ਼ਹਿਰ ਕਿਸ ਤਰ੍ਹਾਂ ਫੈਲ ਚੁੱਕਾ ਹੈ, ਇਸ ਦਾ ਅੰਦਾਜ਼ਾ ਪਿੰਡ ਕਮਾਲਜਪੁਰਾ ਤੋਂ ਲਗਾਇਆ ਜਾ ਸਕਦਾ ਹੈ। ਚਿੱਟੇ ਦੇ ਬੁਰੇ ਪ੍ਰਭਾਵ ਤੋਂ ਨਾਰਾਜ਼ ਲੋਕਾਂ ਨੇ ਪਿੰਡ ਨੂੰ ਚਿੱਟਾ ਮੁਕਤ ਕਰਨ ਦਾ ਜਨਤਕ ਫੈਸਲਾ ਲਿਆ ਹੈ। ਦੋ ਦਿਨ ਪਹਿਲਾਂ ਪਿੰਡ ਦੇ ਗੁਰਦਵਾਰ ਸਾਹਿਬ ’ਚ ਬੁਲਾਈ ਗਈ ਬੈਠਕ ’ਚ ਜਦੋਂ ਪਿੰਡ ਵਾਸੀਆਂ ਨੇ ਚਿੱਟੇ ਦੀ ਆਦਤ ਦੇ ਸ਼ਿਕਾਰ 34 ਨੌਜਵਾਨਾਂ ਦੇ ਨਾਂ ਲਏ ਤਾਂ ਆਸਪਾਸ ਦੇ ਪਿੰਡਾਂ ਤੋਂ ਇਲਾਵਾ ਪੁਲੀਸ ਤੇ ਪ੍ਰਸ਼ਾਸਨ ’ਚ ਹੜਕੰਪ ਮਚ ਗਿਆ। ਬੈਠਕ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਉਹ ਪਹਿਲਾਂ ਤਾਂ ਘਰ-ਘਰ ਜਾ ਕੇ ਚਿੱਟੇ ਦੀ ਆਦਤ ਦੇ ਸ਼ਿਕਾਰ ਨੌਜਵਾਨਾਂ ਨੂੰ ਇਸ ਦੇ ਬੁਰੇ ਪ੍ਰਭਾਵ ਦੱਸ ਕੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਇਲਾਜ ਕਰਵਾਉਣ ਲਈ ਕਹਿਣਗੇ। ਲੋੜ ਪਈ ਤਾਂ ਖੁਦ ਹੀ ਪੈਸੇ ਇਕੱਠੇ ਕਰਕੇ ਨੌਜਵਾਨਾਂ ਦਾ ਇਲਾਜ ਕਰਵਾਉਣਗੇ। ਇਹ ਵੀ ਫੈਸਲਾ ਕੀਤਾ ਗਿਆ ਕਿ ਜੇ ਕੋਈ ਨੌਜਵਾਨ ਫਿਰ ਵੀ ਨਸ਼ਾ ਨਹੀਂ ਛੱਡਦਾ ਤਾਂ ਅਜਿਹੇ ਨੌਜਵਾਨਾਂ ਦੀ ਲਿਸਟ ਪੁਲੀਸ ਨੂੰ ਦਿੱਤੀ ਜਾਵੇਗੀ। ਜੇ ਕੋਈ ਨਸ਼ਾ ਕਰਨ ਵਾਲੇ ਨੌਜਵਾਨਾਂ ਜਾਂ ਉਨ੍ਹਾਂ ਦੇ ਪਰਿਵਾਰ ਦਾ ਸਹਿਯੋਗ ਦੇਵੇਗਾ ਤਾਂ ਉਹ ਉਸ ਦਾ ਸਮੂਹਕ ਬਾਈਕਾਟ ਕਰਨਗੇ।

ਚਿੱਟੇ ਵਿਰੁੱਧ ਪਹਿਲਾਂ ਵੀ ਇਲਾਕੇ ਦੇ ਨੌਜਵਾਨ ਇਕਜੁਟ ਹੋ ਕੇ 65 ਨਸ਼ਾ ਤਸਕਰਾਂ ਅਤੇ ਚਿੱਟਾ ਪੀਣ ਵਾਲਿਆਂ ਦੀ ਸੂਚੀ ਐਸ.ਐਸ.ਪੀ. ਨੂੰ ਸੌਂਪ ਚੁੱਕੇ ਹਨ, ਪਰ ਉਨ੍ਹਾਂ ’ਤੇ ਕੋਈ ਖਾਸ ਕਾਰਵਾਈ ਨਹੀਂ ਹੋਈ। 34 ਨੌਜਵਾਨਾਂ ਦਾ ਨਾਂ ਸਾਹਮਣੇ ਆਉਣ ’ਤੇ ਐਸ.ਡੀ.ਐਮ. ਗੁਰਸਿਮਰਨ ਸਿੰਘ ਦੇ ਕਹਿਣ ’ਤੇ ਐਸ.ਐਮ.ਓ. ਡਾ. ਸੁਖਜੀਵਨ ਕੱਕੜ ਦੀ ਅਗਵਾਈ ’ਚ ਨਸ਼ਾ ਛੁਡਾਊ ਕੈਂਪ ਲਗਾਇਆ ਗਿਆ।

ਸਿਵਲ ਹਸਪਤਾਲ ’ਚ ਮਨੋਰੋਗ ਮਾਹਰ ਡਾ. ਗਰਗ, ਰਿਹੈਬਿਲਿਟੇਸ਼ਨ ਵਿਭਾਗ ਦੇ ਮੈਨੇਜਰ ਜਸਵਿੰਦਰ ਸਿੰਘ, ਕਾਉਂਸਿਲਰ ਅਮਨਪ੍ਰੀਤ ਕੌਰ, ਗੁਰਬਖਸ਼ ਸਿੰਘ, ਜਸਵੀਰ ਸਿੰਘ ਅਤੇ ਸੁਖਦੀਪ ਸਿੰਘ ਨੇ ਲੋਕਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵ ਦੱਸੇ। ਕੁਝ ਲੋਕ ਸਾਹਮਣੇ ਵੀ ਆਏ, ਜਿਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਸ਼ੇ ਦੀ ਦਲਦਲ ’ਚ ਹੋਣ ਦੀ ਗੱਲ ਕਬੂਲੀ ਅਤੇ ਇਲਾਜ ’ਚ ਮਦਦ ਦੀ ਅਪੀਲ ਕੀਤੀ। ਐਸ.ਐਸ.ਪੀ. ਉਪਿੰਦਰਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਚੰਗੀ ਗੱਲ ਹੈ ਕਿ ਪਿੰਡ ਦੇ ਲੋਕ ਖੁਦ ਨਸ਼ੇ ਵਿਰੁੱਧ ਮੈਦਾਨ ’ਚ ਆਏ ਹਨ। ਕਮਾਲਪਰਾ ਦੇ ਲੋਕਾਂ ਨੇ ਜਿਹੜੀ ਪਹਿਲ ਕੀਤੀ ਹੈ, ਉਸ ਸਬੰਧ ’ਚ ਉਹ ਜ਼ਰੂਰ ਕਾਰਵਾਈ ਕਰਨਗੇ। ਪੁਲੀਸ ਪਿੰਡ ਕਮਾਲਪੁਰਾ ਦੇ ਉਕਤ ਲੋਕਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਦੇ ਸਹਿਯੋਗ ਤੋਂ ਨਸ਼ੇ ਦੀ ਇਸ ਬੁਰਾਈ ਨੂੰ ਖਤਮ ਕਰਨ ਲਈ ਸਖਤ ਕਦਮ ਚੁੱਕੇਗੀ। ਐਸ.ਐਮ.ਓ. ਡਾ. ਸੁਖਜੀਵਨ ਕੱਕੜ ਨੇ ਕਿਹਾ ਕਿ ਪਿੰਡ ਕਮਾਲਪੁਰਾ ’ਚ ਜਾਂ ਕਿਸੇ ਪਿੰਡ ’ਚ ਜਿਹੜੇ ਲੋਕ ਨਸ਼ੇ ਦੇ ਆਦੀ ਹਨ, ਉਹ ਸਿਵਲ ਹਸਪਤਾਲ ’ਚ ਇਲਾਜ ਕਰਵਾ ਸਕਦੇ ਹਨ।

# ਸੇਖੋਂ, ਗੌਂਡਰ ਤੇ ਸਾਥੀਆਂ ਨੂੰ ਪਨਾਹ ਦੇਣ ਵਾਲੇ ‘ਆਪ’ ਸਮਰਥਕ ਗੋਲਡੀ ’ਤੇ ਕੇਸ ਦਰਜ

### *ਵੋਟਿੰਗ ਤੋਂ ਬਾਅਦ ਹੀ ਗੈਂਗਸਟਰ ਪੰਜਾਬ ’ਚ ਦਾਖਲ ਹੋਏ ਸਨ, ਪੁਲੀਸ ਕਹਿੰਦੀ ਰਹੀ 13 ਨੂੰ ਆਏ*

**ਮੋਗਾ/ਬਿਊਰੋ ਨਿਊਜ਼ :**

ਨਾਭਾ ਜੇਲ੍ਹ ਬਰੇਕ ਮਾਮਲੇ ’ਚ ਪਟਿਆਲਾ ਪੁਲੀਸ ਦੀ ਜਾਂਚ ’ਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਪਤਾ ਲੱਗਾ ਹੈ ਕਿ 13 ਫ਼ਰਵਰੀ ਨੂੰ ਪਿੰਡ ਢੂਢੀਕੇ ਦੇ ਇਕ ਘਰ ’ਚ ਫੜੇ ਗਏ ਗੈਂਗਸਟਰ ਗੁਰਪ੍ਰੀਤ ਸੇਖੋਂ ਤੇ ਉਨ੍ਹਾਂ ਦੇ ਤਿੰਨ ਸਾਥੀ ਇੱਥੇ ਕਾਫੀ ਦਿਨਾਂ ਤੋਂ ਲੁਕੇ ਹੋਏ ਸਨ। ਵੋਟਿੰਗ ਦੇ ਤੁਰੰਤ ਬਾਅਦ ਹੀ ਇੱਥੇ ਆ ਗਏ। ਜਦਕਿ ਉਸ ਦਿਨ ਪੁਲੀਸ ਨੇ ਮੀਡੀਆ ਨੂੰ ਦੱਸਿਆ ਸੀ ਕਿ ਇਹ ਸਾਰੇ 13 ਫ਼ਰਵਰੀ ਨੂੰ ਹੀ ਪਿੰਡ ਢੂਢੀਕੇ ਆਏ ਸਨ। ਇਹੀ ਨਹੀਂ ਸੇਖੋਂ ਦੇ ਨਾਲ ਗੈਂਗਸਟਰ ਵਿੱਕੀ ਗੌਂਡਰ, ਹੈਰੀ ਚੱਠਾ, ਅਮਨਦੀਪ ਧੋਤੀਆ, ਪ੍ਰੇਮਾ ਲਾਹੌਰਿਆ ਅਤੇ ਉਸ ਦੀ ਮਦਦ ਕਰਨ ਵਾਲੇ ਰਾਜਵਿੰਦਰ ਸਿੰਘ ਰਾਜਾ ਉਰਫ਼ ਸੁਲਤਾਨ, ਮਨਵੀਰ ਸਿੰਘ ਸੇਖੋਂ ਅਤੇ ਕੁਲਵਿੰਦਰ ਸਿੰਘ ਸਿਡਾਨਾ ਵੀ ਸਨ। ਪਰ ਛਾਪੇ ਤੋਂ ਪਹਿਲਾਂ ਹੀ ਉਹ ਕਿਤੇ ਚਲੇ ਗਏ ਸਨ। ਇਸ ਲਈ ਪੁਲੀਸ ਦੇ ਹੱਥ ਨਹੀਂ ਲੱਗੇ।

ਪੁਲੀਸ ਨੇ ਜਿਸ ਘਰ ਤੋਂ ਇਨ੍ਹਾਂ ਚਾਰਾਂ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ, ਉਹ ਆਮ ਆਦਮੀ ਪਾਰਟੀ ਦੇ ਸਮਰਥਕ ਐਨ.ਆਰ.ਆਈ. ਕੁਲਤਾਰ ਸਿੰਘ ਗੋਲਡੀ ਦਾ ਹੈ। ਇਨ੍ਹਾਂ ਨੂੰ ਇੱਥੇ ਸੇਖੋਂ ਦੇ ਰਿਸ਼ਤੇ ’ਚ ਸਾਲਾ ਲਗਦੇ ਗੁਰਿੰਦਰ ਸਿੰਘ ਗੁਰੀ ਨੇ ਠਹਿਰਾਇਆ ਸੀ। ਗੋਲਡੀ ਦੀ ਗੁਰੀ ਨਾਲ ਮੁਲਾਕਾਤ ਇਕ ਜਿਮ ’ਚ ਹੋਈ ਸੀ। ਇੱਥੇ ਹੀ ਦੋਸਤ ਬਣ ਗਏ। ਹੁਣ ਪੁਲੀਸ ਨੇ ਗੋਲਡੀ ਅਤੇ ਗੁਰੀ ਵਾਸੀ ਦਸ਼ਮੇਸ਼ ਨਗਰ ਮੋਗਾ ’ਤੇ ਵੀ ਗੈਂਗਸਟਰ ਨੂੰ ਪਨਾਹ ਦੇਣ ਦੇ ਦੋਸ਼ ’ਚ ਮਾਮਲਾ ਦਰਜ ਕਰ ਲਿਆ ਹੈ।



### ਪੁਲੀਸ ਜਾਣਦੀ ਸੀ, ਚੋਣ ਤੋਂ ਬਾਅਦ ਗੈਂਗਸਟਰ ਰਾਜਸਥਾਨ ਤੋਂ ਪੰਜਾਬ ਆਉਣਗੇ, ਪਰ ਕਿਹੜੇ ਰਸਤੇ ਇਹ ਨਹੀਂ ਪਤਾ ਸੀ

ਪੁਲੀਸ ਸੂਤਰਾਂ ਅਨੁਸਾਰ 27 ਨਵੰਬਰ 2016 ਨੂੰ ਹੋਏ ਨਾਭਾ ਜੇਲ ਬਰੇਕ ਕਾਂਡ ਤੋਂ ਬਾਅਦ ਪਟਿਆਲਾ ਪੁਲੀਸ ਵੱਲੋਂ ਬਣਾਈ ਗਈ ਐਸ.ਆਈ.ਟੀ. ਨੂੰ ਭਿਣਕ ਲੱਗ ਗਈ ਸੀ ਕਿ ਚੋਣ ਤੋਂ ਬਾਅਦ ਗੈਂਗਸਟਰ ਪੰਜਾਬ ’ਚ ਐਂਟਰ ਕਰਨਗੇ, ਪਰ ਪੁਲੀਸ ਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਰਾਜਸਥਾਨ ਤੋਂ ਕਿਹੜੇ ਪਾਸਿਉਂ ਆਉਣਗੇ। ਇਸ ਵਿਚਕਾਰ ਗੈਂਗਸਟਰ ਅਤੇ ਉਨ੍ਹਾਂ ਦੇ ਸਾਥੀ ਰਾਜਸਥਾਨ ਤੋਂ ਪੰਜਾਬ ’ਚ ਰਹਿਣ ਲੱਗੇ। ਸਵੈਟ ਦੀ ਆਈ.ਟੀ. ਟੀਮ ਦੀ ਮਦਦ ਨਾਲ ਪੁਲੀਸ ਨੂੰ ਟਿਕਾਣੇ ਦੀ ਭਿਣਕ ਲੱਗੀ ਅਤੇ 13 ਫ਼ਰਵਰੀ ਨੂੰ ਪੁਲੀਸ ਨੇ ਛਾਪਾ ਮਾਰ ਦਿੱਤਾ।

### ਸੇਖੋਂ ਦੇ ਸਾਲੇ ਗੁਰੀ ਦੇ ਕਹਿਣ ’ਤੇ ਗੋਲਡੀ ਨੇ ਗੈਂਗਸਟਰਾਂ ਨੂੰ ਆਪਣੇ ਘਰ ’ਚ ਛੁਪਾ ਕੇ ਰੱਖਿਆ ਸੀ

ਮੋਗਾ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਤੂਰ ਨੇ ਦੱਸਿਆ ਕਿ ਜਾਂਚ ’ਚ ਪਤਾ ਲੱਗਾ ਹੈ ਕਿ ਜਿਸ ਸਮੇਂ ਗੈਂਗਸਟਰ ਸੇਖੋਂ ਤੇ ਉਨ੍ਹਾਂ ਦੇ ਸਾਥੀ ਪੰਜਾਬ ’ਚ ਆਪਣੇ ਲੁਕੇ ਹੋਏ ਟਿਕਾਣੇ ਦੀ ਭਾਲ ਕਰ ਰਹੇ ਸਨ, ਠੀਕ ਉਸ ਸਮੇਂ ਸੇਖੋਂ ਦੇ ਇਕ ਰਿਸ਼ਤੇਦਾਰ ਦੀ ਗੋਲਡੀ ਨਾਲ ਜਿਮ ’ਚ ਦੋਸਤੀ ਹੋਈ। ਗੁਰੀ ਦੇ ਕਹਿਣ ’ਤੇ ਗੋਲਡੀ ਉਨ੍ਹਾਂ ਨੂੰ ਆਪਣੇ ਢੂਢੀਕੇ ਦੇ ਘਰ ’ਚ ਰੱਖਣ ਲਈ ਮੰਨ ਗਿਆ ਸੀ। ਗੈਂਗਸਟਰ ਕਿੰਨੇ ਸਮੇਂ ਤੋਂ ਇੱਥੇ ਸਨ, ਕੌਣ-ਕੌਣ ਸਨ, ਇਹ ਜਾਂਚ ਦਾ ਵਿਸ਼ਾ ਹੈ। ਹਾਂ, ਉਸ ਸਮੇਂ ਜਾਂ ਉਸ ਤੋਂ ਪਹਿਲਾਂ ਹੋਰ ਵੀ ਗੈਂਗਸਟਰ ਉੱਥੇ ਸਨ। ਇਹ ਪਟਿਆਲਾ ਦੀ ਸਵੈਟ ਟੀਮ ਤੋਂ ਪਤਾ ਲੱਗਾ ਹੈ।

# ਲੰਡਨ : ਦਾਦੇ ਦੇ ਕਤਲ ਦੇ ਦੋਸ਼ ’ਚ ਮਤਰੇਏ ਪੋਤੇ ਨੂੰ ਉਮਰ ਕੈਦ

**ਲੰਡਨ/ਬਿਊਰੋ ਨਿਊਜ਼ :**

ਨੌਟਿੰਘਮ ਕਰਾਊਨ ਕੋਰਟ ਵਿੱਚ ਡਰਬੀ ਵਾਸੀ ਸਤਨਾਮ ਸਿੰਘ ਦੇ ਕਤਲ ਮਾਮਲੇ ਵਿੱਚ 30 ਸਾਲਾ ਸੁਖਰਾਜ ਸਿੰਘ ਅਟਵਾਲ ਨੂੰ ਜੱਜ ਡਿਕਿੰਨਸਨ ਨੇ ਉਮਰ ਕੈਦ ਦੀ ਸਜ਼ਾ ਸੁਣਾਈ। ਅਦਾਲਤ ਵਿਚ ਦੱਸਿਆ ਗਿਆ ਕਿ ਸੁਖਰਾਜ ਮ੍ਰਿਤਕ ਸਤਨਾਮ ਸਿੰਘ ਦਾ ਮਤਰੇਆ ਪੋਤਰਾ ਸੀ, ਜਿਸ ਨੇ ਪਰਿਵਾਰਕ ਝਗੜੇ ਦੇ ਚੱਲਦਿਆਂ ਸਤਨਾਮ ਸਿੰਘ ’ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ। ਇਹ ਹਮਲਾ 23 ਜੁਲਾਈ 2015 ਦੀ ਸਵੇਰ ਨੂੰ ਉਸ ਵੇਲੇ ਕੀਤਾ, ਜਦੋਂ ਉਹ ਰੋਜ਼ਾਨਾ ਦੀ ਤਰ੍ਹਾਂ ਗੁਰਦੁਆਰਾ ਸਿੰਘ ਸਭਾ ਡਰਬੀ ਜਾ ਰਿਹਾ ਸੀ। ਹਮਲੇ ਨਾਲ ਪੀੜਤ ਦੀਆਂ ਪੱਸਲੀਆਂ 41 ਥਾਵਾਂ ਤੋਂ ਟੁੱਟ ਗਈਆਂ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਹੋਇਆ ਸੀ। ਖ਼ੂਨ ਨਾਲ ਲੱਥ ਪੱਥ ਸਤਨਾਮ ਸਿੰਘ ਦੀ ਮਦਦ ਲਈ ਗੋਵਿੰਦਰ ਸਿੰਘ ਜੌਹਲ ਨਾਮ ਦੇ ਵਿਅਕਤੀ ਨੇ ਪੁਲੀਸ ਅਤੇ ਐਂਬੂਲੈਂਸ ਨੂੰ ਸੱਦਿਆ ਪਰ ਕੁਝ ਸਮੇਂ ਬਾਅਦ ਰੋਇਲ ਹਸਪਤਾਲ ਵਿੱਚ ਸਤਨਾਮ ਸਿੰਘ ਦੀ ਮੌਤ ਹੋ ਗਈ। ਇਹ ਹਮਲਾ ਕਿਸੇ ਵੀ ਸੀ.ਸੀ. ਟੀ.ਵੀ. ਕੈਮਰੇ ਵਿੱਚ ਕੈਦ ਨਹੀਂ ਹੋਇਆ, ਪਰ ਹਮਲੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੁਖਰਾਜ ਨੂੰ ਉੱਥੇ ਵੇਖਿਆ ਗਿਆ ਸੀ। ਸੀ.ਸੀ.ਟੀ.ਵੀ. ਕੈਮਰੇ ਵਿੱਚ ਉਹ ਆਪਣੇ ਕੁੱਤੇ ਨਾਲ ਘਟਨਾ ਤੋਂ ਕੁਝ ਸਮਾਂ ਬਾਅਦ ਜਾਂਦਾ ਵੀ ਵੇਖਿਆ ਗਿਆ ਸੀ। ਜਿਊਰੀ ਵੱਲੋਂ ਦੋਸ਼ੀ ਐਲਾਨੇ ਜਾਣ ਬਾਅਦ ਉਸ ਨੂੰ ਦੱਸਿਆ ਗਿਆ ਕਿ ਉਹ 20 ਸਾਲ ਜੇਲ੍ਹ ਭੁਗਤਣ ਤੋਂ ਬਾਅਦ ਹੀ ਪੈਰੋਲ ਲਈ ਅਪੀਲ ਕਰ ਸਕਦਾ ਹੈ। ਸਰਕਾਰੀ ਵਕੀਲ ਨੇ ਤਿੰਨ ਹਫ਼ਤੇ ਪਹਿਲਾਂ ਕੇਸ ਦੀ ਸ਼ੁਰੂਆਤ ਕਰਦਿਆਂ ਅਦਾਲਤ ਨੂੰ ਦੱਸਿਆ ਸੀ ਕਿ ਮੈਡੀਕਲ ਰਿਪੋਰਟਾਂ ਅਨੁਸਾਰ ਸਤਨਾਮ ਸਿੰਘ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਮ੍ਰਿਤਕ ਦੀ ਪਤਨੀ ਨੇ ਕਿਹਾ ਕਿ ਉਸ ਦਾ ਸਭ ਕੁਝ ਲੁੱਟਿਆ ਗਿਆ ਹੈ। ਉਸ ਨੇ ਕਿਹਾ, ‘ਮੇਰੀ ਨੀਂਦ ਨਹੀਂ ਰਹੀ ਅਤੇ ਮੈਨੂੰ ਦਵਾਈਆਂ ਖਾਣੀਆਂ ਪੈ ਰਹੀਆਂ ਹਨ।’





# "ਮੈਂ ਗੁਰਬਾਣੀ ਨੂੰ ਕੁਲ ਦੁਨੀਆ ਵਿਚ ਫੈਲਾਉਣਾ ਚਾਹੁੰਦੀ ਹਾਂ"

**ਲਾਸ ਏਂਜਲਸ ਦੇ 'ਵ੍ਹਾਈਟ ਸਨ' ਬੈਂਡ ਨੇ 12 ਫਰਵਰੀ ਨੂੰ 59ਵੀਂ ਸਾਲਾਨਾ ਗ੍ਰੈਮੀ ਐਵਾਰਡ ਮੌਕੇ ਬਿਹਤਰੀਨ ਨਿਊ ਏਜ ਐਲਬਮ ਲਈ ਗ੍ਰੈਮੀ ਐਵਾਰਡ ਜਿੱਤਿਆ ਹੈ। ਵ੍ਹਾਈਟ ਸਨ-2 ਪਿਛਲੇ ਸਾਲ ਅਗਸਤ ਵਿਚ ਰਿਲੀਜ਼ ਹੋਈ ਸੀ ਤੇ ਇਸ ਦਾ ਟਾਈਲ ਗੀਤ ਨਿਊ ਏਜ ਮਿਊਜ਼ਕ ਦੇ ਬਿਲਬੋਲਰਡ ਚਾਰਟਸ 'ਤੇ ਸਿਖ਼ਰ ਉਪਰ ਸੀ। ਸਪੇਨ ਤੋਂ ਫੋਨ ਰਾਹੀਂ 'ਹਿੰਦੁਸਤਾਨ ਟਾਈਮਜ਼' ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰੂਜਸ ਖ਼ਾਲਸਾ (33) ਨੇ ਦੱਸਿਆ ਕਿ ਕਿਵੇਂ ਕੁੰਡਲੀਨੀ ਯੋਗਾ ਨੇ ਉਸ ਦੀ ਐਵਾਰਡ ਜੇਤੂ ਐਲਬਮ ਨੂੰ ਨਿਰਾਲੀ ਅਦਾਇਗੀ ਦਿੱਤੀ।**



**ਸਵਾਲ-ਗ੍ਰੈਮੀ ਜਿੱਤਣ ਨਾਲ ਕਿਹੋ ਜਿਹਾ ਮਹਿਸੂਸ ਹੋ ਰਿਹਾ ਹੈ ਤੇ ਤੁਸੀਂ ਇਸ ਸਫਲਤਾ ਨੂੰ ਅੱਗੇ ਲਿਜਾਣ ਲਈ ਕੀ ਯੋਜਨਾ ਉਲੀਕੀ ਹੈ?**

ਗੁਰੂਜਸ – ਇਹ ਬਹੁਤ ਹੀ ਅਦਭੁਤ ਅਹਿਸਾਸ ਹੈ। ਮੈਨੂੰ ਯਕੀਨ ਹੀ ਨਹੀਂ ਹੋ ਰਿਹਾ। ਇਸ ਖ਼ੁਸ਼ੀ ਨੂੰ ਲਫ਼ਜ਼ਾਂ ਵਿਚ ਦੱਸ ਪਾਉਣਾ ਮੇਰੇ ਲਈ ਮੁਸ਼ਕਲ ਹੈ। ਹੁਣ ਅਸੀਂ ਤੀਸਰੀ ਐਲਬਮ 'ਤੇ ਕੰਮ ਕਰ ਰਹੇ ਹਾਂ ਤੇ ਇਸ ਤੋਂ ਬਾਅਦ ਅਸੀਂ ਵੱਖ ਵੱਖ ਮੁਲਕਾਂ ਦਾ ਦੌਰਾ ਕਰਾਂਗੇ। ਇਨ੍ਹਾਂ ਦੌਰਿਆਂ ਦੌਰਾਨ ਜ਼ਾਹਰਾ ਤੌਰ 'ਤੇ ਅਸੀਂ ਭਾਰਤ ਵੀ ਆਵਾਂਗੇ।

**ਸਵਾਲ- ਆਪਣੇ ਸੰਗੀਤਕ ਸਫ਼ਰ ਬਾਰੇ ਕੁਝ ਦੱਸੋ?**

ਗੁਰੂਜਸ- ਮੈਂ ਕਲੀਵਲੈਂਡ, ਓਹਾਇਓ ਵਿਚ ਜੰਮੀ, ਪਲੀ। ਮੇਰਾ ਪਾਲਣ ਪੋਸ਼ਣ ਇਕ ਸੰਗੀਤਕ ਪਰਿਵਾਰ ਵਿਚ ਹੋਇਆ। ਘਰ ਦਾ ਪੂਰਾ ਮਾਹੌਲ ਸੰਗੀਤ ਵਿਚ ਰੰਗਿਆ ਹੋਇਆ ਸੀ। ਮੇਰੀ ਮਾਂ ਨੂੰ ਵਾਇਲਨ ਦੀ ਮੁਹਾਰਤ ਹਾਸਲ ਹੈ ਤੇ ਮੇਰੀ ਭੈਣ ਪਿਆਨੋ ਵਜਾਉਂਦੀ ਹੈ। ਮੈਂ ਕਲੀਵਲੈਂਡ ਕੋਰਲ ਗਰੁੱਪ ਦਾ ਹਿੱਸਾ ਸੀ। ਪਰ ਜਦੋਂ ਮਿਸ਼ੀਗਨ ਵਿਚ ਕਾਲਜ ਗਈ ਤਾਂ ਸੰਗੀਤ ਸ਼ੌਕ ਵਿਚ ਹੀ ਰਹਿ ਗਿਆ ਪਰ ਜਦੋਂ ਮੈਂ 2005 ਵਿਚ ਲਾਸ ਏਂਜਲਸ ਵਿਖੇ ਹਰਜੀਵਨ ਖ਼ਾਲਸਾ ਤੋਂ ਕੁੰਡਲੀਨੀ ਯੋਗਾ ਸਿੱਖਣੀ ਸ਼ੁਰੂ ਕੀਤੀ ਤਾਂ ਇਹ ਮੁੜ ਮੇਰੀ ਜ਼ਿੰਦਗੀ ਵਿਚ ਸ਼ਾਮਲ ਹੋ ਗਿਆ। ਹਰਜੀਵਨ ਨੇ ਮੈਨੂੰ ਗੁਰਬਾਣੀ ਨਾਲ ਜੋੜਿਆ। ਮੈਂ ਮੰਤਰਾਂ ਵਿਚ ਸੰਗੀਤ ਸੁਣਨਾ ਸ਼ੁਰੂ ਕੀਤਾ। ਪਰ ਇਹ ਰਵਾਇਤੀ ਕੀਰਤਨ ਵਾਂਗ ਨਹੀਂ ਸੀ। ਮੈਂ ਮੰਤਰਾਂ ਨੂੰ ਵੱਖਰੇ ਅੰਦਾਜ਼ ਵਿਚ ਸੁਣਿਆ ਅਤੇ ਮੈਂ ਸੱਚਮੁਚ ਸੰਗੀਤ 'ਤੇ ਕੰਮ ਕਰਨਾ ਚਾਹੁੰਦੀ ਸੀ। ਇਹ ਬਹੁਤ ਹੀ ਯਾਦਗਾਰ ਪਲ ਹਨ ਜਦੋਂ ਮੇਰੇ ਟੀਚਰ ਹਰਜੀਵਨ ਨੇ 2005 ਵਿਚ ਆਪਣਾ ਬੈਂਡ ਬਣਾਇਆ।

**ਸਵਾਲ- ਇਸ ਬੈਂਡ ਨੂੰ ਵ੍ਹਾਈਟ ਸਨ ਕਿਉਂ ਕਿਹਾ ਜਾਂਦਾ ਹੈ?**

ਗੁਰੂਜਸ- ਹਰਜੀਵਨ ਨੇ ਇਸ ਨੂੰ ਇਹ ਨਾਂ ਦਿੱਤਾ। ਇਸ ਦੇ ਬੜੇ ਡੂੰਘੇ ਅਰਥ ਹਨ। ਹਰ ਸਮੇਂ, ਹਰ ਖਲਾਅ ਤੇ ਹਰ ਥਾਂ 'ਤੇ ਸੂਰਜ ਕੇਂਦਰ ਵਿਚ ਹੈ। ਹਰਜੀਵਨ ਨੇ ਇਹ ਬੈਂਡ ਇਸ ਲਈ ਬਣਾਇਆ ਕਿਉਂਕਿ ਉਹ ਗੁਰਬਾਣੀ ਮੰਤਰਾਂ ਨੂੰ ਵੱਡੀ ਗਿਣਤੀ ਸਰੋਤਿਆਂ ਤੱਕ ਪਹੁੰਚਾਉਣਾ ਚਾਹੁੰਦਾ ਸੀ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਤੋਂ ਲਾਭ ਲੈ ਸਕਣ। ਇਨ੍ਹਾਂ ਮੰਤਰਾਂ ਦੀ ਮਧੁਰ ਆਵਾਜ਼ ਨੇ ਕਈ ਦੀ ਜ਼ਿੰਦਗੀ ਬਦਲ ਦਿੱਤੀ ਹੈ।

**ਸਵਾਲ- ਤੁਹਾਨੂੰ ਗੁਰੂਜਸ ਨਾਂ ਕਿਵੇਂ ਮਿਲਿਆ?**

ਗੁਰੂਜਸ- ਜਦੋਂ ਮੈਂ 2005 ਵਿਚ ਸਿੱਖ ਧਰਮ ਨੂੰ ਗਲ ਨਾਲ ਲਾਇਆ ਤਾਂ ਮੈਂ ਖ਼ੁਦ ਨੂੰ ਇਹ ਨਾਂ ਦਿੱਤਾ।

**ਸਵਾਲ- ਤੁਸੀਂ ਵੀ ਕੁੰਡਲੀਨੀ ਯੋਗਾ ਸਿਖਾਉਂਦੇ ਹੋ। ਆਪਣੇ ਯੋਗਾ ਸਫਰ ਬਾਰੇ ਕੁਝ ਦੱਸੋ?**

ਗੁਰੂਜਸ- ਕੁੰਡਲੀਨੀ ਯੋਗਾ ਨੇ ਮੈਨੂੰ ਕਈ ਪੱਖਾਂ ਤੋਂ ਪ੍ਰਭਾਵਤ ਕੀਤਾ। ਜੋ ਮੁਕਾਮ ਮੈਂ ਅੱਜ ਹਾਸਲ ਕੀਤਾ ਹੈ, ਉਹ ਇਸ ਤੋਂ ਬਿਨਾਂ ਮਿਲ ਨਹੀਂ ਸੀ ਸਕਦਾ। ਮੈਂ ਕਾਲਜ ਵਿਚ ਯੋਗਾ ਦਾ ਅਭਿਆਸ ਆਰੰਭਿਆ। ਇਕ ਵਾਰ ਕਿਸੇ ਵਿਦਿਆਰਥੀ ਨੇ ਸਾਡੇ ਅਧਿਆਪਕ ਤੋਂ ਕੁੰਡਲੀਨੀ ਯੋਗਾ ਬਾਰੇ ਪੁਛਿਆ ਤਾਂ ਉਸ ਨੇ ਕਿਹਾ ਕਿ ਇਹ ਬਹੁਤ ਤੇਜ਼ ਕਿਰਿਆ ਹੈ। ਮੈਨੂੰ ਇਹ ਬਹੁਤ ਦਿਲਚਸਪ ਲੱਗਿਆ। ਜਦੋਂ ਮੈਂ ਲਾਸ ਏਂਜਲਸ ਗਈ ਤਾਂ ਮੈਂ ਕੁੰਡਲੀਨੀ ਟੀਰਾਂ ਦੀ ਭਾਲ ਕੀਤੀ ਤੇ ਇਸ ਨੂੰ ਹਰਜੀਵਨ ਕੋਲੋਂ ਸਿੱਖਣਾ ਸ਼ੁਰੂ ਕੀਤਾ। ਭਾਵੇਂ ਬਾਹਰੋਂ ਮੇਰੇ ਲਈ ਇਹ ਓਪਰਾ ਲਗਦਾ ਸੀ ਪਰ ਅੰਦਰੋਂ ਮੈਂ ਬਹੁਤ ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਮਹਿਸੂਸ ਕਰਦੀ ਸੀ। ਇਸ ਨੇ ਮੈਨੂੰ ਅੰਦਰੋਂ ਊਰਜਾ ਮਹਿਸੂਸ ਕਰਨਾ ਸਿਖਾਇਆ।

**ਸਵਾਲ- ਤੁਹਾਡੇ ਪਰਿਵਾਰ ਦਾ ਇਸ ਪ੍ਰਤੀ ਕੀ ਰਵੱਈਆ ਸੀ?**

ਗੁਰੂਜਸ- ਇਹ ਬਹੁਤ ਦਿਲਚਸਪ ਹੈ। ਜਦੋਂ ਕੁੰਡਲੀਨੀ ਦਾ ਅਭਿਆਸ ਕਰਦੇ ਹੋ ਤਾਂ ਤੁਸੀਂ ਨਾ ਡਰਿੰਕ ਕਰ ਸਕਦੇ ਹੋ ਤੇ ਨਾ ਸਿਗਰਟ ਪੀ ਸਕਦੇ ਹੋ। ਇਹ ਤੁਹਾਨੂੰ ਦਯਾ ਅਤੇ ਮੋਹ ਕਰਨਾ ਸਿਖਾਉਂਦਾ ਹੈ। ਕਿਸੇ ਲਈ ਇਸ 'ਤੇ ਇਤਰਾਜ਼ ਕਰਨਾ ਬਹੁਤ ਮੁਸ਼ਕਲ ਹੈ। ਮੇਰੇ ਅਮਰੀਕੀ ਸਿੱਖ ਪਤੀ ਹਰੀਮੰਦਰ ਸਿੰਘ ਖ਼ਾਲਸਾ ਹਾਲੀਵੁੱਡ ਵਿਚ ਵਿਜ਼ੂਅਲ ਇਫੈਕਟਸ ਸੁਪਰਵਾਈਜ਼ਰ ਵਜੋਂ ਕੰਮ ਕਰਦੇ ਹਨ ਤੇ ਉਹ ਐਮੀ ਐਵਾਰਡ ਜਿੱਤ ਚੁੱਕੇ ਹਨ। ਸਾਡੀ ਗਿਆਰਾਂ ਵਰ੍ਹਿਆਂ ਦੀ ਧੀ ਹੈ-ਪ੍ਰੀਤਮ ਸ਼ਾਂਤੀ। ਐਵਾਰਡ ਲੈਣ ਵੇਲੇ ਉਹ ਮੇਰੇ ਨਾਲ ਹੀ ਸੀ। 2005 ਤੋਂ ਮੈਂ ਲਗਾਤਾਰ ਭਾਰਤ ਜਾ ਰਹੀ ਹਾਂ। ਮੈਂ ਖਾਸ ਤੌਰ 'ਤੇ ਗੁਰਦੁਆਰਾ ਗੋਇੰਦਵਾਲ ਸਾਹਿਬ ਜਾਂਦੀ ਹਾਂ, ਜਿੱਥੇ ਮੈਂ ਹਰੇਕ 84 ਪੌੜੀਆਂ 'ਤੇ ਜਪਜੀ ਸਾਹਿਬ ਕਰਦੀ ਹਾਂ। ਮੈਨੂੰ ਧਰਮਸ਼ਾਲਾ ਤੇ ਹੋਰ ਬੋਧੀ ਧਰਮ ਦੀਆਂ ਥਾਵਾਂ 'ਤੇ ਜਾਣਾ ਚੰਗਾ ਲਗਦਾ ਹੈ।

**ਸਵਾਲ- ਤੁਸੀਂ ਭਾਰਤੀ ਸੰਗੀਤ ਪਸੰਦ ਕਰਦੇ ਹੋ? ਤੁਹਾਡਾ ਕੋਈ ਪਸੰਦੀਦਾ ਸੰਗੀਤਕਾਰ?**

ਗੁਰੂਜਸ- ਹਾਂ, ਬਹੁਤ ਜ਼ਿਆਦਾ। ਮੈਂ ਖ਼ਾਸ ਤੌਰ 'ਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਰਾਗੀ ਭਾਈ ਕਰਤਾਰ ਸਿੰਘ, ਭਾਈ ਸਤਨਾਮ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਸੁਣਨਾ ਪਸੰਦ ਕਰਦੀ ਹਾਂ। ਸੰਤ ਬਾਬਾ ਨਿਹਾਲ ਸਿੰਘ ਜੀ ਮੇਰੇ ਅਧਿਆਪਕਾਂ ਵਿਚੋਂ ਇਕ ਹਨ।

**ਸਵਾਲ- ਨਵੇਂ ਸੰਗੀਤਕਾਰਾਂ ਤੇ ਕੁੰਡਲੀਨੀ ਯੋਗਾ ਦਾ ਅਭਿਆਸ ਕਰਨ ਵਾਲਿਆਂ ਲਈ ਕੋਈ ਸੁਝਾਅ?**

ਗੁਰੂਜਸ- ਤੁਸੀਂ ਬੱਸ ਅੱਗੇ ਵਧਦੇ ਜਾਓ ਤੇ ਆਪਣੇ ਆਪ ਨੂੰ ਬਿਹਤਰ ਤੋਂ ਬਿਹਤਰ ਕਰਦੇ ਜਾਓ। ਦਬ ਕੇ ਮਿਹਨਤ ਕਰੋ, ਆਪਣੇ ਅਗਲੇ ਪਿਛਲੇ ਸਾਰੇ ਦਵੰਧਾਂ ਨੂੰ ਪਿਛੇ ਛੱਡ ਦਿਓ ਤੇ ਖ਼ੁਦ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰਥ ਬਣਾਓ।

**ਵ੍ਹਾਈਟ ਸਨ ਦਾ ਉਦੈ ਹੋਣਾ:**

- 'ਵ੍ਹਾਈਟ ਸਨ' ਹਰਜੀਵਨ ਸਿੰਘ ਖ਼ਾਲਸਾ, ਗੁਰੂਜਸ ਖ਼ਾਲਸਾ ਤੇ ਐਡਮ ਬੈਰੀ ਨੇ 2005 ਵਿਚ ਸਥਾਪਤ ਕੀਤਾ ਸੀ। ਐਡਮ ਬੈਰੀ ਗੁਰਬਾਣੀ ਸਰਵਣ ਦੀਆਂ ਸੰਗੀਤਮਈ ਵਿਆਖਿਆਵਾਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਦੂਸਰੀ ਐਲਬਮ 'ਵ੍ਹਾਈਟ ਸਨ-2' ਦਾ ਬਹੁਤਾ ਸੰਗੀਤ ਜਾਪ ਸਾਹਿਬ ਤੋਂ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ।
- ਦੋਵੇਂ ਚੰਗੇ ਗਾਇਕ ਹਨ, ਗੁਰੂਜਸ ਖ਼ਾਲਸਾ ਤੇ ਵਾਦਕ ਹਰਜੀਵਨ ਸਿੰਘ ਖ਼ਾਲਸਾ ਮਰਹੂਮ ਯੋਗੀ ਹਰਭਜਨ ਸਿੰਘ ਦੇ ਸ਼ਰਧਾਲੂ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਕੁੰਡਲੀਨੀ ਯੋਗਾ ਲੈ ਕੇ ਆਉਂਦਾ। ਉਨ੍ਹਾਂ ਨੇ ੩੪® ਫਾਉਂਡੇਸ਼ਨ ਬਣਾਈ, ਜਿਸ ਦੇ 35 ਮੁਲਕਾਂ ਵਿਚ 300 ਸੈਂਟਰ ਹਨ।
- ਐਲਬਮ ਦਾ ਇਕ ਹੋਰ ਭਾਰਤੀ ਰਿਸ਼ਤਾ ਹੈ-ਤਬਲਾ ਵਾਦਕ ਅਭਿਮਨ ਕੌਸ਼ਲ, ਜੋ ਹੈਦਰਾਬਾਦ ਵਿਚ ਜੰਮਿਆ-ਪਲਿਆ। ਈ-ਮੇਲ ਰਾਹੀਂ ਕੌਸ਼ਲ ਨੇ 'ਹਿੰਦੁਸਤਾਨ ਟਾਈਮਜ਼' ਨੂੰ ਦੱਸਿਆ ਕਿ ਉਸ ਨੇ ਆਪਣੇ ਪਿਤਾ ਆਰ.ਬੀ. ਕੌਸ਼ਲ ਤੋਂ ਤਬਲਾ ਸਿੱਖਿਆ, ਜੋ ਉਸਤਾਦ ਅਮੀਰ ਹੁਸੈਨ ਖਾਨ ਦੇ ਚੇਲੇ ਸਨ। ਇਸ ਤੋਂ ਇਲਾਵਾ ਕੌਸ਼ਲ ਨੇ ਹੈਦਰਾਬਾਦ ਦੇ ਉਘੇ ਉਸਤਾਦ ਸ਼ੇਖ ਦਾਊਦ ਤੋਂ ਵੀ ਤਬਲਾ ਸਿੱਖਿਆ। ਇਸ ਸਮੇਂ ਕੌਸ਼ਲ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਲਾਸ ਏਂਜਲਸ ਵਿਖੇ ਮਿਊਜ਼ਕ ਆਫ਼ ਇੰਡੀਆ ਦੇ ਫੈਕਲਟੀ ਤੇ ਡਾਇਰੈਕਟਰ ਹਨ ਤੇ ਯੂਨੀਵਰਸਿਟੀ ਆਫ਼ ਕੈਲੀਫੋਰਨੀ, ਰਿਵਰਸਾਈਡ ਵਿਖੇ ਫੈਕਲਟੀ ਹਨ।
- ਕੌਸ਼ਲ ਦਾ ਕਹਿਣਾ ਹੈ ਕਿ ਗੁਰੂਜਸ ਨੇ ਮਿਊਜ਼ੀਕਲ ਕੋਲੈਬੋਰੇਸ਼ਨ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਇਹ ਬਹੁਤ ਹੀ ਪ੍ਰੇਰਤ ਕਰਨ ਵਾਲੀਆਂ ਧੁਨਾਂ ਸਨ, ਜੋ ਮੈਂ ਪਹਿਲਾਂ ਕਦੇ ਮਹਿਸੂਸ ਨਹੀਂ ਕੀਤੀਆਂ। ਬੈਰੀ ਨੇ ਬੈਂਡ ਦੇ ਸੰਗੀਤ ਨੂੰ ਧੁਨਾਂ ਦਿੱਤੀਆਂ ਤੇ ਉਨ੍ਹਾਂ ਨੂੰ ਦੋ ਵਾਰ ਐਮੀ ਪੁਰਸਕਾਰ ਮਿਲ ਚੁੱਕਾ ਹੈ।

## ਵੁਲਵਰੈਂਪਟਨ ਗੁਰਦੁਆਰੇ 'ਚੋਂ ਸੰਗਤ ਨਾਲ ਭੇਦਭਾਵ ਕਰਨ ਵਾਲੀ ਸਕਰੀਨ ਹਟਾਈ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੇ ਇਕ ਗੁਰਦੁਆਰੇ ਨੇ ਆਮ ਤੇ ਚੌਕੜੀ ਮਾਰ ਕੇ ਬੈਠਣ ਤੋਂ ਅਸਮਰਥ ਸੰਗਤ ਵਿੱਚ ਭੇਦਭਾਵ ਪੈਦਾ ਕਰਨ ਵਾਲੀ ਸਕਰੀਨ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਵੁਲਵਰਹੈਂਪਟਨ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚ ਵੱਡੀ ਸਕਰੀਨ ਲਗਾਈ ਹੋਈ ਸੀ, ਜਿਸ ਵ੍ਹੀਲ ਚੇਅਰ 'ਤੇ ਬੈਠਣ ਵਾਲੇ ਸ਼ਰਧਾਲੂ ਗੁਰਦੁਆਰੇ ਦੇ ਮੁੱਖ ਹਾਲ ਵਿੱਚ ਹੋਰ ਸੰਗਤ ਨਾਲ ਨਹੀਂ ਸਨ ਸ਼ਾਮਲ ਹੋ ਸਕਦੇ। ਅਜਿਹਾ ਰੁਝਾਨ ਪੂਰੇ ਦੇਸ਼ ਵਿੱਚ ਸਿਰਫ਼ ਇਸੇ ਹੀ ਗੁਰਦੁਆਰੇ ਵਿੱਚ ਸੀ। ਬੀਤੇ ਦਿਨ ਬਰਮਿੰਘਮ ਕਾਊਂਟੀ ਅਦਾਲਤ ਵਿੱਚ ਮਾਮਲਾ ਜਾਣ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੱਲ ਹੋ ਗਿਆ। ਇਕ ਸਿੱਖ ਬੀਬੀ ਭੁਪਿੰਦਰ ਕੌਰ ਚੌਹਾਨ ਨੇ ਕਿਹਾ ਕਿ ਗੁਰਦੁਆਰੇ ਵਿੱਚ ਲਗਾਈ ਇਹ ਸਕਰੀਨ ਜੇਲ੍ਹ ਵਰਗੀ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਹੜੇ ਗੁਰਦੁਆਰੇ ਵਿੱਚ ਚੌਂਕੜੀ ਮਾਰ ਕੇ ਬੈਠ ਨਹੀਂ ਸਕਦੇ ਉਨ੍ਹਾਂ ਨੇ ਕੋਈ ਗਲਤ ਕੰਮ ਕੀਤਾ ਹੈ। ਵੁਲਵਰਹੈਂਪਟਨ ਦੀ ਸਿੱਖ ਫੋਰਮ ਦੇ ਚੇਅਰਮੈਨ ਰਾਜਿੰਦਰ ਸਿੰਘ ਬਾਸੀ ਨੇ ਇਸ ਰੁਝਾਨ ਦੇ ਖਾਤਮੇ ਨੂੰ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਅਪਾਹਜ ਲੋਕਾਂ ਨੂੰ ਵੀ ਧਰਮ ਦੇ ਰੀਤੀ ਰਿਵਾਜਾਂ ਵਿੱਚ ਸ਼ਾਮਲ ਹੋਣ ਦਾ ਪੂਰਾ ਅਖ਼ਤਿਆਰ ਹੈ ਤੇ ਹੁਣ ਗੁਰਦੁਆਰੇ ਨੂੰ ਆਪਣੀ ਨੀਤੀ ਬਦਲਣੀ ਪਈ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਅਰਦਾਸ ਵੇਲੇ ਜਿਹੜੇ ਚੌਂਕੜੀ ਮਾਰ ਕੇ ਬੈਠਣ ਤੋਂ ਅਸਮਰਥ ਸਨ, ਉਨ੍ਹਾਂ ਨੂੰ ਸਕਰੀਨ ਦੇ ਪਿੱਛੇ ਜਾਂ ਲੰਗਰ ਹਾਲ ਵਿੱਚ ਭੇਜ ਦਿੱਤਾ ਜਾਂਦਾ ਸੀ। ਗੁਰਦੁਆਰੇ ਵੱਲੋਂ ਬਿਆਨ ਜਾਰੀ ਕਰਨ ਵਾਲੀ ਯੂਕੇ ਸਿੱਖ ਕੌਂਸਲ ਨੇ ਕਿਹਾ ਕਿ ਗੁਰੂ ਘਰ ਦੇ ਦਰ ਸਭ ਲਈ ਖੁੱਲ੍ਹੇ ਹਨ ਤੇ ਸਭ ਇਕ ਬਰਾਬਰ ਹਨ।

## ਗਗਨੇਜਾ ਤੇ ਅਮਿਤ ਸ਼ਰਮਾ ਦੀ ਹੱਤਿਆ ਪਿਛੇ ਇਕੋ ਜਥੇਬੰਦੀ ਦਾ ਹੱਥ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਿੰਦੂ ਜਥੇਬੰਦੀ ਦੇ ਜ਼ਿਲ੍ਹਾ ਪੱਧਰੀ ਆਗੂ ਅਮਿਤ ਸ਼ਰਮਾ ਦੀ 17 ਜਨਵਰੀ ਨੂੰ ਹੋਈ ਹੱਤਿਆ ਅਤੇ ਪਿਛਲੇ ਸਾਲ ਅਗਸਤ ਵਿਚ ਆਰਐਸਐਸ ਦੇ ਸੂਬਾਈ ਮੀਤ ਪ੍ਰਧਾਨ ਬ੍ਰਿਗੇਡੀਅਰ (ਸੇਵਾਮੁਕਤ) ਜਗਦੀਸ਼ ਗਗਨੇਜਾ ਦੀ ਹੱਤਿਆ ਦੀ ਜਾਂਚ ਦੌਰਾਨ ਪੰਜਾਬ ਪੁਲੀਸ ਨੂੰ ਕੁੱਝ ਸਮਾਨਤਾਵਾਂ ਮਿਲੀਆਂ ਹਨ। ਪੁਲੀਸ ਦਾ ਮੰਨਣਾ ਹੈ ਕਿ ਸ਼ਿਵ ਸੈਨਾ ਦੇ ਆਗੂ ਤੋਂ ਇਲਾਵਾ ਦੋ ਹੋਰਾਂ 'ਤੇ ਹਮਲਿਆਂ ਅਤੇ ਇਨ੍ਹਾਂ ਦੋ ਹੱਤਿਆਵਾਂ ਕਿਸੇ ਇਕ ਜਥੇਬੰਦੀ ਦਾ ਕਾਰਾ ਹੋ ਸਕਦੀ ਹੈ। ਇਨ੍ਹਾਂ ਦੋ ਕੇਸਾਂ ਵਿਚ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਗੋਲੀਆਂ ਮਾਰੀਆਂ ਸਨ। ਫੋਰੈਂਸਿਕ ਪੜਤਾਲ ਦੌਰਾਨ ਅਮਿਤ ਸ਼ਰਮਾ ਦੀ ਲਾਸ਼ ਵਿਚੋਂ ਮਿਲੇ ਕਾਰਤੂਸ ਤੋਂ ਖੁਲਾਸਾ ਹੋਇਆ ਹੈ ਕਿ ਵਰਤੇ ਗਏ ਦੋ ਹਥਿਆਰਾਂ ਵਿਚੋਂ ਇਕ .32 ਬੋਰ ਦਾ ਪਿਸਤੌਲ ਸੀ। ਆਰਐਸਐਸ ਆਗੂ ਦੇ ਸਰੀਰ ਵਿਚੋਂ ਮਿਲੀਆਂ ਤਿੰਨ ਗੋਲੀਆਂ ਵੀ .32 ਬੋਰ ਦੇ ਪਿਸਤੌਲ ਵਿਚੋਂ ਚੱਲੀਆਂ ਸਨ। ਲਾਸ਼ ਕੋਲੋਂ .9 ਐਮਐਮ ਪਿਸਤੌਲ ਦੇ ਕਾਰਤੂਸਾਂ ਦੇ ਖੋਲ ਮਿਲੇ ਸਨ। ਪਿਛਲੇ ਸਾਲ 24 ਅਪ੍ਰੈਲ ਨੂੰ ਖੰਨਾ ਵਿੱਚ ਸ਼ਿਵ ਸੈਨਾ (ਮਜ਼ਦੂਰ ਵਿੰਗ) ਦੇ ਆਗੂ ਦੁਰਗਾ ਗੁਪਤਾ ਦੀ ਹੱਤਿਆ ਲਈ ਵੀ .9 ਐਮਐਮ ਪਿਸਤੌਲ ਦੀ ਵਰਤੋਂ ਕੀਤੀ ਗਈ ਸੀ। 4 ਫਰਵਰੀ ਨੂੰ ਸ਼ਿਵ ਸ਼ੈਨਾ ਆਗੂ ਅਮਿਤ ਅਰੋੜਾ 'ਤੇ ਕਥਿਤ ਤੌਰ 'ਤੇ ਗੋਲੀਆਂ ਚੱਲੀਆਂ ਸਨ। ਇਕ ਗੋਲੀ ਜੋ ਉਸ ਦੀ ਗਰਦਨ ਨੂੰ ਛੂਹ ਕੇ ਲੰਘੀ ਸੀ ਉਹ ਵੀ .9 ਐਮਐਮ ਪਿਸਤੌਲ ਵਿਚੋਂ ਚੱਲੀ ਸੀ। ਪਰ ਜੂਨ ਵਿਚ ਲੁਧਿਆਣਾ ਪੁਲੀਸ ਨੇ ਅਰੋੜਾ ਤੇ ਤਿੰਨ ਹੋਰਾਂ ਨੂੰ ਹੋਰ ਸੁਰੱਖਿਆ ਲੈਣ ਖ਼ਾਤਰ ਆਪਣੇ 'ਤੇ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਸੀ।

ਪੰਜਾਬ ਸਰਕਾਰ ਨੇ ਗਗਨੇਜਾ ਕੇਸ ਸੀਬੀਆਈ ਹਵਾਲੇ ਕਰ ਦਿੱਤਾ ਹੈ ਪਰ ਪੰਜਾਬ ਪੁਲੀਸ ਨੇ ਇਸ ਕੇਸ ਦੀ ਜਾਂਚ ਨਹੀਂ ਛੱਡੀ ਹੈ। ਇਕ ਪੁਲੀਸ ਅਧਿਕਾਰੀ ਨੇ ਦੱਸਿਆ, 'ਇਕੋ ਤਰ੍ਹਾਂ ਦੇ ਹਥਿਆਰ ਵਰਤੇ ਜਾਣੇ ਇਸ਼ਾਰਾ ਕਰਦੇ ਹਨ ਕਿ ਇਹ ਅਪਰਾਧ ਕਿਸੇ ਇਕ ਅਪਰਾਧੀ ਗਰੁੱਪ ਜਾਂ ਅਤਿਵਾਦੀ ਜਥੇਬੰਦੀ ਦਾ ਕੰਮ ਹੋ ਸਕਦੇ ਹਨ।' ਉਨ੍ਹਾਂ ਕਿਹਾ ਕਿ ਪੁਲੀਸ ਨਹੀਂ ਮੰਨਦੀ ਕਿ ਮੌੜ ਧਮਾਕੇ ਵਿੱਚ ਵੀ ਇਸੇ ਗਰੁੱਪ ਦਾ ਹੱਥ ਹੋਵੇਗਾ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੱਲੋਂ ਬਾਪੂ ਦੀਵਾਨ ਸਿੰਘ ਦੇ ਅਕਾਲ ਚਲਾਣਾ 'ਤੇ ਦੁੱਖ ਦਾ ਪ੍ਰਗਟਾਵਾ

**ਨਿਊਯਾਰਕ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਯੂਨਿਟ ਨੇ ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਦੇ ਦਾਦਾ ਦੀਵਾਨ ਸਿੰਘ ਦੇ ਅਕਾਲ ਚਲਾਣੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਗੁਰਸਿੱਖ ਪਿਆਰੇ ਸ. ਦੀਵਾਨ ਸਿੰਘ (107 ਸਾਲ) ਪਿਛਲੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਸਦਾ ਚੜ੍ਹਦੀ ਕਲਾ ਵਾਲੇ ਸਨ ਜਿਨ੍ਹਾਂ ਦੀ ਬਹੁਤ ਨੇਕ ਕਮਾਈ ਸੀ ਅਤੇ ਗੁਰਬਾਣੀ ਦੇ ਰਸੀਏ ਸਨ। ਉਨ੍ਹਾਂ ਦੀ ਫੁਲਵਾੜੀ ਵਿਚੋਂ ਪੋਤਰੇ ਅਮਰਜੀਤ ਸਿੰਘ ਅੱਜ ਕੌਮ ਦੀ ਵੱਧ ਚੜ੍ਹ ਕੇ ਸੇਵਾ ਕਰ ਰਹੇ ਬਜ਼ੁਰਗਾਂ ਦੇ ਸੰਸਕਾਰਾਂ ਸਦਕਾ ਯੂਥ ਯੂਨਿਟ ਦੇ ਜਨਰਲ ਸਕੱਤਰ ਦੇ ਤੌਰ ਤੇ ਕੌਮ ਦੇ ਹਰੇਕ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਜਥੇਦਾਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਜੀਤ ਸਿੰਘ ਆਲੋਰੱਖ, ਸਰਬਜੀਤ ਸਿੰਘ, ਜੋਗਾ ਸਿੰਘ ਅਤੇ ਅਮਨਦੀਪ ਸਿੰਘ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਬਾਪੂ ਦੀਵਾਨ ਸਿੰਘ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਪਰਮਿੰਦਰ ਸਿੰਘ ਪਾਗਲੀ ਨੂੰ ਸਦਮਾ

### ਚਾਚਾ ਬਲਵਿੰਦਰ ਸਿੰਘ ਦਾ ਅਕਾਲ ਚਲਣਾ



**ਨਿਊਯਾਰਕ/ਮੱਖਣ ਸਿੰਘ ਕਲੇਰ:** ਯੂਥ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਇਕਾਈ ਦੇ ਪ੍ਰਧਾਨ ਪਰਮਿੰਦਰ ਸਿੰਘ ਪਾਗਲੀ ਦੇ ਚਾਚਾ ਸ. ਬਲਵਿੰਦਰ ਸਿੰਘ (58 ਸਾਲ) ਦੋ-ਤਿੰਨ ਹਫਤੇ ਤੋਂ ਬਿਮਾਰੀ ਨਾਲ ਜੂਝਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਬਲਵਿੰਦਰ ਸਿੰਘ ਬਹੁਤ ਹੀ ਚੜ੍ਹਦੀ ਕਲ੍ਹਾ ਵਾਲੇ ਗੁਰਸਿੱਖ ਪਿਆਰੇ ਸਨ ਜਿਨ੍ਹਾਂ ਦੀ ਬਹੁਤ ਨੇਕ ਕਮਾਈ ਸੀ ਅਤੇ ਗੁਰਬਾਣੀ ਦੇ ਰਸੀਏ ਸਨ। ਉਨ੍ਹਾਂ ਦੇ ਪਰਿਵਾਰ ਵਿੱਚੋਂ ਪਰਮਿੰਦਰ ਸਿੰਘ ਪਾਗਲੀ ਅੱਜ ਕੌਮ ਦੀ ਵੱਧ ਚੱੜ੍ਹ ਕੇ ਸੇਵਾ ਕਰ ਰਹੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਜਥੇਦਾਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲ਼ਾਰ, ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਜੀਤ ਸਿੰਘ ਅਲੋਅਰੱਖ, ਸਰਬਜੀਤ ਸਿੰਘ, ਜੋਗਾ ਸਿੰਘ ਤੇ ਅਮਨਦੀਪ ਸਿੰਘ ਸ਼ੋਕ ਗਰੱਸਤ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਅਕਾਲ ਪੁਰਖ ਅੱਗੇ ਬਲਵਿੰਦਰ ਸਿੰਘ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਬੇਨਤੀ ਕਰਦੇ ਹਨ।

# "ਸੂਰਜੁ ਏਕੋ ਰੁਤਿ ਅਨੇਕ"

**ਸਰਵਜੀਤ ਸਿੰਘ ਸੈਕਰਾਮੈਂਟੋ**

ਕਦੇ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਕੋਪਰਨੀਕਸ (1473-1534) ਅਤੇ ਕੈਪਲਰ (1571-1630) ਨੇ ਗਿਣਤ ਰਾਹੀ ਇਹ ਸਾਬਿਤ ਕੀਤਾ ਕਿ ਧਰਤੀ ਘੁਮ ਰਹੀ ਹੈ। ਗੈਲੀਲੀਓ (1564-1642) ਨੇ ਪ੍ਰਯੋਗ ਰਾਹੀ ਸਾਬਿਤ ਕੀਤਾ ਸੀ ਕਿ ਗ੍ਰਹਿ ਚਾਲ ਦਾ ਕੇਂਦਰ ਧਰਤੀ ਨਹੀਂ ਸਗੋਂ ਸੂਰਜ ਹੈ। ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ, ਇਕ ਖਾਸ ਰਫ਼ਤਾਰ ਅਤੇ ਇਕ ਖਾਸ ਦੂਰੀ ਤੇ ਰਹਿ ਕੇ ਚੱਕਰ ਲਾਉਂਦੇ ਹਨ। ਉਸ ਵੇਲੇ ਦੇ ਧਾਰਮਿਕ ਆਗੂਆਂ




ਨੇ ਗੈਲੀਲੀਓ ਨਾਲ ਕਿਵੇਂ ਸਿਝਿਆ, ਉਹ ਇਤਿਹਾਸ ਦਾ ਅੰਗ ਬਣ ਚੁੱਕਾ ਹੈ। ਅਖੀਰ ਜਦੋਂ ਉਨ੍ਹਾਂ ਦੇ ਧਾਰਮਿਕ ਆਗੂਆਂ ਨੂੰ, ਕਰਤੇ ਦੇ ਨਿਯਮ ਦੀ ਸਮਝ ਆਈ ਤਾਂ ਉਨ੍ਹਾਂ ਨੂੰ ਆਪਣੇ ਪੂਰਵਜਾਂ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਹੋਇਆ ਕਿ ਗੈਲੀਲੀਓ ਨਾਲ ਜਿਆਦਤੀ ਹੋਈ ਸੀ। ਉਨ੍ਹਾਂ ਨੇ ਸਾਢੇ ਤਿੰਨ ਸਦੀਆਂ ਪਿਛੋਂ, 1992 ਈਸਵੀ ਵਿੱਚ ਪਿਛਲਾ ਫੈਸਲਾ ਖਾਰਜ ਕਰ ਦਿੱਤਾ। ਪੋਪ ਜੋਹਨਪਾਲ (ਦੂਜਾ) ਨੇ ਗੈਲੀਲੀਓ ਤੋਂ ਮਾਫੀ ਮੰਗਿਆ ਕਿਹਾ ਕਿ "ਤੁਸੀ ਸਹੀ ਸੀ, ਅਸੀਂ ਸਾਰੇ ਹੀ ਗਲਤ ਸੀ"। ਅੱਜ ਇਹ ਘੋੜੇ ਚੜ੍ਹੀ ਸਚਾਈ ਹੈ ਕਿ ਧਰਤੀ ਗੋਲ ਹੈ। ਧਰਤੀ ਆਪਣੇ ਧੁਰੇ ਦੁਆਲੇ ਲੱਗ ਭੱਗ 1037 ਮੀਲ ਪ੍ਰਤੀ ਘੰਟਾ (ਭੂ ਮੱਧ ਰੇਖਾਂ ਉੱਪਰ) ਦੀ ਰਫਤਾਰ ਨਾਲ ਘੁੰਮਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਅਤੇ ਰਾਤ ਬਣਦੇ ਹਨ। ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਸੂਰਜ ਦੀ ਰੌਸ਼ਨੀ ਪੈਣ ਕਾਰਨ ਦਿਨ ਹੁੰਦਾ ਅਤੇ ਦੂਜੇ ਪਾਸੇ ਹਨੇਰਾ ਹੋਣ ਕਾਰਨ ਰਾਤ ਪੈ ਜਾਂਦੀ ਹੈ। ਧਰਤੀ ਸੂਰਜ ਤੋਂ ਲੱਗਭੱਗ 92962000 ਮੀਲ ਦੂਰ ਰਹਿ ਕੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਧਰਤੀ ਦਾ ਇਹ ਚੱਕਰ, ਜਿਸ ਨੂੰ ਸਾਲ ਕਿਹਾ ਜਾਂਦਾ ਹੈ, 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Tropical year) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ ਇਸੇ ਮੁਤਾਬਕ ਬਦਲਦੀਆਂ ਹਨ।

ਧਰਤੀ ਦੇ ਸੂਰਜ ਦੁਆਲੇ ਇਸ ਚੱਕਰ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਤੋਂ ਵੱਡੀ ਅਤੇ ਦਿਨ ਛੋਟੇ ਤੋਂ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉਤਰੀ ਅਰਧ ਗੋਲੇ ਵਿੱਚ ਦਿਨ ਛੋਟੇ ਤੋਂ ਛੋਟਾ ਅਤੇ ਰਾਤ ਵੱਡੀ ਤੋਂ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਸਾਲ ਵਿਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਜਦੋਂ ਸਾਰੀ ਧਰਤੀ ਤੇ ਦਿਨ ਅਤੇ ਰਾਤ ਬਾਰਬਰ ਹੁੰਦੇ ਹਨ। ਭਾਵੇਂ ਸਾਨੂੰ ਇਹ ਪੜਾਇਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛਿੱਪ ਜਾਂਦਾ ਹੈ।

ਪਰ ਅਜੇਹਾ ਸਾਲ ਵਿੱਚ ਦੋ ਕੁ ਦਿਨ ਹੀ ਹੁੰਦਾ ਹੈ ਜਦੋਂ ਸੂਰਜ ਪੂਰਬ ਭਾਵ  ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਇਹ 89° ਜਾਂ 91° ਤੋਂ ਉਦੇ ਹੁੰਦਾ ਹੈ। ਸੂਰਜ ਦੇ ਉਦੇ ਹੋਣ ਦੀ ਦਿਸ਼ਾ ਲੱਗਭੱਗ 62° ਤੋਂ 117° ਤਾਂਈ ਬਦਲਦੀ ਰਹਿੰਦੀ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108)। ਧਰਤੀ ਦੇ ਧੁਰੇ ਦਾ ਲੱਗਭੱਗ 23.5° ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੌਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਵੱਖ-ਵੱਖ ਰੁੱਤਾਂ ਬਦਲਦੀਆਂ ਹਨ।

ਚੰਦ, ਧਰਤੀ ਦੇ ਦੁਆਲੇ ਘੁੰਮਦਾ ਹੈ। ਇਸ ਦੇ ਪੰਧ ਵਿੱਚ ਤਾਰਿਆਂ ਦੇ 27 ਸਮੂਹ ਮੰਨੇ ਗਏ ਹਨ। ਜਿਨ੍ਹਾਂ ਨੂੰ ਨਛੱਤਰ ਕਿਹਾ ਜਾਂਦਾ ਹੈ। ਇਕ ਦਿਨ ਦਾ ਇਕ ਨਛੱਤਰ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਚੰਦ ਦਾ ਧਰਤੀ ਦੁਆਲੇ ਇਕ ਚੱਕਰ ਦਾ 27.32 ਦਿਨ (27 ਦਿਨ 7 ਘੰਟੇ 43 ਮਿੰਟ) ਸਮਾਂ ਬਣਦਾ ਹੈ। ਪਰ ਇਸੇ ਸਮੇਂ ਦੌਰਾਨ ਧਰਤੀ ਜੋ ਸੂਰਜ ਦੁਆਲੇ ਘੁੰਮਦੀ ਹੈ, ਲੱਗ ਭੱਗ 27° ਅੱਗੇ ਵੱਧ ਜਾਂਦੀ ਹੈ ਤਾਂ ਇਹ ਵਧੇ ਹੋਏ ਫਾਸਲੇ ਸਮੇਤ ਇਕ ਚੱਕਰ ਪੂਰਾ ਕਰਨ ਲਈ ਚੰਦ ਨੂੰ 29.53 (29 ਦਿਨ 12 ਘੰਟੇ 44 ਮਿੰਟ) ਦਿਨ




ਲੱਗਦੇ ਹਨ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਇਹ ਮੱਸਿਆ ਤੋਂ ਮੱਸਿਆ ( ਅਮੰਤਾ) ਜਾਂ ਪੂੰਨਿਆ ਤੋਂ ਪੂੰਨਿਆ (ਪੂਰਨਮੰਤਾ) ਤਾਂਈ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ ਹੁੰਦੇ ਹਨ, ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਇਕ ਸਾਲ ਸੂਰਜ ਦੇ ਸਾਲ ਨਾਲੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਇਸ ਵਿੱਚ  ਇਕ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 384/85 ਦਿਨ ਹੋ ਜਾਂਦੇ ਹਨ। ਇਹ ਹੀ ਕਾਰਨ ਹੈ ਕਿ ਚੰਦ ਦੇ ਸਾਲ ਜਾਂ




ਕੈਲੰਡਰ ਦਾ ਰੁੱਤਾਂ ਨਾਲ ਕੋਈ ਸਬੰਧ ਨਹੀਂ ਹੈ। ਹੈਰਾਨੀ ਹੁੰਦੀ ਹੈ ਜਦੋਂ ਆਪਣੇ ਆਪ ਨੂੰ ਸ਼੍ਰੋਮਣੀ ਸਮਝਣ ਵਾਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਸੰਤ ਰੁੱਤ ਦਾ ਅਰੰਭ, ਚੰਦ ਦੇ ਕੈਲੰਡਰ ਮੁਤਾਬਕ ਮਾਘ ਸੁਦੀ 5 ਨੂੰ ਹੀ ਮਨਾਉਦੀ ਹੈ, ਜੋ ਇਸ ਸਾਲ 1 ਫਰਵਰੀ ਨੂੰ ਸੀ। ਹਰ ਸਾਲ ਮਾਘ ਸੁਦੀ ਪੰਚਮੀਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ  ਗੁਰਦਵਾਰਿਆਂ ਵਿੱਚ ਵਿਸ਼ੇਸ਼ ਦਿਵਾਨ ਸਜਾਏ ਜਾਂਦੇ ਹਨ।

ਸਨਾਤਨ ਧਰਮ ਵਿੱਚ ਇਹ ਦਿਨ ਮਿਥਿਹਾਸਿਕ ਦੇਵੀ ਸਰਸਵਤੀ ਦਾ ਜਨਮ ਦਿਨ ਹੈ। ਜੋ ਹਰ ਸਾਲ ਮਾਘ ਸੁਦੀ ਪੰਚਮੀ ਨੂੰ ਮਨਾਇਆ ਜਾਂਦਾ ਹੈ। ਜਿਸ ਨੂੰ ਆਮ ਲੋਕਾਂ 'ਚ ਪ੍ਰਚੱਲਤ ਕਰਨ ਲਈ ਬਸੰਤ ਨੂੰ ਇਸ ਨਾਲ ਜੋੜ ਦਿੱਤਾ ਗਿਆ ਹੈ। ਬਸੰਤ ਤਾਂ ਇਕ ਰੁੱਤ ਹੈ। ਉਹ ਰੁੱਤ, ਜੋ ਹਿਮਕਰ ਰੁੱਤ ਭਾਵ ਅੱਤ ਦੀ ਸਰਦੀ ਖਤਮ ਹੋਣ ਤੋਂ ਪਿਛੋ ਬਨਸਪਤੀ ਵਿੱਚ ਖੇੜਾ ਆਉਂਦਾ ਹੈ। ਇਸ ਦਾ ਸਿੱਧਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਮਾਘ ਸੁਦੀ 5 ਨੂੰ ਮਨਾਈ ਜਾਣ ਵਾਲੀ ਬਸੰਤ 2015 ਈ: ਵਿੱਚ 24 ਜਨਵਰੀ, 2016 ਈ: ਵਿੱਚ 12 ਫਰਵਰੀ, ਅਤੇ ਇਸ ਸਾਲ 1 ਫਰਵਰੀ ਨੂੰ ਆਈ ਸੀ।  ਹੁਣ 2018 ਈ: ਵਿੱਚ 22 ਜਨਵਰੀ, 2019 ਈ: ਵਿੱਚ 10 ਫਰਵਰੀ ਅਤੇ 2020 ਈ: ਵਿੱਚ 30 ਜਨਵਰੀ ਨੂੰ ਆਵੇਗੀ। ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖਾਂ ਦੀ ਕੇਂਦਰੀ ਸੰਸਥਾ, ਇਹ ਗੱਲ ਸਮਝਣ ਤੋਂ ਅਸਮਰੱਥ ਹੈ ਕਿ ਕਿਸੇ ਵੀ ਰੁੱਤ ਦਾ ਆਰੰਭ ਇਸ ਤਰ੍ਹਾਂ ਡੱਡੂ ਛੜੱਪਿਆਂ ਨਾਲ ਨਹੀ ਹੁੰਦਾ। ਸਗੋਂ ਰੁੱਤ ਦਾ ਆਰੰਭ ਤਾਂ ਇਕ ਖਾਸ ਸਮੇਂ ਤੇ ਹੁੰਦਾ ਹੈ। ਉਨ੍ਹਾਂ ਨੂੰ ਕੋਈ ਵੀ ਸਵਾਲ ਪੁਛ ਕੇ ਵੇਖੋ, ਸਾਰੇ ਸਵਾਲਾਂ ਦਾ ਇਕ ਹੀ ਜਵਾਬ ਹੁੰਦਾ ਹੈ ਉਹ ਹੈ, "ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ"। ਭਾਵੇਂ ਇਹ ਮਰਯਾਦਾ, ਗੁਰਬਾਣੀ ਦੀ ਅਵੱਗਿਆ ਹੀ ਕਰਦੀ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ "ਰਾਮਕਲੀ ਮਹਲਾ ੫ ਰੁਤੀ ਸਲੋਕੁ" (ਪੰਨਾ 927) ਦਰਜ ਹੈ। ਇਸ ਸਲੋਕ ਵਿੱਚ 6 ਰੁੱਤਾਂ ਦਾ ਜਿਕਰ ਹੈ। ਜਿਸ ਅਨੁਸਾਰ ਬਸੰਤ ਰੁੱਤ ਚੇਤ ਅਤੇ ਵੈਸਾਖ ਮਹੀਨੇ 'ਚ ਆਉਂਦੀ ਹੈ। "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" ਅਤੇ ਮਾਘ ਅਤੇ ਫੱਗਣ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਅੱਤ ਦੀ ਸਰਦੀ, "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ"। ਪਰ ਦਰਬਾਰ ਸਾਹਿਬ ਵਿਖੇ ਮਾਘ ਅਤੇ ਫੱਗਣ ਦੇ ਮਹੀਨੇ ਬਸੰਤ ਰਾਗ ਗਾਇਆ ਜਾਂਦਾ ਹੈ। ਅਜੇਹਾ ਕਿਉ ? ਜੇ ਬਸੰਤ ਰਾਗ ਗਾਉਣਾ ਹੀ ਹੈ ਤਾਂ ਬਸੰਤ ਦੀ ਰੁੱਤ ਵਿੱਚ ਭਾਵ ਚੇਤ-ਵੈਸਾਖ ਦੇ ਮਹੀਨੇ 'ਚ ਕਿਓ ਨਹੀਂ ? ਇਸ ਸਵਾਲ ਦੇ ਜਵਾਬ ਦੀ ਭਾਲ ਵਿੱਚ, ਧਰਮ ਪ੍ਰਚਾਰ ਕਮੇਟੀ ਦੇ ਇਕ ਉਚ ਅਹੁਦੇਦਾਰ  ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਤੁਸੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਨਾਲ ਸੰਪਰਕ ਕਰੋ। ਦਿੱਤੇ ਗਏ ਨੰਬਰ ਤੇ ਜਦੋਂ ਸਿੰਘ ਸਾਹਿਬ ਨਾਲ ਸੰਪਰਕ ਨਾ ਹੋਇਆ ਤਾਂ, ਉਸੇ ਨਾਮ ਵਾਲੇ ਸਹਾਇਕ ਸਿੰਘ ਸਾਹਿਬ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਇਹ ਤਾਂ ਗੁਰੂ ਅਰਜਨ ਦੇਵ ਜੀ ਵੱਲੋ ਚਲਾਈ ਹੋਈ ਮਰਯਾਦਾ ਦੇ ਅਨੁਸਾਰ ਹੀ ਮਾਘ-ਫੱਗਣ ਵਿੱਚ ਬਸੰਤ ਰਾਗ ਦਾ ਗਾਇਨ ਕੀਤਾ ਜਾਂਦਾ ਹੈ। ਉਨ੍ਹਾਂ ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਦਾ ਹਵਾਲਾ ਦੇ ਕੇ, ਰਾਗ ਆਰੰਭ ਕਰਨ ਵੇਲੇ ਕੀਤੀ ਜਾਣ ਵਾਲੀ ਅਰਦਾਸ ਦੀਆਂ ਪੰਗਤੀਆਂ ਦਾ ਉਚਾਨ ਵੀ ਕੀਤਾ। ਜਦੋਂ ਇਹ ਸਵਾਲ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੁਤਾਬਕ ਤਾਂ ਬਸੰਤ ਦੀ ਰੁੱਤ, ਚੇਤ-ਵੈਸਾਖ ਵਿੱਚ ਆਉਦੀਂ ਹੈ ਤਾਂ ਹਿਮਕਰ ਰੁੱਤ ਭਾਵ ਮਾਘ-ਫੱਗਣ ਵਿੱਚ ਬਸੰਤ ਰਾਗ ਦੇ ਗਾਉਣ ਦੀ ਮਰਯਾਦਾ ਗੁਰੂ ਜੀ ਨੇ ਆਰੰਭ ਕੀਤੀ ਹੋਵੇਗੀ ? ਇਹ ਗੱਲ ਮੰਨਣ 'ਚ ਨਹੀਂ ਆਉਂਦੀ। ਤਾਂ ਜਵਾਬ ਮਿਲਿਆ ਕਿ ਰਾਗ ਬਾਰੇ ਮੈਨੂੰ ਜਿਆਦਾ ਜਾਣਕਾਰੀ ਨਹੀਂ ਹੈ ਤੁਸੀ ਕਿਸੇ ਰਾਗੀ ਜਥੇ ਨਾਲ ਸੰਪਰਕ ਕਰੋ।

ਉਪ੍ਰੋਕਤ ਚਰਚਾ ਤੋਂ  ਇਹ ਸੱਚ ਸਾਹਮਣੇ ਆਉਂਦਾ ਹੈ ਕਿ ਰੁੱਤਾਂ ਦਾ ਸਬੰਧ ਧਰਤੀ ਦੁਆਲੇ ਚੰਦ ਦੀ ਚਾਲ ਨਾਲ ਨਹੀਂ ਸਗੋਂ ਸੂਰਜ ਦੁਆਲੇ ਧਰਤੀ ਦੀ ਚਾਲ ਨਾਲ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੋਣ ਕਾਰਨ, ਸ਼੍ਰੋਮਣੀ ਕਮੇਟੀ ਵੱਲੋਂ ਮਾਘ ਸੁਦੀ ਪੰਚਮੀ ਨੂੰ, ਕਲਪਿਤ ਦੇਵੀ ਸਰਸਵਤੀ ਦੇ ਕਥਿਤ ਜਨਮ ਦਿਨ ਉੱਤੇ ਉਚੇਚੇ ਕੀਰਤਨ ਅਤੇ ਢਾਡੀ




ਦਰਬਾਰ ਕਰਵਾਉਣ ਨੂੰ ਕਿਸੇ ਵੀ ਦਲੀਲ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ। ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਤੇ, ਗੁਰਬਾਣੀ ਦੀ ਪਰਖ ਕਸਵੱਟੀ ਲਾਉਣ ਦੀ ਸਖ਼ਤ ਲੋੜ ਹੈ। ਬਾਣੀ ਦੀ ਪਾਵਨ ਪੰਗਤੀ "ਸੂਰਜੁ ਏਕੋ ਰੁਤਿ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ" ਤੋਂ ਵੀ ਸਾਨੂੰ ਇਹ ਹੀ ਸੇਧ ਮਿਲਦੀ ਹੈ ਕਿ ਵੱਖ-ਵੱਖ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਕਾਸ਼! ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਤੇ ਦੇ ਇਸ ਨਿਯਮ ਨੂੰ ਸਮਝ ਸਕਦੀ।

# ਪੇਂਡੂ ਓਲੰਪਿਕਸ ਕਿਲਾ ਰਾਏਪੁਰ ਦਾ 81ਵਾਂ ਖੇਡ ਮੇਲਾ ਸਮਾਪਤ

**ਡੇਹਲੋਂ/ਬਿਊਰੋ ਨਿਊਜ਼ :** ਪੇਂਡੂ ਓਲੰਪਿਕਸ ਦੇ ਨਾਮ ਨਾਲ ਜਾਣਿਆ ਜਾਂਦਾ ਕਿਲਾ ਰਾਏਪੁਰ ਦਾ 81ਵਾਂ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਇਥੇ 100 ਤੋਲੇ ਦੇ ਭਗਵੰਤ ਮੈਮੋਰੀਅਲ ਹਾਕੀ ਕੱਪ ਲਈ ਫੱਸਵੇਂ ਮੁਕਾਬਲੇ ਹੋਏ, ਉੱਥੇ ਹੀ ਕਬੱਡੀ ਮੁਕਾਬਲੇ ਵੀ ਦੇਖਣਯੋਗ ਸਨ। ਇਸ ਤੋਂ ਇਲਾਵਾ ਬਜ਼ੁਰਗਾਂ ਦੀ ਦੌੜ, ਅਥਲੈਟਿਕਸ, ਟਰੈਕਟਰ ਦੌੜ, ਘੋੜਿਆਂ ਦੀ ਦੌੜ, ਬਾਜ਼ੀਗਰਾਂ ਦੇ ਕਰਤੱਬ, ਮੋਟਰਸਾਈਕਲ ਚਾਲਕਾਂ ਦੇ ਕਰਤੱਬ ਅਤੇ ਕੁੱਤਿਆਂ ਦੀਆਂ ਦੌੜਾਂ ਵੀ ਹੋਈਆਂ। ਨਾਲ ਹੀ ਨਿਹੰਗ ਸਿੰਘਾਂ ਦੇ ਕਰਤੱਬ ਵੀ ਦੇਖਣਯੋਗ ਸਨ। ਇੱਥੇ ਗਰੇਵਾਲ ਸਪੋਰਟਸ ਸਟੇਡੀਅਮ ਵਿੱਚ ਇਨ੍ਹਾਂ ਖੇਡਾਂ ਦੇ ਸਮਾਪਤੀ ਸਮਾਰੋਹ ਵਿੱਚ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਜੇਤੂਆਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਕੈਰੋਂ ਨੇ ਕਿਹਾ ਕਿ ਇੱਕ ਖੇਡਾਂ ਰਾਹੀਂ ਹੀ ਅਸੀਂ ਨਸ਼ਿਆਂ ਦੀ ਦਲਦਲ ਵਿੱਚ ਧੱਸਦੇ ਜਾ ਰਹੇ ਨੌਜਵਾਨਾਂ ਨੂੰ ਬਚਾਅ ਸਕਦੇ ਹਾਂ ਤੇ ਖੇਡਾਂ ਆਉਣ ਵਾਲੀ ਪੀੜ੍ਹੀ ਲਈ ਵਧੀਆ ਸਮਾਜ ਸਿਰਜਣ ਵਿੱਚ ਵੀ ਸਹਾਈ ਹੋ ਸਕਦੀਆਂ ਹਨ। ਇਸ ਮੌਕੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਦੌਰਾਨ ਭਗਵੰਤ ਮੈਮੋਰੀਅਲ ਗੋਲਡ ਹਾਕੀ ਕੱਪ ਲਈ ਹੋਏ ਫੱਸਵੇਂ ਮੁਕਾਬਲੇ ਵਿੱਚ ਹਾਂਸ ਕਲਾਂ ਕਲੱਬ ਨੇ ਜਰਖੜ ਇਲੈਵਨ ਨੂੰ ਪੈਨਲਟੀ ਸ਼ੂਟਆਊਟ ਰਾਹੀਂ 5-4 ਦੇ ਫ਼ਰਕ ਨਾਲ ਹਰਾ ਕੇ ਕੱਪ 'ਤੇ ਕਬਜ਼ਾ ਕਰ ਲਿਆ। ਕਬੱਡੀ 70 ਕਿੱਲੋ ਭਾਰ ਵਰਗ ਵਿੱਚ ਹਮੀਦੀ ਦੀ ਟੀਮ ਨੇ ਪਹਿਲਾ ਅਤੇ ਚੰਨਣਵਾਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਹੋਰ ਹੋਏ ਵੱਖ ਵੱਖ ਮੁਕਾਬਲਿਆਂ ਦੌਰਾਨ ਸਵਰਨ ਸਿੰਘ ਨੇ ਢਾਈ ਕੁਇੰਟਲ ਦੀ ਬੋਰੀ ਚੁੱਕੀ, ਬਲਵੀਰ ਸਿੰਘ ਨੇ ਇੱਟਾਂ ਛਾਤੀ 'ਤੇ ਰੱਖ ਕੇ ਤੋੜੀਆਂ, ਮੁਕੰਦ ਸਿੰਘ ਮੋਗਾ ਨੇ 100 ਡੰਡ ਲਾਏ, ਲਵਪ੍ਰੀਤ ਸਿੰਘ ਨੇ ਦੋ ਬੁਲੈਟ ਮੋਟਰਸਾਈਕਲ ਬਾਹਾਂ ਨਾਲ ਰੋਕੇ, ਅੰਗਹੀਣ ਬਲਦੇਵ ਸਿੰਘ ਨੇ ਦੋਵਾਂ ਬਾਂਹਵਾਂ ਤੇ ਸਰੀਰ ਦਾ ਬੈਲੈਂਸ ਕੀਤਾ, ਪਰਮਿੰਦਰ ਸਿੰਘ ਨੇ ਦੰਦਾਂ ਨਾਲ 27 ਇੱਟਾਂ ਚੁੱਕੀਆਂ, ਅੰਗਰੇਜ਼ ਸਿੰਘ, ਮਨਜਿੰਦਰ ਸਿੰਘ ਅਤੇ ਅਰਜਨ ਸਿੰਘ ਇੱਕ 14 ਇੰਚ ਦੇ ਰਿੰਗ ਵਿਚੋਂ ਨਿਕਲੇ, 15 ਸਾਲਾ ਵਿਸ਼ਾਲ ਨੇ ਦੰਦਾਂ ਨਾਲ ਪੰਜ ਇੱਟਾਂ ਚੁੱਕੀਆਂ, ਸੋਨੂੰ ਨੇ ਮੋਟਰਸਾਈਕਲ ਦੰਦਾਂ ਨਾਲ ਖਿੱਚਿਆ, ਸਲਵਿੰਦਰ ਸਿੰਘ ਨੇ ਦੰਦਾਂ ਨਾਲ ਹਲ ਚੁੱਕਿਆ, ਅੰਗਹੀਣ ਨਰਿੰਦਰ ਸਿੰਘ ਨੇ ਟਰੈਕ ਦੇ 10 ਚੱਕਰ ਲਗਾਏ ਅਤੇ ਸਿਕੰਦਰ ਸਿੰਘ ਨੇ 250 ਡੰਡ ਲਾਏ। ਅਥਲੈਟਿਕਸ  ਦੇ ਹੋਏ ਵੱਖ ਵੱਖ ਮੁਕਾਬਲਿਆਂ ਦੌਰਾਨ ਉੱਚੀ ਛਾਲ ਲੜਕਿਆਂ ਦੇ ਮੁਕਾਬਲੇ ਵਿੱਚ ਲਵਪ੍ਰੀਤ ਸਿੰਘ ਨੇ ਪਹਿਲਾ, ਰਜਤ ਨੇ ਦੂਸਰਾ ਤੇ ਅਰਸ਼ਦੀਪ ਸਿੰਘ ਨੇ ਤੀਸਰਾ ਇਨਾਮ ਜਿੱਤਿਆ। ਉੱਚੀ ਛਾਲ ਲੜਕੀਆਂ ਦੇ ਮੁਕਾਬਲੇ ਵਿਚ ਜਯੋਤੀ ਨੇ ਪਹਿਲਾ, ਰਿਤੂ ਨੇ ਦੂਸਰਾ, ਖੁਸ਼ਪ੍ਰੀਤ ਨੇ ਤੀਸਰਾ ਸਥਾਨ ਹਾਸਲ ਕੀਤਾ। 200 ਮੀਟਰ ਲੜਕਿਆਂ ਦੇ ਮੁਕਾਬਲੇ ਵਿਚ ਰਘਵੀਰ ਸਿੰਘ ਜਲੰਧਰ ਨੇ ਪਹਿਲਾ, ਜਤਿੰਦਰਪਾਲ ਸਿੰਘ ਫ਼ਤਹਿਗੜ੍ਹ ਸਾਹਿਬ ਨੇ ਦੂਸਰਾ ਤੇ ਅਰਸ਼ਦੀਪ ਸਿੰਘ ਪਟਿਆਲਾ ਨੇ ਤੀਸਰਾ ਸਥਾਨ ਹਾਸਲ ਕੀਤਾ। 75 ਸਾਲ ਤੋਂ 80 ਸਾਲ ਉਮਰ ਵਰਗ ਦੀ ਸੌ ਮੀਟਰ ਦੌੜ ਵਿੱਚ ਛੱਜੂ ਰਾਮ ਧਨੌਲਾ ਨੇ ਪਹਿਲਾ, ਸਕੱਤਰ ਸਿੰਘ ਤਰਨ ਤਾਰਨ ਨੇ ਦੂਸਰਾ ਤੇ ਤੇਜਾ ਸਿੰਘ ਫੱਲੇਵਾਲ ਨੇ ਤੀਸਰਾ ਸਥਾਨ ਹਾਸਲ ਕੀਤਾ। 80 ਤੋਂ 90 ਸਾਲ ਦੇ ਬਜ਼ੁਰਗਾਂ ਦੀ ਦੌੜ ਵਿੱਚੋਂ ਨਛੱਤਰ ਸਿੰਘ ਖੰਨਾ ਨੇ  ਪਹਿਲਾ, ਤੇਜਾ ਸਿੰਘ ਫੱਲੇਵਾਲ ਨੇ ਦੂਸਰਾ, ਨਛੱਤਰ ਸਿੰਘ ਮਨਸੂਰਾਂ ਨੇ ਤੀਸਰਾ ਸਥਾਨ ਹਾਸਲ ਕੀਤਾ।



## ਧੋਨੀ ਕੋਲੋਂ ਰਾਈਜ਼ਿੰਗ ਪੁਣੇ ਦੀ ਕਪਤਾਨੀ ਖੁੱਸੀ

**ਕੋਲਕਾਤਾ/ਬਿਊਰੋ ਨਿਊਜ਼ :**

ਮਹਿੰਦਰ ਸਿੰਘ ਧੋਨੀ ਨੂੰ ਆਈਪੀਐਲ ਫਰੈਂਚਾਇਜ਼ੀ ਰਾਈਜ਼ਿੰਗ ਪੁਣੇ ਸੁਪਰਜਾਇੰਟਸ ਦੇ ਕਪਤਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ 'ਤੇ ਆਸਟਰੇਲਿਆਈ ਟੀਮ ਦੇ ਕਪਤਾਨ 27 ਸਾਲਾ ਸਟੀਵ ਸਮਿੱਥ ਨੂੰ ਟੀਮ ਦੀ ਕਪਤਾਨੀ ਸੌਂਪੀ ਗਈ ਹੈ। ਇਸ ਤਰ੍ਹਾਂ ਧੋਨੀ ਦੀ ਕੌਮਾਂਤਰੀ ਤੇ ਫਰੈਂਚਾਇਜ਼ੀ ਕ੍ਰਿਕਟ ਦੋਵਾਂ ਤੋਂ ਕਪਤਾਨੀ ਵਜੋਂ ਪਾਰੀ ਸਮਾਪਤ ਹੋ ਗਈ ਹੈ। ਧੋਨੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਭਾਰਤ ਦੀ ਸੀਮਿਤ ਓਵਰਾਂ ਦੀ ਟੀਮ ਦੀ ਕਪਤਾਨੀ ਛੱਡ ਦਿੱਤੀ ਸੀ ਪਰ ਉਹ ਟੀਮ ਵਿੱਚ ਅਜੇ ਕਾਇਮ ਹੈ। ਇਸੇ ਤਰ੍ਹਾਂ ਉਹ ਪੁਣੇ ਫਰੈਂਚਾਇਜ਼ੀ ਵੱਲੋਂ ਇਕ ਖਿਡਾਰੀ ਦੇ ਰੂਪ ਵਿੱਚ ਖੇਡਦਾ ਰਹੇਗਾ। ਰਾਈਜ਼ਿੰਗ ਪੁਣੇ ਦੇ ਮਾਲਕ ਸੰਜੀਵ ਗੋਇੰਕਾ ਨੇ ਕਿਹਾ ਕਿ ਧੋਨੀ ਨੇ ਅਸਤੀਫਾ ਨਹੀਂ ਦਿੱਤਾ ਬਲਕਿ ਉਨ੍ਹਾਂ ਨੇ ਆਗਾਮੀ ਸੈਸ਼ਨ ਲਈ ਸਟੀਵ ਸਮਿੱਥ ਨੂੰ ਕਪਤਾਨ ਨਿਯੁਕਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪਿਛਲਾ ਸੈਸ਼ਨ ਉਨ੍ਹਾਂ ਲਈ ਚੰਗਾ ਨਹੀਂ ਰਿਹਾ, ਇਸ ਵਾਸਤੇ ਉਹ ਚਾਹੁੰਦੇ ਸਨ ਕਿ ਕੋਈ ਨੌਜਵਾਨ ਖਿਡਾਰੀ ਟੀਮ ਦੀ ਅਗਵਾਈ ਕਰੇ ਅਤੇ ਉਨ੍ਹਾਂ ਨੇ ਆਗਾਮੀ ਸੈਸ਼ਨ ਤੋਂ ਪਹਿਲਾਂ ਟੀਮ ਵਿੱਚ ਬਦਲਾਅ ਕਰ ਦਿੱਤੇ। ਇਹ ਪਹਿਲਾ ਮੌਕਾ ਹੈ ਜਦੋਂ ਕ੍ਰਿਕਟ ਦੇ ਸਾਰੇ ਰੂਪਾਂ ਤੋਂ ਭਾਰਤੀ ਟੀਮ ਦੀ ਕਪਤਾਨੀ ਛੱਡਣ ਵਾਲੇ ਧੋਨੀ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਗਿਆ ਹੈ।

## ਗਾਂਧੀ ਭੈਣ-ਭਰਾ ਨੇ ਮੋਦੀ ਨੂੰ ਘੇਰਿਆ

### ਕਿਹਾ-ਉੱਤਰ ਪ੍ਰਦੇਸ਼ ਨੂੰ ਗੋਦ ਲਏ ਪੁੱਤ ਦੀ ਲੋੜ ਨਹੀਂ

**ਰਾਏ ਬਰੇਲੀ (ਉੱਤਰ ਪ੍ਰਦੇਸ਼)/ਬਿਊਰੋ ਨਿਊਜ਼ :** ਕਾਂਗਰਸ ਉੱਪ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਉੱਤਰ ਪ੍ਰਦੇਸ਼ ਦੇ ਗੋਦ ਲਏ ਬੇਟੇ' ਸਬੰਧੀ ਦਿੱਤੇ ਬਿਆਨ ਨੂੰ ਲੈ ਕੇ ਉਨ੍ਹਾਂ 'ਤੇ ਹਮਲਾ ਕਰਦਿਆਂ ਕਿਹਾ ਕਿ ਰਿਸ਼ਤਾ ਸਿਰਫ਼ ਬੋਲਣ ਨਾਲ ਨਹੀਂ ਬਣਦਾ ਸਗੋਂ ਇਹ ਨਿਭਾਉਣ ਨਾਲ ਬਣਦਾ ਹੈ। ਆਪਣੀ ਭੈਣ ਤੇ ਪਾਰਟੀ ਦੀ ਸਟਾਰ ਪ੍ਰਚਾਰਕ ਪ੍ਰਿਅੰਕਾ ਗਾਂਧੀ ਨਾਲ ਇਥੇ ਪੁੱਜੇ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਮੋਦੀ ਨੇ ਲੋਕਾਂ ਨਾਲ ਖੋਖਲੇ ਵਾਅਦੇ ਕੀਤੇ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਲੋਕ ਸਭਾ ਹਲਕੇ ਵਿਚ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਜਿਥੇ ਵੀ ਜਾਂਦੇ ਹਨ ਰਿਸ਼ਤੇ ਬਣਾਉਂਦੇ ਹਨ। ਉਹ ਵਾਰਾਨਸੀ ਗਏ ਤੇ ਗੰਗਾ ਨੂੰ ਆਪਣੀ ਮਾਂ ਦੱਸਿਆ ਤੇ ਕਿਹਾ ਕਿ ਉਹ ਵਾਰਾਨਸੀ ਦੇ ਪੁੱਤਰ ਹਨ। 2014 ਵਿਚ ਉਨ੍ਹਾਂ ਵਾਰਾਨਸੀ ਨੂੰ ਬਦਲਣ ਦਾ ਵਾਅਦਾ ਵੀ ਕੀਤਾ ਸੀ। ਉਨ੍ਹਾਂ ਕਿਹਾ ਮੋਦੀ ਜੀ ਰਿਸ਼ਤੇ ਬੋਲਣ ਨਾਲ ਨਹੀਂ ਨਿਭਾਉਣ ਨਾਲ ਬਣਦੇ ਹਨ।



ਰਾਹੁਲ ਨੇ ਕਿਹਾ ਕਿ ਮੋਦੀ ਜੀ ਤੁਸੀਂ ਆਪਣੀ ਮਾਂ ਨਾਲ ਕੀਤਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼ਾਹਰੁਖ਼ ਖ਼ਾਨ ਦੀ ਤਰ੍ਹਾਂ ਮੋਦੀ ਜੀ ਵੀ ਫ਼ਿਲਮ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਬਣਾਉਂਦੇ ਹਨ ਅਤੇ 'ਅੱਛੇ ਦਿਨਾਂ' ਦਾ ਵਾਅਦਾ ਕਰਦੇ ਹਨ ਪਰ ਢਾਈ ਸਾਲ ਬਾਅਦ 'ਸ਼ੋਅਲੇ' ਫ਼ਿਲਮ ਦਾ ਗੱਬਰ ਆ ਜਾਂਦਾ ਹੈ। ਰਾਹੁਲ ਨੇ ਕਿਹਾ ਕਿ ਨੋਟਬੰਦੀ ਦੌਰਾਨ ਵੀ ਅਮੀਰ ਲੋਕ ਲਾਈਨਾਂ ਵਿਚ ਨਹੀਂ ਲੱਗੇ ਸਗੋਂ ਗਰੀਬ ਲੋਕਾਂ ਨੂੰ ਮੁਸ਼ਕਲਾਂ ਆਈਆਂ। ਪ੍ਰਿਅੰਕਾ ਗਾਂਧੀ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਆਪਣੇ ਪਹਿਲੇ ਭਾਸ਼ਣ ਵਿਚ ਮੋਦੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸੂਬੇ ਨੂੰ ਕਿਸੇ ਬਾਹਰੀ ਆਗੂ ਦੀ ਲੋੜ ਨਹੀਂ ਹੈ ਕਿਉਂਕਿ ਇਸ ਕੋਲ ਆਪਣੇ ਪੁੱਤਰ ਹਨ। ਉਨ੍ਹਾਂ ਰੈਲੀ ਦੌਰਾਨ ਲੋਕਾਂ ਨੂੰ ਪੁੱਛਿਆ ਕਿ ਕੀ ਸੂਬੇ ਨੂੰ ਗੋਦ ਲਏ ਬੇਟੇ ਦੀ ਲੋੜ ਹੈ? ਕੀ ਇਥੇ ਨੌਜਵਾਨ ਨਹੀਂ ਹਨ? ਤੁਹਾਡੇ ਕੋਲ ਰਾਹੁਲ ਤੇ ਅਖਿਲੇਸ਼ ਵਰਗੇ ਨੌਜਵਾਨ ਹਨ। ਉਨ੍ਹਾਂ ਕਿਹਾ ਕਿ ਸੂਬੇ ਦਾ ਹਰ ਨੌਜਵਾਨ ਆਗੂ ਬਣ ਸਕਦਾ ਹੈ। ਹਰੇਕ ਨੌਜਵਾਨ ਯੂ.ਪੀ. ਦੇ ਵਿਕਾਸ ਲਈ ਕੰਮ ਕਰੇਗਾ। ਇਸ ਮੌਕੇ ਉਨ੍ਹਾਂ ਗਠਜੋੜ ਦੀ ਜਿੱਤ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ।

## ਭਾਰੀ ਹੰਗਾਮੇ ਮਗਰੋਂ ਪਲਾਨੀਸਵਾਮੀ ਨੇ ਬਹੁਮੱਤ ਸਿੱਧ ਕੀਤਾ

### ਪਲਾਨੀਸਵਾਮੀ ਧੜੇ ਨੂੰ 122 ਵੋਟਾਂ ਤੇ ਪਨੀਰਸੇਲਵਮ ਧੜੇ ਨੂੰ ਮਹਿਜ਼ 11 ਵੋਟਾਂ ਮਿਲੀਆਂ

**ਚੇਨੱਈ/ਬਿਊਰੋ ਨਿਊਜ਼ :** ਤਾਮਿਲ ਨਾਡੂ ਵਿੱਚ ਮੁੱਖ ਮੰਤਰੀ ਦੀ ਕੁਰਸੀ ਲਈ ਚੱਲ ਰਹੀ ਕਸ਼ਮਕਸ਼ ਸ਼ਸ਼ੀਕਲਾ ਧੜੇ ਨਾਲ ਸਬੰਧਤ ਈ. ਪਲਾਨੀਸਵਾਮੀ ਵੱਲੋਂ ਭਰੋਸੇ ਦਾ ਮੱਤ ਹਾਸਲ ਕਰਨ ਨਾਲ ਖ਼ਤਮ ਹੋ ਗਈ। ਅੰਨਾ ਡੀਐਮਕੇ ਦੇ ਪਲਾਨੀਸਵਾਮੀ ਨੇ ਮੁੱਖ ਵਿਰੋਧੀ ਧਿਰ ਡੀਐਮਕੇ ਦੀ ਗ਼ੈਰਹਾਜ਼ਰੀ ਵਿੱਚ 122-11 ਦੇ ਅੰਕੜੇ ਨਾਲ ਬਹੁਮੱਤ ਹਾਸਲ ਕਰ ਲਿਆ। ਤਾਮਿਲ ਨਾਡੂ ਦੀ 234 ਮੈਂਬਰੀ ਵਿਧਾਨ ਸਭਾ ਵਿੱਚ ਡੀਐਮਕੇ ਕੋਲ 98 ਵਿਧਾਇਕ ਸਨ ਜਿਨ੍ਹਾਂ ਨੂੰ ਸਦਨ ਵਿੱਚ ਪਾਏ ਰੌਲੇ ਰੱਪੇ ਮਗਰੋਂ ਸਪੀਕਰ ਨੇ ਬਾਹਰ ਦਾ ਰਾਹ ਵਿਖਾ ਦਿੱਤਾ ਸੀ। ਉਧਰ ਸਾਬਕਾ ਮੁੱਖ ਮੰਤਰੀ ਪਨੀਰਸੇਲਵਮ ਧੜਾ ਆਪਣੇ ਹੱਕ ਵਿੱਚ 11 ਵੋਟਾਂ ਹੀ ਭੁਗਤਾ ਸਕਿਆ। ਰਾਜਪਾਲ ਵਿਦਿਆਸਾਗਰ ਰਾਓ ਨੇ ਬੀਤੇ ਦਿਨ ਪਲਾਨੀਸਵਾਮੀ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਉਂਦਿਆਂ 15 ਦਿਨਾਂ ਦੇ ਅੰਦਰ ਆਪਣਾ ਬਹੁਮੱਤ ਸਾਬਤ ਕਰਨ ਲਈ ਕਿਹਾ ਸੀ। ਬਹੁਮੱਤ ਸਾਬਤ ਕਰਨ ਲਈ ਜੁੜੇ ਸਦਨ ਨੂੰ ਡੀਐਮਕੇ ਮੈਂਬਰਾਂ ਵੱਲੋਂ ਪਾਏ ਰੌਲੇ-ਰੱਪੇ ਤੇ ਸੱਤਾਧਾਰੀ ਵਿਧਾਇਕਾਂ ਨਾਲ ਕੀਤੀ ਖਿੱਚਧੂਹ ਕਰਕੇ ਦੋ ਵਾਰ ਮੁਲਤਵੀ ਕਰਨਾ ਪਿਆ। ਸਪੀਕਰ ਪੀ.ਧਨਪਾਲ ਤੇ ਵਿਰੋਧੀ ਧਿਰ ਦੇ ਆਗੂ ਐਮ.ਕੇ. ਸਟਾਲਿਨ ਨੇ ਰੌਲੇ ਦੌਰਾਨ ਉਨ੍ਹਾਂ ਦੀਆਂ ਕਮੀਜ਼ਾਂ ਪਾੜੇ ਜਾਣ ਦਾ ਦਾਅਵਾ ਕੀਤਾ ਹੈ। ਉਂਜ ਪਿਛਲੇ ਤਿੰਨ ਦਹਾਕਿਆਂ ਵਿਚ ਤਾਮਿਲ ਨਾਡੂ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਮੁੱਖ ਮੰਤਰੀ ਨੂੰ ਬਹੁਮੱਤ ਸਾਬਤ ਕਰਨਾ ਪਿਆ ਹੈ। ਇਸ ਤੋਂ ਪਹਿਲਾਂ ਜਦੋਂ ਬਹੁਮੱਤ ਸਾਬਤ ਕਰਨ ਲਈ ਅਸੈਂਬਲੀ ਜੁੜੀ ਤਾਂ ਸਪੀਕਰ ਪੀ. ਧਨਪਾਲ ਨੇ ਸਾਰੇ ਮੈਂਬਰਾਂ ਨੂੰ ਲੋੜੀਂਦੀ ਸੁਰੱਖਿਆ ਦੇਣ ਦਾ ਭਰੋਸਾ ਦਿੱਤਾ। ਇਸ ਦੌਰਾਨ ਡੀਐਮਕੇ ਮੈਂਬਰਾਂ ਤੇ ਪਨੀਰਸੇਲਵਮ ਧੜੇ ਵੱਲੋਂ ਭਰੋਸੇ ਦਾ ਮੱਤ ਹਾਸਲ ਕਰਨ ਲਈ ਕੀਤੀ ਗੁਪਤ ਮਤਦਾਨ ਦੀ ਮੰਗ ਨਾਲ ਅਸੈਂਬਲੀ ਵਿਚ ਰੌਲਾ ਪੈ ਗਿਆ। ਡੀਐਮਕੇ ਨੇ ਮੰਗ ਕੀਤੀ ਕਿ ਵਿਧਾਇਕਾਂ ਨੂੰ ਵੋਟ ਪਾਉਣ ਤੋਂ ਪਹਿਲਾਂ ਆਪੋ ਆਪਣੇ ਹਲਕੇ ਦੇ ਲੋਕਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ। ਸਪੀਕਰ ਨੇ ਵਿਰੋਧੀ ਧਿਰ ਦੀ ਇਸ ਮੰਗ ਨੂੰ ਸਿਰੇ ਤੋਂ ਨਕਾਰ ਦਿੱਤਾ। ਇਸ ਮਗਰੋਂ ਗੁੱਸੇ ਵਿੱਚ ਆਏ ਡੀਐਮਕੇ ਵਿਧਾਇਕਾਂ ਤੇ ਉਨ੍ਹਾਂ ਦੇ ਭਾਈਵਾਲਾਂ ਨੇ ਸਦਨ ਵਿੱਚ ਲੱਗੇ ਮਾਈਕ ਪੁੱਟ ਸੁੱਟੇ ਤੇ ਕੁਰਸੀਆਂ ਉਛਾਲੀਆਂ। ਉਨ੍ਹਾਂ ਉਥੇ ਪਏ ਕੁਝ ਦਸਤਾਵੇਜ਼ਾਂ ਨੂੰ ਵੀ ਪਾੜ ਸੁੱਟਿਆ। ਅਸੈਂਬਲੀ ਜੰਗ ਦਾ ਅਖਾੜਾ ਬਣ ਗਈ ਤੇ ਵਿਧਾਇਕਾਂ ਨੇ ਸਪੀਕਰ ਪੀ. ਧਨਪਾਲ ਨਾਲ ਧੱਕਾਮੁੱਕੀ ਵੀ ਕੀਤੀ। ਜਦੋਂ ਮਾਰਸ਼ਲਾਂ ਨੇ ਡੀਐਮਕੇ ਮੈਂਬਰਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਪਾਰਟੀ ਆਗੂ ਐਮ.ਕੇ. ਸਟਾਲਿਨ ਨੇ 'ਖੁਦਕੁਸ਼ੀ' ਕਰਨ ਦੀ ਚੇਤਾਵਨੀ ਦਿੱਤੀ। ਸਪੀਕਰ ਨਾਲ ਧੱਕਾਮੁੱਕੀ ਮਗਰੋਂ ਉਥੇ ਮੌਜੂਦ ਮਾਰਸ਼ਲ ਉਨ੍ਹਾਂ ਨੂੰ ਘੇਰਾ ਪਾ ਕੇ ਸਦਨ ਵਿਚੋਂ ਬਾਹਰ ਲੈ ਗਏ। ਇਸ ਹੱਥੋਪਾਈ ਵਿੱਚ ਸਪੀਕਰ ਤੇ ਸਟਾਲਿਨ ਦੋਵਾਂ ਦੀਆਂ ਕਮੀਜ਼ਾਂ ਪਾਟ ਗਈਆਂ। ਸਪੀਕਰ ਨੇ ਰੌਲੇ ਰੱਪੇ ਤੋਂ ਬਾਅਦ ਸਦਨ ਨੂੰ ਦੂਜੀ ਵਾਰ ਮੁਲਤਵੀ ਕਰਦਿਆਂ ਡੀਐਮਕੇ ਮੈਂਬਰਾਂ ਨੂੰ ਸਦਨ ਵਿਚੋਂ ਬਾਹਰ ਕਰ ਦਿੱਤਾ। ਉਂਜ ਇਸ ਸਾਰੇ ਰੌਲੇ ਰੱਪੇ ਦੌਰਾਨ ਡੀਐਮਕੇ ਮੁਖੀ ਐਮ. ਕਰੁਨਾਨਿਧੀ ਸਾਰੇ ਅਮਲ ਤੋਂ ਦੂਰ ਰਹੇ। ਤਿੰਨ ਵਜੇ ਜਦੋਂ ਸਦਨ ਮੁੜ ਜੁੜਿਆ ਤਾਂ ਸਪੀਕਰ ਨੇ ਪਨੀਰਸੇਲਵਮ, ਕਾਂਗਰਸ ਵਿਧਾਇਕ ਦਲ ਦੇ ਆਗੂ ਕੇ.ਆਰ.ਰਾਮਾਸਾਮੀ ਤੇ ਆਈਯੂਐਮਐਲ ਮੈਂਬਰ ਅਬੂਬਾਕਰ ਨੂੰ ਵੋਟਿੰਗ ਤੋਂ ਪਹਿਲਾਂ ਸੰਖੇਪ ਵਿਚ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ। ਇਸ ਮਗਰੋਂ ਹੋਈ ਜ਼ੁਬਾਨੀ ਵੋਟਿੰਗ ਦੌਰਾਨ 122 ਵੋਟਾਂ ਪਲਾਨੀਸਵਾਮੀ ਦੇ ਹੱਕ ਵਿਚ ਜਦਕਿ 11 ਵੋਟਾਂ ਵਿਰੋਧ ਵਿਚ ਭੁਗਤੀਆਂ। ਅੰਨਾਡੀਐਮਕੇ ਮੈਂਬਰਾਂ ਨੇ ਸਪੀਕਰ ਵੱਲੋਂ ਕੀਤੇ ਐਲਾਨ ਦਾ ਬੈਂਚ ਥਪਥਪਾ ਕੇ ਸਵਾਗਤ ਕੀਤਾ। ਨਤੀਜੇ ਦੇ ਐਲਾਨ ਤੋਂ ਫੌਰੀ ਬਾਅਦ ਪਨੀਰਸੇਲਵਮ ਤੇ ਉਨ੍ਹਾਂ ਦੇ ਹਮਾਇਤੀ ਸਦਨ ਉੱਠ ਕੇ ਚਲੇ ਗਏ।



## ਮੋਦੀ-ਬਾਦਲ ਦੀ ਮਿਲਣੀ 'ਤੇ ਪ੍ਰਧਾਨ ਮੰਤਰੀ ਦਫ਼ਤਰ ਨੇ ਪਾਇਆ ਪਰਦਾ

**ਬਠਿੰਡਾ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਦਫ਼ਤਰ ਨੇ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਮਿਲਣੀ ਦਾ ਭੇਤ 'ਜੱਗ ਜ਼ਾਹਰ' ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਵਲੋਂ ਹਾਸਲ ਅੰਕੜਿਆਂ ਅਨੁਸਾਰ ਪ੍ਰਧਾਨ ਮੰਤਰੀ ਦਫ਼ਤਰ ਨੇ ਇਹ ਦੱਸਣ ਤੋਂ ਪਾਸਾ ਵੱਟ ਲਿਆ ਹੈ ਕਿ ਲੰਘੇ ਵਰ੍ਹਿਆਂ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਕਿੰਨੀ ਦਫ਼ਾ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਸਮਾਂ ਮੰਗਿਆ ਗਿਆ। ਕਿੰਨੀ ਦਫ਼ਾ ਮੁੱਖ ਮੰਤਰੀ ਪੰਜਾਬ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਕੀਤੀ। ਆਰਟੀਆਈ ਦਰਖ਼ਾਸਤ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਤੋਂ ਸੂਚਨਾ ਮੰਗੀ ਗਈ ਕਿ ਮੁੱਖ ਮੰਤਰੀ ਪੰਜਾਬ ਨੇ ਕਿੰਨੀ ਦਫ਼ਾ ਪ੍ਰਧਾਨ ਮੰਤਰੀ ਨਾਲ ਕਿੰਨਾ ਕਿੰਨਾ ਸਮਾਂ ਮਿਲਣੀ ਕੀਤੀ ਹੈ ਅਤੇ ਇਸ ਮਿਲਣੀ ਵਿੱਚ ਕਿਹੜੇ ਕਿਹੜੇ ਏਜੰਡੇ ਵਿਚਾਰੇ ਗਏ ਹਨ। ਪ੍ਰਧਾਨ ਮੰਤਰੀ ਦਫ਼ਤਰ ਨੇ ਆਰਟੀਆਈ ਦੇ ਪੱਤਰ ਦੇ ਜੁਆਬ ਵਿੱਚ (ਬਾਕੀ ਸਫ਼ਾ 33 'ਤੇ)



## 'ਹਰੀਕੇ ਵਾਟਰ ਕਰੂਜ਼' ਨੇ ਸੁਖਬੀਰ ਬਾਦਲ ਨੂੰ ਝਾਟੀ ਦੇ ਕੇ ਗੋਆ ਦੀ ਟਿਕਟ ਕਟਾਈ

**ਹਰੀਕੇ ਪੱਤਣ/ਬਿਊਰੋ ਨਿਊਜ਼ :** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੀ ਜਲ ਬੱਸ 'ਹਰੀਕੇ ਵਾਟਰ ਕਰੂਜ਼' ਨੇ ਸੁਖਬੀਰ ਬਾਦਲ ਨੂੰ ਇਕ ਵਾਰ ਝਾਟੀ ਦੇ ਕੇ ਤੇ ਮਹੀਨਾ ਭਰ ਗੈਰਾਜ ਦਾ ਸ਼ਿੰਗਾਰ ਹੋਣ ਮਗਰੋਂ ਹੁਣ ਰਾਤੋ-ਰਾਤ ਗੋਆ ਵੱਲ ਚਾਲੇ ਪਾ ਦਿੱਤੇ ਹਨ। ਜ਼ਿਕਰਯੋਗ ਹੈ ਕਿ ਤਰਨ ਤਾਰਨ ਜ਼ਿਲ੍ਹੇ ਦੇ ਕਸਬਾ ਹਰੀਕੇ ਵਿਖੇ ਬਿਆਸ ਤੇ ਸਤਲੁਜ ਦਰਿਆ 'ਤੇ ਬਣੀ ਹਰੀਕੇ ਝੀਲ ਵਿਚ ਜਲ ਬੱਸ ਨੂੰ ਚਲਾਉਣ ਦਾ ਸੁਖਬੀਰ ਸਿੰਘ ਬਾਦਲ ਦਾ ਸੁਪਨਾ ਸ਼ੁਰੂ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ ਤੇ ਇਹ ਪ੍ਰੋਜੈਕਟ ਪ੍ਰਿੰਟ, ਇਲੈਕਟ੍ਰੌਨਿਕ ਤੇ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਰਿਹਾ। ਉਪ ਮੁੱਖ ਮੰਤਰੀ ਵੱਲੋਂ ਇਸ ਪ੍ਰੋਜੈਕਟ ਦਾ 12 ਦਸੰਬਰ 2016 ਨੂੰ ਜਲਦਬਾਜ਼ੀ ਵਿਚ ਉਦਘਾਟਨ ਕਰਨ ਤੋਂ ਬਾਅਦ ਜਲ ਬੱਸ ਦਾ ਡਿਜ਼ਾਈਨ ਵੀ ਮਜ਼ਾਕ ਦਾ ਪਾਤਰ ਬਣ ਕੇ ਰਹਿ ਗਿਆ। ਇਸ ਤੋਂ ਬਾਅਦ ਇਹ ਜਲ ਬੱਸ ਪ੍ਰੋਜੈਕਟ ਉਸ ਵੇਲੇ ਵਿਰੋਧੀਆਂ ਦੇ ਹੋਰ ਨਿਸ਼ਾਨੇ 'ਤੇ ਆ ਗਿਆ ਜਦੋਂ ਸੁਖਬੀਰ ਨੂੰ ਝੀਲ ਵਿਚ ਝੂਟਾ ਦੇਣ ਤੋਂ ਬਾਅਦ ਇਹ ਜਲ ਬੱਸ ਗੈਰਾਜ ਦਾ ਸ਼ਿੰਗਾਰ ਬਣ ਕੇ ਰਹਿ ਗਈ ਤੇ ਜਲ ਬੱਸ 'ਤੇ ਝੂਟਾ ਲੈਣ ਲਈ ਆਉਂਦੇ ਸੈਲਾਨੀ ਵਾਪਸ ਨਿਰਾਸ਼ ਹੋ ਕੇ ਪਰਤਦੇ ਰਹੇ ਜਦਕਿ ਜਲ ਬੱਸ ਦੋ ਮਹੀਨੇ ਤੋਂ ਗੈਰਾਜ ਦੀ ਸ਼ੋਭਾ ਹੀ ਵਧਾਉਂਦੀ ਰਹੀ। ਹੁਣ ਸੈਰ ਸਪਾਟਾ ਵਿਭਾਗ ਆਪਣੀਆਂ ਖਾਮੀਆਂ ਨੂੰ ਛੁਪਾਉਣ ਲਈ ਰਾਤ ਦੇ ਹਨੇਰੇ ਦਾ ਫਾਇਦਾ ਲੈ ਰਿਹਾ ਹੈ, ਜਿਸ ਤਹਿਤ ਬੀਤੀ 13 ਫਰਵਰੀ ਦੀ ਰਾਤ ਕਰੀਬ 11.30 ਵਜੇ ਆਈ ਦੂਸਰੀ ਨਵੀਂ ਜਲ ਬੱਸ ਹਰੀਕੇ ਹੈੱਡ ਵਰਕਸ 'ਤੇ ਬਣੇ ਗੈਰਾਜ ਵਿਚ ਚੁੱਪ ਚੁਪੀਤੇ ਲਿਆ ਖਿਲਾਰੀ ਤੇ ਗੈਰਾਜ ਦਾ ਸ਼ਟਰ ਬੰਦ ਕਰਕੇ ਨਵੀਂ ਬੱਸ ਦੀ ਭਿਣਕ ਕਿਸੇ ਨੂੰ ਨਹੀਂ ਲੱਗਣ ਦਿੱਤੀ ਜਦਕਿ ਬੀਤੀ ਦੇਰ ਰਾਤ 1 ਵਜੇ ਦੇ ਕਰੀਬ ਪਹਿਲੀ ਜਲ ਬੱਸ, ਜਿਸ ਨੂੰ 'ਹਰੀਕੇ ਵਾਟਰ ਕਰੂਜ਼' ਦਾ ਨਾਮ ਦਿੱਤਾ ਗਿਆ ਸੀ, ਦੀ ਸੈਰ ਸਪਾਟਾ ਵਿਭਾਗ ਨੇ ਵਾਪਸੀ ਦੀ ਟਿਕਟ ਕਟਵਾ ਦਿੱਤੀ ਤੇ ਰਾਤ ਦੇ ਹਨੇਰੇ ਵਿਚ ਵਿਭਾਗ ਦੇ 10-15 ਕਰਮਚਾਰੀਆਂ ਨੇ ਪੁਰਾਣੀ ਬੱਸ ਨੂੰ ਟਰਾਲੇ 'ਤੇ ਲੱਦ ਕੇ ਟਰਾਲੇ ਦੇ ਡਰਾਈਵਰ ਨੂੰ ਜਲਦ ਤੋਂ ਜਲਦ ਟਰਾਲਾ ਹਰੀਕੇ ਦੀ ਸੀਮਾ ਤੋਂ ਬਾਹਰ ਲੈ ਜਾਣ ਦਾ ਹੁਕਮ ਦਿੱਤਾ, ਪਰ ਟਰੱਕ ਡਰਾਈਵਰ ਕੋਲ ਟਰੱਕ ਵਿਚ ਪਾਉਣ ਲਈ ਡੀਜ਼ਲ ਦਾ ਖ਼ਰਚਾ ਤੇ ਵਾਪਸ ਭੇਜੀ ਜਾ ਰਹੀ ਬੱਸ ਦੇ ਕਾਗਜ਼ਾਤ ਨਾ ਹੋਣ ਕਾਰਨ ਟਰੱਕ ਡਰਾਈਵਰ ਨੇ ਟਰਾਲੇ ਨੂੰ ਹਰੀਕੇ ਤੋਂ ਕਈ ਕਿਲੋਮੀਟਰ ਦੂਰ ਲਿਜਾ ਕੇ ਖੜ੍ਹਾ ਕਰ ਛੱਡਿਆ ਤੇ ਦਿਨ ਚੜ੍ਹਨ ਉਪਰੰਤ ਉਸ ਨੂੰ ਖ਼ਰਚਾ ਤੇ ਕਾਗਜ਼ਾਤ ਦੇਣ ਉਪਰੰਤ ਹੀ ਟਰਾਲਾ ਬੱਸ ਨੂੰ ਲੈ ਕੇ ਵਾਪਸ ਗੋਆ ਲਈ ਰਵਾਨਾ ਹੋਇਆ। ਵਿਭਾਗ ਵੱਲੋਂ ਪੁਰਾਣੀ ਬੱਸ ਨੂੰ ਚੁਪ ਚੁਪੀਤੇ ਰਾਤ ਦੇ ਹਨੇਰੇ ਵਿਚ ਵਾਪਸ ਭੇਜਣਾ ਕਈ ਸਵਾਲ ਖੜ੍ਹੇ ਕਰਦਾ ਹੈ। ਇਹ ਗੱਲ ਸਮਝ ਤੋਂ ਪਰ੍ਹੇ ਹੈ ਕਿ ਸੈਰ ਸਪਾਟਾ ਵਿਭਾਗ ਜਲ ਬੱਸ ਨੂੰ ਲੈ ਕੇ ਕੋਈ ਵੀ ਗਤੀਵਿਧੀ ਕਰਨ ਲਈ ਰਾਤ ਦੇ ਹਨੇਰੇ ਦਾ ਇੰਤਜ਼ਾਰ ਹੀ ਕਿਉਂ ਕਰਦਾ ਹੈ ਕਿਉਂਕਿ ਦਿਨ ਵੇਲੇ ਤਾਂ ਇਸ ਜਲ ਬੱਸ ਦੇ ਬਣੇ ਬੱਸ ਅੱਡੇ ਦੇ ਗੇਟ ਅਕਸਰ ਬੰਦ ਹੀ ਰਹਿੰਦੇ ਹਨ। ਨਵੀਂ ਬੱਸ ਨੂੰ ਵੀ ਰਾਤ ਦੇ ਹਨੇਰੇ ਵਿਚ ਹੀ ਲਿਆਉਣ ਤੇ ਪਹਿਲੀ ਜਲ ਬੱਸ ਨੂੰ ਵੀ ਰਾਤ ਦੇ ਹਨੇਰੇ ਵਿਚ ਹੀ ਵਾਪਸ ਭੇਜਣ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਲੱਗ ਰਹੀਆਂ ਹਨ ਕਿਉਂਕਿ ਪਹਿਲਾਂ ਆਈ ਬੱਸ ਦੇ ਡਿਜ਼ਾਈਨ ਨੂੰ ਲੈ ਕੇ ਵੀ ਲੋਕਾਂ ਨੇ ਕਾਫੀ ਮਜ਼ਾਕ ਉਡਾਇਆ ਸੀ, ਜਿਸ ਕਾਰਨ ਸੈਰ ਸਪਾਟਾ ਵਿਭਾਗ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਤੋਂ ਲਗਦਾ ਹੈ ਕਿ ਪਹਿਲੀ ਬੱਸ ਵਾਪਸ ਭੇਜ ਦਿੱਤੀ ਗਈ ਹੈ ਤੇ ਨਵੀਂ ਮੰਗਵਾਈ ਦੂਸਰੀ ਜਲ ਬੱਸ ਡਿਜ਼ਾਈਨ ਤੇ ਹੋਰ ਪੱਖਾਂ ਤੋਂ ਬਿਹਤਰ ਹੋ ਸਕਦੀ ਹੈ, ਪਰ ਦੂਜੀ ਆਈ ਨਵੀਂ ਬੱਸ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਇਹ ਬੱਸ ਕਿਸ ਤਰ੍ਹਾਂ ਦੀ ਹੈ ਕਿਉਂਕਿ ਅਜੇ ਤੱਕ ਵਿਭਾਗ ਵੱਲੋਂ ਨਵੀਂ ਬੱਸ ਨੂੰ ਗੈਰਾਜ ਵਿਚ ਸ਼ਟਰ ਬੰਦ ਕਰਕੇ ਰੱਖਿਆ ਹੋਇਆ ਹੈ। ਇਸ ਸਬੰਧੀ ਜਦ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਨਾਲ ਫੋਨ 'ਤੇ ਰਾਬਤਾ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁਕਿਆ।



### ਅਸਲੀ ਨਹੀਂ ਸੀ ਹਰੀਕੇ ਝੀਲ 'ਚ ਚਲਾਈ ਗਈ ਬੱਸ

#### ਟ੍ਰਾਇਲ ਮਾਡਲ ਚਲਾ ਕੇ ਹੀ ਕਰ ਦਿੱਤਾ ਸੀ ਉਦਘਾਟਨ

*ਚੰਡੀਗੜ੍ਹ/ਬਿਊਰੋ ਨਿਊਜ਼ : ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਹਰੀਕੇ ਝੀਲ 'ਚ ਪਾਣੀ ਵਾਲੀ ਬੱਸ ਚਲਾਉਣ ਦਾ ਸੁਪਨਾ ਵਿਧਾਨ ਸਭਾ ਚੋਣ ਤੋਂ ਪਹਿਲਾਂ ਤਾਂ ਮਜ਼ਾਕ ਬਣ ਕੇ ਰਹਿ ਗਿਆ, ਪਰ ਹੁਣ ਇਹ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਝੀਲ ਦੇ ਪਾਣੀ 'ਤੇ ਚੱਲਣ ਵਾਲੀ ਬੱਸ ਹਰੀਕੇ ਪੁੱਜ ਗਈ ਹੈ। ਇਸ ਤੋਂ ਪਹਿਲਾਂ ਜਿਸ ਬੱਸ ਦਾ ਉਦਘਾਟਨ ਕੀਤਾ ਗਿਆ ਸੀ, ਅਸਲ 'ਚ ਉਹ ਪਾਣੀ 'ਚ ਚੱਲਣ ਵਾਲੀ ਅਸਲੀ ਬੱਸ ਨਹੀਂ, ਸਗੋਂ ਇਕ ਟ੍ਰਾਇਲ ਮਾਡਲ ਸੀ।*

*ਹੁਣ ਇਹ ਪੂਰਾ ਮਾਮਲਾ ਸਾਹਮਣੇ ਆਇਆ ਹੈ ਤਾਂ ਸਵਾਲ ਉਠਿਆ ਹੈ ਕਿ ਵਿਧਾਨ ਸਭਾ ਚੋਣ ਤੋਂ ਪਹਿਲਾਂ ਜਿਸ ਬੱਸ ਦਾ ਟ੍ਰਾਇਲ ਕੀਤਾ ਗਿਆ ਸੀ, ਉਹ ਕੀ ਸੀ? ਪ੍ਰਦੇਸ਼ ਦੇ ਮਹਿਮਾਨ ਨਵਾਜ਼ੀ ਵਿਭਾਗ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਹਰਿਕੇ ਝੀਲ 'ਚ ਜਿਹੜੀ ਬੱਸ ਦਾ ਟ੍ਰਾਇਲ ਕੀਤਾ ਗਿਆ ਸੀ, ਅਸਲ 'ਚ ਉਹ ਪਾਣੀ 'ਤੇ ਚੱਲਣ ਵਾਲੀ ਅਸਲੀ ਬੱਸ ਨਹੀਂ ਸੀ। ਸੁਖਬੀਰ ਬਾਦਲ ਇਸ ਯੋਜਨਾ ਨੂੰ ਛੇਤੀ ਅਮਲੀਜਾਮਾ ਪਹਿਨਾਉਣਾ ਚਾਹੁੰਦੇ ਸਨ। ਯਕੀਨਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਖਬੀਰ ਆਪਣੇ ਸੁਪਨੇ ਦੀ ਬੱਸ ਚਲਾ ਕੇ ਜਨਤਾ ਵਿਚਕਾਰ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਉਹ ਜੋ ਕਹਿੰਦੇ ਹਨ, ਉਹ ਨੂੰ ਜ਼ਰੂਰ ਪੂਰਾ ਕਰ ਕੇ ਵਿਖਾਉਂਦੇ ਹਨ। ਅਫ਼ਸਰਾਂ ਨੇ ਸਰਕਾਰ ਦਾ ਸਾਥ ਦਿੱਤਾ ਅਤੇ ਇਕ ਟ੍ਰਾਇਲ ਮਾਡਲ ਮੰਗਵਾ ਕੇ ਉਸ ਨੂੰ ਝੀਲ 'ਚ ਉਤਾਰ ਦਿੱਤਾ। ਇਹ ਟ੍ਰਾਇਲ ਬੱਸ ਪਾਣੀ 'ਚ ਅੱਗੇ ਨਹੀਂ ਵੱਧ ਸਕੀ ਅਤੇ ਬਾਦਲ ਸਰਕਾਰ ਨੂੰ ਵਿਰੋਧੀ ਧਿਰ ਅਤੇ ਆਮ ਲੋਕਾਂ ਦੇ ਮਜ਼ਾਕ ਦਾ ਸਾਹਮਣਾ ਕਰਨਾ ਪਿਆ। ਖਾਸ ਗੱਲ ਇਹ ਵੀ ਰਹੀ ਕਿ ਅਫ਼ਸਰਾਂ ਨੇ ਸਰਕਾਰ ਨੂੰ ਭਿਣਕ ਨਹੀਂ ਲੱਗਣ ਦਿੱਤੀ ਕਿ ਜਿਹੜੀ ਬੱਸ ਦਾ ਉਦਘਾਟਨ ਕੀਤਾ ਜਾ ਰਿਹਾ ਹੈ, ਉਹ ਪਾਣੀ 'ਤੇ ਚੱਲਣ ਵਾਲੀ ਅਸਲੀ ਬੱਸ ਨਹੀਂ, ਸਗੋਂ ਇਕ ਟ੍ਰਾਇਲ ਮਾਡਲ ਹੈ। ਇਸ ਦਾ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਯੋਜਨਾ 'ਚ ਹੋ ਰਹੀ ਦੇਰੀ ਤੋਂ ਅਫਸਰ ਵੀ ਕਾਫੀ ਦਬਾਅ 'ਚ ਸਨ। ਹਰੀਕੇ ਪੁੱਜੀ ਅਸਲੀ ਬੱਸ ਦਾ ਆਕਾਰ ਟ੍ਰਾਇਲ ਮਾਡਲ ਤੋਂ ਕਾਫੀ ਵੱਡਾ ਹੈ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਟ੍ਰਾਇਲ ਰਨ ਇਸ ਲਈ ਕੀਤਾ ਗਿਆ ਸੀ ਕਿ ਵੇਖਿਆ ਜਾ ਸਕੇ ਕਿ ਝੀਲ 'ਚ ਬੱਸ ਚਲਾਈ ਜਾ ਸਕਦੀ ਹੈ ਜਾਂ ਨਹੀਂ।*

# ਖ਼ਾਲਿਸਤਾਨ ਲਏ ਬਿਨਾਂ ਸਿੱਖ ਕੌਮ ਦਾ ਗੁਜ਼ਾਰਾ ਨਹੀਂ ਹੋ ਸਕਦਾ : ਮਾਨ

## ਸੰਤ ਭਿੰਡਰਾਂਵਾਲੇ ਸਿੱਖ ਕੌਮ ਦੇ ਸੰਤ ਸਿਪਾਹੀ ਅਤੇ ਭਾਰਤ ਦੇ ਮੂਲ ਨਿਵਾਸੀਆਂ ਦੇ ਮਹਾਨ ਜਰਨੈਲ: ਵਾਮਨ

**ਨਿਊਯਾਰਕ/ਮੱਖਣ ਸਿੰਘ ਕਲੇਰ:** 20ਵੀਂ ਸਦੀ ਦੇ ਮਹਾਨ ਸਿੱਖ ਕਹਿਣੀ ਕਥਨੀ ਦੇ ਪੂਰੇ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ 70ਵਾਂ ਜਨਮ ਦਿਹਾੜਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਮੂਹ ਪੰਥਕ ਜੱਥੇਬੰਦੀਆਂ ਅਤੇ ਧਾਰਮਿਕ ਸੰਪਰਦਾਵਾਂ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ 12 ਫਰਵਰੀ ਨੂੰ ਫਤਿਹਗੜ੍ਹ ਸਾਹਿਬ (ਪੰਜਾਬ) ਵਿਖੇ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮੁੱਖ ਤੌਰ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਥੇਦਾਰ ਸਿੰਘ ਸਾਹਿਬ ਧਿਆਨ ਸਿੰਘ ਮੰਡ ਅਤੇ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਲਜੀਤ ਸਿੰਘ ਦਾਦੂਵਾਲ ਨੇ ਸੰਗਤ ਨੂੰ ਸੰਬੋਧਨ ਕਰਦੇ ਸਮੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਗਈ। ਉਨਾਂ ਸੰਗਤ ਨੂੰ ਸੰਤਾਂ ਦੀ ਸੋਚ ਤੇ ਪਹਿਰਾ ਦੇਣ ਅਤੇ ਕੌਮੀਂ ਮੰਜਿਲ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ।



ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀਆਂ ਵਿਸ਼ਵ ਭਰ ਦੇ 20 ਮੁਲਕਾਂ ਵਿੱਚ ਸਥਾਪਿਤ ਇਕਾਈਆਂ ਦੀ ਨੁਮਾਇੰਦਗੀ ਕਰ ਰਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੋਅਰਡੀਨੇਸ਼ਨ ਕਮੇਟੀ ਦੇ ਮੈਂਬਰਾਂ ਸੁਖਮਿੰਦਰ ਸਿੰਘ ਹੰਸਰਾ, ਅਮਨਦੀਪ ਸਿੰਘ, ਰੇਸ਼ਮ ਸਿੰਘ, ਜਸਪਾਲ ਸਿੰਘ ਬੈਸ, ਸੋਹਣ ਸਿੰਘ ਕੰਗ, ਅਮਰੀਕ ਸਿੰਘ ਬੱਲੋਵਾਲ, ਹਰਦੀਪ ਸਿੰਘ ਲੋਹਾਖੇੜਾ, ਦਲਵਿੰਦਰ ਸਿੰਘ ਘੁੰਮਣ ਅਤੇ ਜਗਰਾਜ ਸਿੰਘ ਮਦੋਕੇ ਵੱਲੋਂ ਮੀਡੀਆ ਲਈ ਜਾਰੀ ਕੀਤੇ ਲਿਖਤੀ ਪ੍ਰੈਸ ਬਿਆਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖਾਲਿਸਤਾਨ ਲਏ ਬਿਨਾਂ ਸਿੱਖ ਕੌਮ ਦਾ ਗੁਜ਼ਾਰਾ ਨਹੀਂ ਹੋ ਸਕਦਾ। ਸ. ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਦੇ ਸਭ ਮਸਲਿਆਂ ਦਾ ਹੱਲ ਖਾਲਿਸਤਾਨ ਦੱਸਦੇ ਹੋਏ ਪਾਕਿਸਤਾਨ, ਭਾਰਤ ਅਤੇ ਚੀਨ ਵਿਚਕਾਰ ਇੱਕ ਬੱਫਰ ਸਟੇਟ ਖਾਲਿਸਤਾਨ ਬਣਾਉਣ ਦੀ ਮੰਗ ਕੀਤੀ। ਇਸਦੇ ਨਾਲ ਹੀ ਸ. ਮਾਨ ਨੇ ਸੰਤਾਂ ਦੇ ਜਨਮ ਦਿਹਾੜੇ ਤੇ ਸੰਤ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਂਟ ਕਰਨ ਪਹੁੰਚੇ ਮੂਲਨਿਵਾਸੀਆਂ ਦੇ ਦਿਲਾਂ ਦੀ ਧੜਕਣ ਅਤੇ ਭਾਰਤੀ ਬਹੁਜਨ ਮੁਕਤੀ ਮੋਰਚਾ ਦੇ ਪ੍ਰਧਾਨ ਸ਼੍ਰੀ ਵਮਨ ਮੇਸ਼ਰਾਮ ਅਤੇ ਕਸ਼ਮੀਰ ਰੈਵਿਓਲੂਸ਼ਨ ਮੂਵਮੈਂਟ ਦੇ ਜਫਰ ਅਕਬਰ ਭੱਟ ਦਾ ਵੀ ਧੰਨਵਾਦ ਕੀਤਾ। ਬਹੁਜਨ ਮੁਕਤੀ ਮੋਰਚਾ ਦੇ ਕਮਾਂਡਰ ਸ਼੍ਰੀ ਵਮਨ ਮੇਸ਼ਰਾਮ ਨੇ ਕਿਹਾ ਕਿ ਮੈਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਖਸ਼ੀਅਤ ਤੋਂ ਜੂਨ 1984 ਤੋ ਹੀ ਪ੍ਰਭਾਵਿਤ ਹੋ ਗਿਆ ਸੀ ਅਤੇ ਉਦੋਂ ਤੋਂ ਹੀ ਅਕਸਰ ਮੈਂ ਆਪਣੀਆਂ ਸਪੀਚਾਂ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਬਹੁਪੱਖੀ ਸਖਸ਼ੀਅਤ ਵਾਰੇ ਲੋਕਾਂ ਅੱਗੇ ਜਿਕਰ ਕਰਦਾ ਆ ਰਿਹਾ ਹਾ। ਉਨ੍ਹਾਂ ਕਿਹਾ ਕਿ ਸੰਤ ਜੀ ਭਾਰਤ ਦੇ 85 ਪ੍ਰਤੀਸ਼ਤ ਮੂਲ ਨਿਵਾਸੀਆਂ (ਸਿੱਖਾਂ, ਮੁਸਲਮਾਨਾਂ, ਬੋਧੀਆਂ, ਅੰਬੇਦਕਰੀਆਂ) ਦੇ ਮਹਾਨ ਜਰਨੈਲ ਹਨ ਅਤੇ ਉਨਾਂ ਮੰਨੂਵਾਦੀਆਂ ਤੇ ਬ੍ਰਾਹਮਣੀ ਸੋਚ ਨਾਲ ਆਖਰੀ ਸਾਹਾਂ ਤੱਕ ਸੰਘਰਸ਼ ਕੀਤਾ ਅਤੇ ਬ੍ਰਹਾਮਣਵਾਦੀ ਫੌਜਾਂ ਨਾਲ ਲੜਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਸ਼੍ਰੀ ਵਮਨ ਮੇਸ਼ਰਾਮ ਨੇ ਕਿਹਾ ਕਿ ਸਿੱਖਾਂ ਦੇ ਗਲੋਂ ਗੁਲਾਮੀਂ ਦੀਆਂ ਜੰਜੀਰਾਂ ਲਾਹੁਣ ਦਾ ਸੰਤਾਂ ਦਾ ਸੁਪਨਾ ਹਾਲੇ ਅਧੂਰਾ ਹੈ। ਇਸ ਲਈ ਜੋਸ਼ ਨਾਲ ਹੋਸ਼ ਤੋਂ ਕੰਮ ਲੈਣਾ ਵੀ ਜਰੂਰੀ ਹੈ। ਬ੍ਰਾਹਮਣਵਾਦੀ 3.5% ਹਨ ਜਿਨਾਂ ਨੇ ਭਾਰਤ ਉੱਤੇ ਕਬਜਾ ਕੀਤਾ ਹੋਇਆ ਹੈ ਅਤੇ ਭਾਰਤ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਕਾਂਗਰਸ, ਬੀ.ਜੇ.ਪੀ, ਦੋਨੋਂ ਕਮਿਊਨਿਸਟ ਅਤੇ ਤ੍ਰਿਮੂਲ ਕਾਂਗਰਸ ਸਭ ਦੇ ਪ੍ਰਧਾਨਾਂ ਦੇ ਕੰਟਰੋਲ ਬ੍ਰਾਹਮਣਵਾਦੀਆਂ ਕੋਲ ਹਨ ਅਤੇ ਇਨਾਂ ਨੇ ਭਾਰਤ ਦੇ 85% ਮੂਲ ਨਿਵਾਸੀ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਪਰ ਹੁਣ ਭਾਰਤ ਦੇ 85% ਮੂਲ ਨਿਵਾਸੀ ਲੋਕ ਇੱਕ ਮੰਚ ਤੇ ਸੰਗਠਿਤ ਹੋ ਚੁੱਕੇ ਹਨ ਅਤੇ ਆਪਣਾ ਜੱਥੇਬੰਦਕ ਢਾਂਚਾ ਬਣਾ ਕੇ ਦੇਸ਼ ਦੇ ਬਾਕੀ ਮੂਲ ਨਿਵਾਸੀਆਂ ਨੂੰ ਜਾਗਰੂਕ ਕਰ ਰਹੇ ਹਨ । ਉਨ੍ਹਾਂ ਕਿ ਸੰਨ 2024 ਤੱਕ ਮੂਲ ਨਿਵਾਸੀ ਭਾਰਤ ਨੂੰ ਆਰ.ਐਸ.ਐਸ., ਬ੍ਰਾਹਮਣਵਾਦੀ ਅਤੇ ਮੰਨੂਵਾਦੀ ਤਾਕਤਾਂ ਤੋਂ ਭਾਰਤ ਨੂੰ ਆਜਾਦ ਕਰਵਾ ਲੈਣਗੇ। ਫਿਰ ਪੰਜਾਬ ਬੇਗਮਪੁਰਾ ਖਾਲਸਾ ਰਾਜ ਬਣੇਗਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨਾਂ ਦੀ ਸਿੱਖਿਆ ਅਨੁਸਾਰ ਬਰਾਬਰਤਾ ਦਾ ਰਾਜ ਹਲੀਮੀ ਰਾਜ ਸਥਾਪਿਤ ਹੋਵੇਗਾ। ਭਹੁਜਨ ਸਮਾਜ ਆਗੂ ਨੇ ਵਾਰ ਵਾਰ ਭਾਰਤ ਨੂੰ ਹਿੰਦੂਸਤਾਨ ਕਹਿਣ ਤੇ ਵੀ ਸਖਤ ਇਤਰਾਜ ਕੀਤਾ ਅਤੇ ਕਿਹਾ ਕਿ ਬਾਬਾ ਸਾਹਿਬ ਅੰਬੇਦਕਰ ਸੰਵਿਧਾਨ ਵਿੱਚ ਇੰਡੀਆ ਦਾ ਅਨੁਵਾਦ ਭਾਰਤ ਕਰਕੇ ਲਿਖ ਕੇ ਗਏ ਹਨ। ਇਸ ਲਈ ਭਾਰਤ ਨੂੰ ਹਿੰਦੂਸਤਾਨ ਕਹਿਣਾ ਗੈਰ ਸਵਿਧਾਨਿਕ ਹੈ ਭਾਰਤ ਦੇ ਸਾਰੇ ਮੂਲ ਨਿਵਾਸੀ ਸਿੱਖਾਂ ਨੂੰ ਆਪਣਾ ਭਰਾ ਸਮਝਦੇ ਹਨ । ਅਸੀਂ ਸਭ ਮੂਲਨਿਵਾਸੀ ਸੱਖ ਕੌਮ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਅੱਜ ਤੋਂ ਇਸ ਮੰਚ ਤੋਂ ਆਰ.ਐਸ.ਐਸ. ਤੇ ਮੰਨੂਵਾਦੀਆਂ ਨਾਲ ਜੰਗ ਦਾ ਐਲਾਨ ਕਰਦੇ ਹਾਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅੰਤਰਾਸ਼ਟਰੀ ਕੋਅਰਡੀਨੇਸ਼ਨ ਕਮੇਟੀ ਵੱਲੋਂ ਰੇਸ਼ਮ ਸਿੰਘ ਕੈਲੇਫੋਰਨੀਆ ਅਤੇ ਅਮਰੀਕ ਸਿੰਘ ਬੱਲੋਵਾਲ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।

# ਸੰਤ ਭਿੰਡਰਾਵਾਲਿਆਂ ਦੇ ਫ਼ਤਿਹਗੜ੍ਹ ਸਾਹਿਬ 'ਚ ਮਨਾਏ ਜਨਮ ਦਿਨ ਮੌਕੇ ਹੋਈ ਏਕਤਾ ਦਾ ਸਵਾਗਤ



**ਨਿਊਯਾਰਕ/ਰਾਜ ਗੋਗਨਾ :** ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੀ ਮਹੀਨਾਵਾਰ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਪ੍ਰਧਾਨ ਸ. ਸੁਰਜੀਤ ਸਿੰਘ ਕਲਾਰ ਦੀ ਪ੍ਰਧਾਨਗੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਮੁੱਖ ਬੁਲਾਰੇ ਸ. ਸਰਬਜੀਤ ਸਿੰਘ ਦੀ ਅਗਵਾਈ ਵਿਚ ਹੋਈ। ਇਸ ਵਿਚ ਯੂਥ ਆਗੂ ਅਮਨਦੀਪ ਸਿੰਘ, ਅਮਰਜੀਤ ਸਿੰਘ, ਕਰਨਜੋਤ ਸਿੰਘ, ਦਲਵਿੰਦਰ ਸਿੰਘ, ਨਰਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਜੀਤ ਸਿੰਘ, ਲਖਵੰਤ ਸਿੰਘ, ਦਲਜੀਤ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ, ਹਰਮਨਦੀਪ ਸਿੰਘ ਤੇ ਹੋਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ 22 ਅਪ੍ਰੈਲ ਨੂੰ ਮੈਨਹੈਟਨ (ਨਿਊਯਾਰਕ) ਵਿਖੇ ਹੋ ਰਹੀ ਖ਼ਾਲਿਸਤਾਨ ਡੇਅ ਪਰੇਡ ਬਾਰੇ ਵਿਚਾਰਾਂ ਹੋਈਆਂ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਫ਼ਤਿਹਗੜ੍ਹ ਸਾਹਿਬ ਵਿਖੇ ਮਨਾਏ ਗਏ ਜਨਮ ਦਿਨ 'ਤੇ ਮੂਲ ਨਿਵਾਸੀਆ ਵਿਚਾਲੇ ਹੋਈ ਏਕਤਾ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੱਲੋਂ ਸਵਾਗਤ ਕੀਤਾ ਗਿਆ। ਪਾਰਟੀ ਵਿਚ ਸ਼ਾਮਲ ਹੋਏ ਮੈਂਬਰਾਂ ਦਾ ਸਵਾਗਤ ਕੀਤਾ ਗਿਆ ਅਤੇ ਹੋਰ ਪੰਥਕ ਮਸਲਿਆਂ 'ਤੇ ਖੁੱਲ੍ਹੀਆਂ ਵਿਚਾਰਾਂ ਕੀਤੀਆਂ ਗਈਆਂ।

# ਸ਼ਾਂਤ ਪਾਣੀਆਂ ਵਿਚ ਸਿਆਸੀ ਗਰਮੀ ਦਾ ਉਬਾਲ

ਸਫ਼ਾ ਇਕ ਦੀ ਬਾਕੀ

36 ਸਾਲ ਹੋ ਗਏ ਹਨ ਇਸ ਮਸਲੇ ਨੂੰ ਰਿੜਕਦਿਆਂ ਤੇ 36 ਸਾਲ ਪਹਿਲਾਂ ਪੰਜਾਬ ਦੀ ਜੋ ਤਬਾਹੀ ਹੋਈ, ਉਹ ਹਾਲੇ ਤਕ ਉਸ 'ਚੋਂ ਉਭਰਿਆ ਨਹੀਂ ਹੈ। ਪਾਣੀ ਦੀ ਇਕ ਵੀ ਬੂੰਦ ਸੂਬੇ ਤੋਂ ਬਾਹਰ ਨਾ ਜਾਣ ਦੇਣ ਦੇ ਦਾਅਵੇ ਕਰ ਰਹੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਅਜਿਹੇ ਨਾਜ਼ੁਕ ਮੋੜ 'ਤੇ ਅਮਰੀਕਾ ਦੀ ਫੇਰੀ 'ਤੇ ਹਨ। ਇਸ ਗੱਲ ਦਾ ਵੀ ਕੋਈ ਓਹਲਾ ਨਹੀਂ ਹੈ ਕਿ ਬਾਦਲਾਂ ਨੇ ਇਹੀ ਜ਼ਮੀਨ ਥਾਲੀ ਵਿਚ ਪਰੋਸ ਕੇ ਚੌਟਾਲਿਆਂ ਨੂੰ ਦਿੱਤੀ ਸੀ। ਸਿਆਸੀ ਸੌਦੇਬਾਜ਼ੀਆਂ ਵਿਚ ਦੋਹਾਂ ਸੂਬਿਆਂ ਵਿਚਾਲੇ ਨਫ਼ਰਤ ਦੀ ਜੋ ਲਕੀਰ ਖਿੱਚੀ ਗਈ ਸੀ, ਉਹ ਫੇਰ ਗੂੜ੍ਹੀ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਦੋਵੇਂ ਧਿਰਾਂ ਅਦਾਲਤ ਵਿਚ ਪਾਣੀ ਲਈ ਲੜਾਈ ਲੜ ਰਹੀਆਂ ਹਨ ਪਰ ਘੋਰ ਖੇਤੀ ਸੰਕਟ ਨਾਲ ਜੂਝ ਰਹੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਬਾਦਲ ਸਰਕਾਰ ਵਲੋਂ ਬਣਦੀ ਚਾਰਾਜ਼ੋਈ ਵੀ ਨਹੀਂ ਕੀਤੀ ਗਈ। ਜੇਕਰ ਪੰਜਾਬ ਅਦਾਲਤ ਵਿਚ ਇਹ ਕੇਸ ਹਾਰਦਾ ਹੈ ਤਾਂ ਇਸ ਦੇ ਸਿੱਟੇ ਹੋਰ ਵੀ ਭਿਆਨਕ ਨਿਕਲਣਗੇ।

ਮੌਜੂਦਾ ਹਾਲਾਤ ਵਿਚ ਇਨੈਲੋ ਵੱਲੋਂ 23 ਫਰਵਰੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਪੰਜਾਬ ਦੇ ਕਪੂਰੀ ਵਿੱਚ ਪੁੱਟਣ ਦੇ ਐਲਾਨ ਤੋਂ ਬਾਅਦ ਪੰਜਾਬ ਪੁਲੀਸ ਵੱਲੋਂ ਕਿਸੇ ਟਕਰਾਅ ਨੂੰ ਟਾਲਣ ਵਾਸਤੇ ਹਰਿਆਣਾ ਨਾਲ ਲੱਗਦੀ ਸਰਹੱਦ ਅਤੇ ਸ਼ੰਭੂ ਬੈਰੀਅਰ ਨੇੜੇ ਘੱਗਰ ਦਰਿਆ ਦੇ ਪੁਲ 'ਤੇ ਛੇ ਹਜ਼ਾਰ ਦੇ ਕਰੀਬ ਸੁਰੱਖਿਆ ਮੁਲਾਜ਼ਮਾਂ ਦੀ ਤਾਇਨਾਤੀ ਕਰ ਦਿੱਤੀ ਗਈ ਹੈ। ਇਨ੍ਹਾਂ ਵਿੱਚ ਦਸ ਕੰਪਨੀਆਂ ਕੇਂਦਰੀ ਨੀਮ ਫੌਜੀ ਬਲਾਂ ਦੀਆਂ ਵੀ ਸ਼ਾਮਲ ਹਨ। ਸਾਰੀ ਸਥਿਤੀ 'ਤੇ ਨਜ਼ਰ ਰੱਖਣ ਲਈ ਸ਼ੰਭੂ ਨੇੜੇ ਮੁਗ਼ਲ ਸਰਾਏ ਵਿੱਚ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਕਪੂਰੀ ਨੇੜੇ ਐਸਐਸਪੀ ਫ਼ਤਹਿਗੜ੍ਹ ਸਾਹਿਬ ਦੀ ਅਗਵਾਈ ਹੇਠ ਪੁਲੀਸ ਤਾਇਨਤ ਰਹੇਗੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਕਪੂਰੀ ਪੁੱਜਣ ਦੀ ਕੋਸ਼ਿਸ਼ ਕਰਨ ਵਾਲੇ ਜਥੇ ਨੂੰ ਦੇਵੀਗੜ੍ਹ ਵਿੱਚ ਰੋਕਣ ਦੀ ਜ਼ਿੰਮੇਵਾਰੀ ਐਸਐਸਪੀ ਸੰਗਰੂਰ ਇੰਦਰਬੀਰ ਸਿੰਘ ਨੂੰ ਸੌਂਪੀ ਗਈ ਹੈ। ਇਸ ਤੋਂ ਇਲਾਵਾ ਬਰਨਾਲਾ ਦੇ ਐਸਐਸਪੀ ਬਾਕੀ ਸਾਰੀਆਂ ਸੁਰੱਖਿਆ ਟੀਮਾਂ ਨਾਲ ਰਾਬਤਾ ਰੱਖਣਗੇ। ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਪੁੱਜੇ ਡੀਜੀਪੀ ਪੰਜਾਬ ਸੁਰੇਸ਼ ਅਰੋੜਾ ਨੇ ਆਖਿਆ ਕਿ ਨਹਿਰ ਦੇ ਮਾਮਲੇ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਤੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਹਰ ਹਾਲ ਵਿੱਚ ਬਹਾਲ ਰੱਖੀ ਜਾਵੇਗੀ। ਹਰਿਆਣਾ ਪੁਲੀਸ ਵੀ ਮੁਸਤੈਦੀ ਨਾਲ ਡਟੀ ਹੋਈ ਹੈ। ਜਿਸ ਰਸਤਿਓਂ ਹਰਿਆਣਾ ਵੱਲੋਂ ਪੰਜਾਬ ਵਿੱਚ ਕਿਸੇ ਵੀ ਵਿਅਕਤੀ ਦੇ ਪ੍ਰਵੇਸ਼ ਹੋਣ ਦੀ ਸੰਭਾਵਨਾ ਹੈ, ਉਥੇ ਪੁਲੀਸ ਵੱਲੋਂ ਨਾਕਾਬੰਦੀ ਕੀਤੀ ਜਾ ਰਹੀ ਹੈ। ਇਸੇ ਦੌਰਾਨ ਪੁਲੀਸ ਵੱਲੋਂ ਕੌਮੀ ਸ਼ਾਹ ਮਾਰਗ 'ਤੇ ਘੱਗਰ ਦਰਿਆ ਦੇ ਪੁਰਾਣੇ ਪੁਲ ਵਾਲੀ ਸੜਕ, ਜਿਥੇ ਦੋ ਦਿਨ ਪਹਿਲਾਂ ਕੰਧ ਉਸਾਰੀ ਗਈ ਸੀ, ਉਪਰ ਦੋ ਥਾਵਾਂ 'ਤੇ ਲੋਹੇ ਦੇ 15 ਫੁੱਟ ਉੱਚੇ ਬੈਰੀਕੇਡ ਵੀ ਲਗਾ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸੰਗਰੂਰ, ਮੁਹਾਲੀ ਅਤੇ ਹੋਰ ਜ਼ਿਲ੍ਹਿਆਂ ਤੋਂ ਸੈਂਕੜੇ ਬੈਰੀਕੇਡਸ ਮੰਗਵਾਏ ਗਏ ਹਨ। ਹਰਿਆਣਾ ਵੱਲ ਜਾਣ ਅਤੇ ਆਉਣ ਵਾਲੀਆਂ ਸੜਕਾਂ ਦੇ ਵਿਚਕਾਰ ਖਾਲੀ ਥਾਂ ਤੋਂ ਇੱਟਾਂ ਤੇ ਰੋੜੇ ਹਟਾਉਣ ਲਈ ਮਜ਼ਦੂਰ ਲਗਾਏ ਗਏ ਹਨ। ਪਟਿਆਲਾ ਦੇ ਡੀਆਈਜੀ ਆਸ਼ੀਸ਼ ਚੌਧਰੀ ਨੇ ਦੱਸਿਆ ਹੈ ਕਿ ਕਿਸੇ ਵੀ ਧਿਰ ਨੂੰ ਨਹਿਰ ਨਾਲ਼ ਛੇੜਛਾੜ ਨਹੀਂ ਕਰਨ ਦਿੱਤੀ ਜਾਵੇਗੀ। 'ਡਰੋਨ' ਰਾਹੀਂ ਬਾਰਡਰ ਦੇ ਪਰਲੇ ਪਾਸੇ ਨਜ਼ਰ ਰੱਖੀ ਜਾਵੇਗੀ। ਪੁਲੀਸ ਦਾ ਮੁੱਖ ਮਕਸਦ ਹਾਲਾਤ ਕਾਬੂ ਵਿਚ ਰੱਖਣਾ ਹੈ. ਇਨ੍ਹਾਂ ਪ੍ਰਬੰਧਾਂ ਵਜੋਂ ਹੀ ਵੱਡੇ ਅਤੇ ਆਧੁਨਿਕ ਹਥਿਆਰਾਂ, ਅੱਥਰੂ ਗੈਸ, ਰਬੜ ਦੀਆਂ ਗੋਲ਼ੀਆਂ, ਡਾਂਗਾਂ ਤੇ ਘੋੜ ਸਵਾਰ ਪੁਲੀਸ ਦਾ ਪ੍ਰਬੰਧ ਵੀ ਕੀਤਾ ਗਿਆ ਹੈ

## ਸਥਿਤੀ ਜਿਉਂ ਦੀ ਤਿਉਂ ਰੱਖੋ : ਕੇਂਦਰ ਸਰਕਾਰ

ਨਵੀਂ ਦਿੱਲੀ: ਕੇਂਦਰ ਨੇ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਕਿਹਾ ਹੈ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਸਥਿਤੀ ਜਿਉਂ ਦੀ ਤਿਉਂ ਰੱਖਣ। ਕੇਂਦਰ ਨੇ ਦੋਵਾਂ ਰਾਜਾਂ ਨੂੰ ਅਮਨ ਕਾਨੂੰਨ ਦੀ ਸਥਿਤੀ ਯਕੀਨੀ ਬਣਾਉਣ ਲਈ ਕਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਮੁਤਾਬਕ, 'ਅਸੀਂ ਪੰਜਾਬ ਤੇ ਹਰਿਆਣਾ ਨੂੰ ਕਿਹਾ ਹੈ ਕਿ ਉਹ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਤੇ ਹਿੰਸਾ ਕਿਸੇ ਵੀ ਹਾਲਤ ਵਿੱਚ ਨਾ ਹੋਣ ਦੇਣ। ਇਸ ਤੋਂ ਇਲਾਵਾ ਸੁਪਰੀਮ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਐਸਵਾਈਐਲ ਨਹਿਰ ਬਾਰੇ ਸਥਿਤੀ ਜਿਉਂ ਦੀ ਤਿਉਂ ਬਣਾ ਕੇ ਰੱਖਣ।'

## ਇਨੈਲੋ ਵੱਲੋਂ ਨਹਿਰ ਦੀ ਖੁਦਾਈ ਲਈ ਤਿਆਰੀਆਂ

ਇੰਡੀਅਨ ਨੈਸ਼ਲਨ ਲੋਕ ਦਲ ਨੇ 23 ਫਰਵਰੀ ਨੂੰ ਲਿੰਕ ਨਹਿਰ ਦੀ ਖੁਦਾਈ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਨੈਲੋ ਵੱਲੋਂ ਖੁੱਲ੍ਹੇਆਮ ਕਾਨੂੰਨ ਤੋੜਨ ਦੀਆਂ ਧਮਕੀਆਂ ਦੇ ਮੱਦੇਨਜ਼ਰ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਦੋਵਾਂ ਸੂਬਿਆਂ ਦੀ ਹੱਦ 'ਤੇ ਹਥਿਆਰਬੰਦ ਦਸਤਿਆਂ ਨੂੰ ਤਾਇਨਾਤ ਕਰਨ ਦੇ ਨਾਲ ਨਾਲ ਇਨੈਲੋ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਕੈਪਟਨ ਨੇ ਅਭੈ ਚੌਟਾਲਾ ਨੂੰ ਗ੍ਰਿਫਤਾਰ ਕਰਨ ਅਤੇ ਓਮ ਪ੍ਰਕਾਸ਼ ਚੌਟਾਲਾ ਦੀ ਪੈਰੋਲ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸੂਬੇ ਵਿਚ ਸੱਤਾ ਬਦਲਣ ਵਾਲੀ ਹੈ ਤੇ ਸਥਿਤੀ ਨੂੰ ਵਿਗੜਨ ਤੋਂ ਬਚਾਉਣ ਲਈ ਕੇਂਦਰ ਸਰਕਾਰ ਦੇ ਦਖ਼ਲ ਦੀ ਲੋੜ ਹੈ। ਇੰਡੀਅਨ ਨੈਸ਼ਨਲ ਲੋਕ ਦਲ ਨੇ ਹਰਿਆਣਾ ਦੇ ਚਾਰ ਜ਼ਿਲ੍ਹਿਆਂ ਵਿਚ ਰੈਲੀਆਂ ਤੇ ਮੀਟਿੰਗਾਂ ਕਰਕੇ ਪਾਰਟੀ ਵਰਕਰਾਂ ਨੂੰ ਕਹੀਆਂ ਸਮੇਤ ਅੰਬਾਲਾ ਪਹੁੰਚਣ ਦਾ ਸੱਦਾ ਦਿੱਤਾ। ਇਸ ਤਣਾਅ ਲਈ ਪੰਜਾਬ ਸਰਕਾਰ ਨੂੰ ਕਦਮ ਚੁੱਕਣੇ ਪੈਣਗੇ, ਕਿਉਂਕਿ ਹਰਿਆਣਾ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੇ ਜਾਣ ਦੇ ਆਸਾਰ ਮੱਧਮ ਹਨ। ਭਾਜਪਾ ਸਰਕਾਰ ਪਹਿਲਾਂ ਹੀ ਜਾਟ ਰਾਖਵਾਂਕਰਨ ਅੰਦੋਲਨ ਵਿੱਚ ਉਲਝੀ ਹੋਈ ਹੈ ਤੇ ਸੂਬੇ ਦੀ ਪੁਲੀਸ ਅਤੇ ਨੀਮ ਫੌਜੀ ਬਲ ਅੰਦੋਲਨ ਵਾਲੀਆਂ ਥਾਵਾਂ 'ਤੇ ਤਾਇਨਾਤ ਹਨ। ਭਾਜਪਾ ਸਰਕਾਰ ਇਨੈਲੋ ਦੇ ਮਾਮਲੇ ਵਿਚ ਦਖਲ ਦੇਣ ਨੂੰ ਤਿਆਰ ਨਹੀਂ ਜਾਪਦੀ।

## ਜ਼ਮੀਨ ਵਾਪਸ ਲੈਣੀ ਅਸੰਭਵ: ਪੰਜਾਬ

ਨਵੀਂ ਦਿੱਲੀ: ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਜਿਹੜੀ ਜ਼ਮੀਨ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਸੀ, ਉਹ ਜ਼ਮੀਨ ਅਸਲ ਮਾਲਕਾਂ ਨੂੰ ਮੋੜ ਦਿੱਤੀ ਗਈ ਹੈ ਅਤੇ ਹੁਣ ਇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਸਰਕਾਰ ਨੇ ਅਦਾਲਤ ਵਿੱਚ ਇਸ ਸਬੰਧੀ ਹਲਫ਼ਨਾਮਾ ਦਾਖਲ ਕੀਤਾ ਹੈ ਜਿਸ ਵਿੱਚ ਉਸ ਨੇ ਕਿਹਾ ਹੈ ਕਿ ਵਿਵਾਦਤ ਜ਼ਮੀਨ ਵਿਧਾਨ ਸਭਾ ਦੇ 16.11.2016 ਨੂੰ ਪਾਸ ਕੀਤੇ ਮਤੇ ਅਨੁਸਾਰ ਜ਼ਮੀਨ ਮਾਲਕਾਂ ਨੂੰ ਮੋੜ ਦਿੱਤੀ ਗਈ ਹੈ ਤੇ ਜ਼ਮੀਨ ਮਾਲਕਾਂ ਤੋਂ ਇਸ ਨੂੰ ਹੁਣ ਵਾਪਸ ਲੈਣਾ ਅਸੰਭਵ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਕੇਂਦਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਦਾ ਪਾਲਣ ਨਾ ਕਰਨ ਦਾ ਦੋਸ਼ ਲਾਇਆ ਹੈ। ਉਸ ਨੇ ਕਿਹਾ ਹੈ ਕਿ ਕੇਂਦਰ ਪੰਜਾਬ ਸਰਕਾਰ ਵੱਲੋਂ 1 ਜਨਵਰੀ, 2003 ਨੂੰ ਦਿੱਤੀ ਸ਼ਿਕਾਇਤ ਜਿਸ ਵਿੱਚ ਪਾਣੀ ਬਾਰੇ ਟ੍ਰਿਬਿਊਨਲ ਬਣਾਉਣ ਲਈ ਕਿਹਾ ਗਿਆ ਸੀ ਦੀ ਆਪਣੀ ਅਹਿਮ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਿਹਾ ਹੈ। ਹਲਫ਼ਨਾਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੇਂਦਰ ਅੰਤਰ ਰਾਜੀ ਪਾਣੀ ਮਾਮਲਿਆਂ ਬਾਰੇ ਵਿਚੋਲੇ ਦੀ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ। ਮੌਜੂਦਾ ਮਾਮਲੇ ਵਿੱਚ ਕੇਂਦਰ ਨੇ ਦੋ ਗੁਆਂਢੀ ਸੂਬਿਆਂ ਵਿੱਚ ਪਾਣੀ ਦੇ ਮਾਮਲੇ ਸਬੰਧੀ ਸੰਜੀਦਗੀ ਨਹੀਂ ਦਿਖਾਈ, ਜਿਸ ਕਰਕੇ ਹੁਣ ਇਸ ਹਲਫ਼ਨਾਮੇ 'ਤੇ ਸੁਣਵਾਈ ਹੋਵੇਗੀ।

## ਚੌਟਾਲਾ ਤੇ ਬਾਦਲ ਉਪਰ ਰਲੇ ਹੋਣ ਦਾ ਦੋਸ਼

ਹਰਿਆਣਾ ਦੇ ਦੋ ਮੰਤਰੀਆਂ ਕ੍ਰਿਸ਼ਨ ਕੁਮਾਰ ਅਤੇ ਨਾਇਬ ਸੈਣੀ ਨੇ ਕਿਹਾ ਕਿ ਹੈ ਕਿ ਸਤੁਲਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਚੌਟਾਲਾ ਅਤੇ ਬਾਦਲ ਪਰਿਵਾਰ ਮਿਲੇ ਹੋਏ ਹਨ ਤੇ ਸੁਪਰੀਮ ਕੋਰਟ ਵਿਚ ਹਰਿਆਣਾ ਦੇ ਕੇਸ ਨੂੰ ਕਮਜ਼ੋਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨੈਲੋ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ, ਜਿਨ੍ਹਾਂ ਨੂੰ ਅਧਿਆਪਕ ਘੁਟਾਲਾ ਕੇਸ ਵਿਚ ਦਸ ਸਾਲ ਦੀ ਸਜ਼ਾ ਹੋਈ ਹੈ, ਉਹ ਪੈਰੋਲ 'ਤੇ ਹਨ ਤੇ ਸੂਬੇ ਦੇ ਵੱਖ ਵੱਖ ਹਿੱਸਿਆਂ ਵਿਚ ਜਾ ਕੇ ਇਨੈਲੋ ਵਰਕਰਾਂ ਨੂੰ ਨਹਿਰ ਦੀ ਖੁਦਾਈ ਕਰਨ ਲਈ ਉਕਸਾ ਰਹੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਆਗੂਆਂ ਦੀ ਦੋਸਤੀ ਹੈ ਪਰ ਐਸਵਾਈਐਲ ਮੁੱਦੇ 'ਤੇ ਉਨ੍ਹਾਂ ਵੱਲੋਂ ਦਿਖਾਵੇ ਵਜੋਂ ਟਕਰਾਅ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਕੇਸ ਦਾ ਫੈਸਲਾ ਹਰਿਆਣਾ ਦੇ ਪੱਖ ਵਿਚ ਕਰ ਦਿੱਤਾ ਹੈ ਪਰ ਇਨੈਲੋ ਸਾਰੇ ਮਾਮਲੇ ਨੂੰ ਅਮਨ ਕਾਨੂੰਨ ਦਾ ਮਾਮਲਾ ਬਣਾ ਦੇਵੇਗੀ ਜਿਸ ਨਾਲ ਪੰਜਾਬ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਲਈ ਇਕ ਹੋਰ ਮੌਕਾ ਮਿਲ ਜਾਵੇਗਾ।



ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੁਹਰਾਇਆ ਹੈ ਕਿ ਪੰਜਾਬ ਕੋਲ ਕਿਸੇ ਵੀ ਹੋਰ ਸੂਬੇ ਨੂੰ ਦੇਣ ਲਈ ਇੱਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ ਕਿਉਂਕਿ ਪੰਜਾਬ ਦੇ ਕਿਸਾਨ ਖ਼ੁਦ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਸਤਲੁਜ ਯਮੁਨਾ ਲਿੰਕ ਨਹਿਰ (ਐਸਵਾਈਐਲ) ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਣਨ ਦਿੱਤਾ ਜਾਵੇਗਾ ਤੇ ਨਾ ਹੀ ਪੰਜਾਬ ਦੇ ਪਾਣੀਆਂ ਦੀ ਇੱਕ ਵੀ ਬੂੰਦ ਉਸ ਨਹਿਰ ਰਾਹੀਂ ਕਿਸੇ ਹੋਰ ਸੂਬੇ ਨੂੰ ਦਿੱਤੀ ਜਾਵੇਗੀ। ਉਨ੍ਹਾਂ ਇਸ ਮੁੱਦੇ 'ਤੇ ਕਈ ਆਗੂਆਂ ਦੇ ਬਿਆਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੀਆਂ ਸਿਆਸੀ ਧਿਰਾਂ ਤੇ ਆਗੂਆਂ ਨੂੰ ਪੰਜਾਬ ਦੀ ਅਮਨ-ਸ਼ਾਂਤੀ ਦੀ ਕੀਮਤ 'ਤੇ ਇਸ ਮੁੱਦੇ 'ਤੇ ਸਿਆਸੀ ਨੌਟੰਕੀ ਕਰਨ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹੁੰਦਿਆਂ ਕਿਸੇ ਨੂੰ ਵੀ ਸੂਬੇ ਦੇ ਹਿੱਤਾਂ ਦੀ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਕਿਸੇ ਨੂੰ ਵੀ ਕਾਨੂੰਨ ਹੱਥ ਵਿੱਚ ਲੈ ਕੇ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਈ ਵੀ ਅਜਿਹਾ ਕਦਮ ਚੁੱਕਣ ਤੋਂ ਪ੍ਰਹੇਜ਼ ਕਰਨ ਜੋ ਪੰਜਾਬ ਦੀ ਅਮਨ-ਸ਼ਾਂਤੀ ਲਈ ਖ਼ਤਰਾ ਹੋਵੇ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW



# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

ਅਨੁਵਾਦ : ਬੂਟਾ ਸਿੰਘ



# ਅਡਵਾਨੀ ...ਨੇ ਨਰਿੰਦਰ ਮੋਦੀ ਨੂੰ ਬਚਾਇਆ, ਉਹ ਮੋਦੀ ਦਾ ਗੁਰੂ ਸੀ...

**ਰਾਣਾ ਅਯੂਬ**

ਜਾਗਰੁਤੀਜੀ ਦੇ ਦਿਲ ਵਿਚ ਮੁਸਲਮਾਨਾਂ ਲਈ ਕੁੜੱਤਣ ਦੀ ਭਾਵਨਾ ਸੀ ਕਿਉਂਕਿ ਉਨ੍ਹਾਂ ਵਿਚੋਂ ਇਸੇ ਇਕ ਨੇ ਕਥਿਤ ਤੌਰ ‘ਤੇ ਉਸਦੇ ਪਤੀ ਦੀ ਹੱਤਿਆ ਕੀਤੀ ਸੀ। ਜਿਵੇਂ ਕਿਸਮਤ ਮੇਰਾ ਸਾਥ ਦੇਵੇਗੀ, ਉਸਨੂੰ ਯਕੀਨ ਹੋ ਗਿਆ ਸੀ ਕਿ ਰਾਣਾ ਇਕ ਹਿੰਦੂ ਨਾਂ ਸੀ। ਉਸ ਦੇ ਯਕੀਨ ਨੂੰ ਦਰੁਸਤ ਕਰਨਾ ਮੇਰੇ ਲਈ ਬਹੁਤ ਵੱਡੀ ਉਲਝਣ ਸੀ ਅਤੇ ਮੈਂ ਫ਼ੈਸਲਾ ਕੀਤਾ ਕਿ ਜਦੋਂ ਬਾਅਦ ਵਿਚ ਉਸਨੇ ਮੇਰੇ ਕਿਸੇ ਕਾਲਮ ਵਿਚ ਮੇਰਾ ਬਾਕੀ ਨਾਂ ਪੜ੍ਹ ਲਿਆ ਫਿਰ ਮੈਂ ਚਾਹਾਂਗੀ ਕਿ ਉਹ ਮੇਰੇ ਅਕੀਦੇ ਦਾ ਸੱਚ ਜਾਣ ਲਏ। ਜਦੋਂ ਵੀ ਉਹ ਆਪਣੇ ਪਤੀ ਦੇ ਕਾਤਲਾਂ ਬਾਰੇ ਗੱਲ ਕਰਦੀ ਉਹ ਮੁਸਲਮਾਨਾਂ ਦਾ ਜ਼ਿਕਰ ਇਹ ਲੋਕ ਕਹਿ ਕੇ ਕਰਦੀ ਅਤੇ ਕਦੀ ਕਦਾਈਂ ਤਾਂ ਉਹ ਉਨ੍ਹਾਂ ਨੂੰ ਹਿੰਸਕ ਟੋਲਾ ਵੀ ਕਹਿ ਦਿੰਦੀ। ਪਰ ਜਿਉਂ ਹੀ ਮੈਂ ਜਾਗਰੁਤੀਬੇਨ ਨੂੰ ਮਿਲੀ ਉਸਦੇ ਇਸ ਦ੍ਰਿੜ ਯਕੀਨ ਨੂੰ ਦੇਖ ਕੇ ਮੈਂ ਹੱਕੀ ਬੱਕੀ ਰਹਿ ਗਈ ਕਿ ਮੁਸਲਮਾਨ ਮੁੰਡਿਆਂ ਨੂੰ ਕਿਸੇ ਤਾਕਤਵਰ ਵੱਲੋਂ ਇਸਤੇਮਾਲ ਕੀਤਾ ਗਿਆ ਸੀ। ਇਹ ਇਕ ਔਰਤ ਕਹਿ ਰਹੀ ਸੀ ਜੋ ਅੱਠ ਸਾਲ ਪਹਿਲਾਂ ਆਪਣਾ ਪਤੀ ਖੋਹ ਚੁੱਕੀ ਸ। ਉਸਦੇ ਛੋਟੇ ਪੁੱਤਰ ਨੂੰ ਆਪਣੇ ਬਾਪ ਦੇ ਦਾਹ ਸਸਕਾਰ ਬਾਰੇ ਤਕਰੀਬਨ ਕੁਝ ਵੀ ਚੇਤੇ ਨਹੀਂ ਸੀ। ਫਿਰ ਵੀ ਇਹ ਯਕੀਨੀਂ ਬਣਾਉਣ ਦੇ ਨਾਲ ਨਾਲ ਕਿ ਉਸਦੇ ਪੁੱਤਰਾਂ ਦੀ ਸੁਚੱਜੀ ਪਰਵਰਿਸ਼ ਹੋਵੇ, ਉਸਨੇ ਨਿਆਂ ਲਈ ਜੱਦੋਜਹਿਦ ਨੂੰ ਤਿਲਾਂਜਲੀ ਨਹੀਂ ਦਿੱਤੀ। ਸਗੋਂ ਇਹ ਯਕੀਨੀਂ ਬਣਾਇਆ ਕਿ ਇਸਦਾ ਉਸਦੇ ਬਚਿਆਂ ਉਪਰ ਬੁਰਾ ਅਸਰ ਨਾ ਪਵੇ। ਉਸਦਾ ਛੋਟਾ ਪੁੱਤਰ ਰਾਜ ਪੱਧਰ ਦਾ ਖਿਡਾਰੀ ਹੈ ਅਤੇ ਵੱਡਾ ਪੁੱਤਰ ਇਕ ਨਿੱਜੀ ਕੰਪਨੀ ਲਈ ਕੰਮ ਕਰਦਾ ਹੈ। ਦੋਵੇਂ ਆਪਣੀ ਮਾਂ ਦੇ ਇਸ ਦ੍ਰਿੜ ਯਕੀਨ ਨੂੰ ਸੱਚ ਮੰਨ ਕੇ ਉਸ ਨਾਲ ਚਟਾਨ ਬਣ ਕੇ ਖੜ੍ਹੇ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਪਿੱਛੇ ਕੋਈ ਬਹੁਤ ਵੱਡੀ ਸਾਜ਼ਿਸ਼ ਕੰਮ ਕਰਦੀ ਸੀ। ਜਾਗਰੁਤੀਬੇਨ ਨੇ ਮੈਨੂੰ ਜੋ ਕਾਲਾਂ ਦਾ ਰਿਕਾਰਡ ਦਿੱਤਾ ਅਤੇ ਮੂਫ਼ਤੀ ਸੂਫ਼ੀਆਂ ਤੇ ਉਸਦੇ ਪਰਿਵਾਰ ਦੇ ਵੇਰਵਿਆਂ ਜਿਨ੍ਹਾਂ ਨੂੰ ਉਸਨੇ ਮਿਲਣ ਦਾ ਯਤਨ ਕੀਤਾ ਦੇ ਅਧਾਰ ‘ਤੇ ਆਪਣੇ ਪਤੀ ਦੀ ਹੱਤਿਆ ਨੂੰ ਲੈ ਕੇ ਉਸਦੇ ਸਵਾਲ ਮੁਨਾਸਬ ਸਨ।

ਉਸਨੇ ਮੈਨੂੰ ਸੰਕਰਸ਼ਨ ਠਾਕੁਰ ਦੀ ਵਿਸਤਾਰਤ ਰਿਪੋਰਟ (ਜਿਸਦਾ ਹਵਾਲਾ ਅਤੇ ਅੰਸ਼ ਪਿੱਛੇ ਦਿੱਤੇ ਗਏ ਸਨ) ਵੀ ਮੇਰੇ ਨਾਲ ਸਾਂਝੀ ਕੀਤੀ। ਮੈਂ ਉਸ ਨੂੰ ਓਦੋਂ ਮਿਲੀ ਜਦੋਂ ਅਮਿਤ ਸ਼ਾਹ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਸੀ ਅਤੇ ਤੁਲਸੀ ਪ੍ਰਜਾਪਤੀ (ਉਸ ਨੂੰ ਵੀ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ) ਬਾਰੇ ਵੇਰਵੇ ਨਸ਼ਰ ਹੋ ਚੁੱਕੇ ਸਨ ਜਿਨ੍ਹਾਂ ਵਿਚ ਪਾਂਡਿਆ ਦੇ ਕਤਲ ਬਾਰੇ ਅਹਿਮ ਜਾਣਕਾਰੀ ਦਿੱਤੀ ਗਈ ਸੀ। ਅਕਤੂਬਰ 2011 ‘ਚ ਜਦੋਂ ਸਟਿੰਗ ਓਪਰੇਸ਼ਨ ਤੋਂ ਬਾਅਦ ਮੈਂ ਦਿੱਲੀ ਵਾਪਸ ਆ ਚੁੱਕੀ ਸੀ ਇਸ ਤੋਂ ਕੁਝ ਮਹੀਨੇ ਬਾਅਦ ਮੈਂ ਪਾਂਡਿਆ ਦੇ ਕਤਲ ਬਾਰੇ ਇਕ ਲੇਖ ਲਿਖਿਆ ਜਿਸ ਵਿਚ ਮੈਂ ਕੁਝ ਅਹਿਮ ਸਵਾਲ ਉਠਾਏ: ਸੂਫ਼ੀਆਂ ਦਾ ਬਾਪ ਚੁੜਾਸਮਾ ਦੇ ਗੁਣ ਕਿਉਂ ਗਾ ਰਿਹਾ ਹੈ ਜੋ ਓਦੋਂ ਅਹਿਮਦਾਬਾਦ ਕ੍ਰਾਈਮ ਬਰਾਂਚ ਵਿਚ ਸੀ ? ਚੁੜਾਸਮਾ ਨੇ ਇਸ ਪਰਿਵਾਰ ਨਾਲ ਇਹ ਇਕਰਾਰ ਕਿਉਂ ਕੀਤਾ, ਜੇ ਉਸਦੇ ਬਾਪ ਦੀ ਗੱਲ ਉਪਰ ਯਕੀਨ ਕੀਤਾ ਜਾਵੇ, ਕਿ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ ? ਸੀ ਬੀ ਆਈ ਤਾਂ ਇਹ ਦਾਅਵਾ ਕਰਦੀ ਹੈ, ਜਿਸ ਨੂੰ ਕ੍ਰਾਈਮ ਬਰਾਂਚ ਨੇ ਮੁੱਢਲੀ ਜਾਂਚ ਦਾ ਕੰਮ ਸਪੁਰਦ ਕੀਤਾ ਸੀ ਕਿ ਇਹ ਮਾਮਲਾ ਠੋਸ ਤੇ ਸਪਸ਼ਟ ਸੀ, ਫਿਰ ਇਹ ਤਰਕਪੂਰਨ ਸਵਾਲ ਪੁੱਛਿਆ ਜਾ ਸਕਦਾ ਹੈ: ਤਾਂ ਫਿਰ ਮਾਮਲੇ ਦੀ ਜਾਂਚ ਕਰਨ ਵਾਲੀ ਸੀ ਬੀ ਆਈ ਟੀਮ ਸੂਫ਼ੀਆਂ ਦੀ ਭਾਲ ਕਰਨ ਲਈ ਦੂਜੇ ਮੁਲਕਾਂ ਦਾ ਸਹਿਯੋਗ ਲੈਣ ਲਈ ਬਾਕਾਇਦਾ ਅਪੀਲ ਜਾਰੀ ਕਿਉਂ ਨਹੀਂ ਕਰਵਾ ਸਕੀ ? ਦੂਜੀ ਗੱਲ ਸੀ ਬੀ ਆਈ ਦੇ ਜਾਂਚ ਅਫ਼ਸਰ ਦਾਅਵਾ ਕਰਦੇ ਹਨ ਕਿ ਪਾਂਡਿਆ ਦੀਆਂ ਫ਼ੋਨ ਕਾਲਾਂ ਦਾ ਮਾਰਚ 2003 ਦਾ ਰਿਕਾਰਡ ਨਹੀਂ ਮਿਲਿਆ, ਜਦਕਿ ਇਸਤੋਂ ਪਹਿਲੇ ਦੋ ਮਹੀਨਿਆਂ ਦਾ ਰਿਕਾਰਡ ਮੁਹੱਈਆ ਕਰਵਾ ਦਿੱਤਾ ਗਿਆ ਸੀ। ਇਹ ਰਿਕਾਰਡ, ਜਿਸ ਦੀ ਕਾਪੀ ਤਹਿਲਕਾ ਕੋਲ ਹੈ, ਦਿਖਾਉਂਦਾ ਹੈ ਕਿ ਅਹਿਮਦਾਬਾਦ ਤੋਂ ਇਕ ਔਰਤ ਪੱਤਰਕਾਰ ਵੱਲੋਂ ਉਸ ਨੂੰ ਚਾਲੀ ਕਾਲਾਂ ਕੀਤੀਆਂ ਗਈਆਂ। ਹੈਰਾਨੀ ਦੀ ਗੱਲ ਇਹ ਹੈ ਕਿ ਨਾ ਸੀ ਬੀ ਆਈ ਅਤੇ ਨਾ ਪੁਲਿਸ, ਕਿਸੇ ਨੇ ਵੀ ਉਸਤੋਂ ਪੁੱਛਗਿੱਛ ਨਹੀਂ ਕੀਤੀ। ਤੀਜੀ ਗੱਲ ਮੁੱਖ ਗਵਾਹ ਅਨਿਲ ਯਾਦਰਾਮ, ਜੋ ਲਾਅ ਗਾਰਡਨਜ਼ ਨੇੜੇ ਖਾਣੇ ਦੀ ਰੇੜ੍ਹੀ ਲਗਾਉਂਦਾ ਹੈ ਅਤੇ ਜਿਸ ਨੇ ਕਥਿਤ ਤੌਰ ‘ਤੇ ਕਤਲ ਹੁੰਦਾ ਦੇਖਿਆ ਸੀ ਨੇ ਆਪਾ ਵਿਰੋਧੀ ਬਿਆਨ ਦਿੱਤੇ ਹਨ। ਉਸਨੇ ਪੁਲਿਸ ਨੂੰ ਦਸਿਆ ਕਿ ਉਹ ਐਨਾ ਡੌਰਭੌਰ ਹੋ ਗਿਆ ਸੀ ਕਿ ਉਸ ਨੂੰ ਕੁਝ ਨਹੀਂ ਸੁੱਝਿਆ ਪਰ ਇਕ ਘੰਟੇ ਬਾਅਦ ਉਸਨੇ ਆਪਣੀ ਰੇੜ੍ਹੀ ਦੇ ਮਾਲਕ ਨੂੰ ਫ਼ੋਨ ਕੀਤਾ, ਜਿਸ ਨੇ ਅੱਗੋਂ ਪਾਂਡੇ ਦੇ ਸਹਾਇਕ ਨੂੰ ਫ਼ੋਨ ਕੀਤਾ ਪਰ ਪੁਲਿਸ ਨੂੰ ਕਿਸੇ ਨੇ ਫੋਨਹੀਂ ਕੀਤਾ। ਜਦੋਂ ਤਹਿਲਕਾ ਨੇ ਯਾਦਰਾਮ ਨਾਲ ਸੰਪਰਕ ਕੀਤਾ, ਉਸਨੇ ਤਿੰਨ ਦਿਨਾਂ ਵਿਚ ਤਿੰਨ ਆਪਾ ਵਿਰੋਧੀ ਬਿਆਨ ਦਿੱਤੇ। ਪਹਿਲੇ ਦਿਨ, ਉਸਨੇ ਕਿਹਾ ਕਿ ਅਲੀ ਇਕ ਬਾਈਕ ਉਪਰ ਆਇਆ; ਦੂਜੇ ਦਿਨ ਉਸਨੇ ਕਿਹਾ ਕਿ ਉਸਨੇ ਉਸਨੂੰ ਕਾਰ ਵੱਲ ਪੈਦਲ ਤੁਰਿਆ ਆਉਂਦਾ ਦੇਖਿਆ; ਅਤੇ ਤੀਜੇ ਦਿਨ ਉਸਨੇ ਕਿਹਾ ਕਿ ਉਸਨੂੰ ਘਟਨਾਵਾਂ ਦੀ ਲੜੀ ਚੇਤੇ ਨਹੀਂ। ਚੌਥੀ ਗੱਲ, ਫਾਰੈਂਸਿਕ ਰਿਪੋਰਟ ਅਨੁਸਾਰ, ਪਾਂਡਿਆ ਦੇ ਕੁੜਤੇ ਉਪਰ ਗੋਲੀਆਂ ਦੇ ਛੇ ਛੇਕ ਸਨ। ਪਰ ਉਸਦੇ ਜਿਸਮ ਵਿਚ ਸਿਰਫ਼ ਪੰਜ ਗੋਲੀਆਂ ਮਿਲੀਆਂ ਸਨ। ਜੇ ਉਹ ਸਟੀਰਿੰਗ ਵ੍ਹੀਲ ਪਿੱਛੇ ਬੈਠਾ ਸੀ ਅਤੇ ਹਥਿਆਰ ਸੱਜੀ ਤਾਕੀ ਵਿਚੋਂ ਦੀ ਚਲਾਇਆ ਗਿਆ, ਜੋ ਅੱਧੀ ਖੁੱਲ੍ਹੀ ਸੀ, ਤਾਂ ਉਸਨੇ ਪਤਾਲੂਆਂ ਵਿਚ ਕੋਈ ਜ਼ਖ਼ਮ ਨਹੀਂ ਸੀ ਹੋਣਾ ਚਾਹੀਦਾ। ਇਸਤਗਾਸਾ ਧਿਰ ਨੇ ਵਿਆਖਿਆ ਦੇ ਦਿੱਤੀ ਅਤੇ ਜੱਜ ਨੇ ਸਵੀਕਾਰ ਕਰ ਲਈ ਕਿ ਉਹ ਡਰਾਈਵਰ ਦੇ ਨਾਲ ਵਾਲੀ ਸਵਾਰੀ ਸੀਟ ਉਪਰ ਲੁੜਕਿਆ ਹੋਇਆ ਸੀ, ਪਰ ਇਹ ਸੰਭਵ ਨਹੀਂ ਲਗਦਾ। ਅਤੇ ਪੰਜਵੀਂ ਗੱਲ, ਪੁਲਿਸ ਦੇ ਕੰਟਰੋਲ ਰੂਮ ਲਾਗ ਵਲੋਂ ਦਰਜ ਕੀਤੀ ਐੱਫ਼ ਆਈ ਆਰ ਘਚੋਲੇ ਜਾਂ ਦੇਰੀ ਨੂੰ ਦਿਖਾਉਂਦੀ ਸੀ। ਇਨ੍ਹਾਂ ਚੋਰ ਮੋਰੀਆਂ ਅਤੇ ਗਵਾਹਾਂ ਦੇ ਬਦਲ ਰਹੇ ਬਿਆਨਾਂ ਦੇ ਕਾਰਨ, ਇਹ ਸੁਭਾਵਿਕ ਸੀ ਕਿ ਹਾਈਕੋਰਟ ਨੇ ਸਦਮਾਜਨਕ ਕਾਰਵਾਈ ਕਰਦਿਆਂ ਮਾਮਲੇ ਨਾਲ ਸਬੰਧਤ ਸਾਰੇ ਦੇ ਸਾਰੇ 12 ਮੁਲਜ਼ਿਮਾਂ ਨੂੰ ਪਿਛਲੇ ਮਹੀਨੇ ਬਰੀ ਕਰ ਦਿੱਤਾ ਅਤੇ ਨਾਲ ਹੀ ਇਹ ਵੀ ਫੈਸਲਾ ਸੁਣਾ ਦਿੱਤਾ ਕਿ ਇਹ ਸਾਬਤ ਕਰਨ ਲਈ ਕੋਈ ਸਬੂਤ ਮੌਜੂਦਾ ਨਹੀਂ ਕਿ ਪਾਂਡਿਆ ਨੂੰ ਗੋਲੀ ਅਲੀ ਨੇ ਮਾਰੀ ਸੀ।




ਆਖ਼ਰੀ

ਬਾਅਦ ਵਿਚ ਮੈਂ ਕਈ ਮੌਕਿਆਂ ਉਪਰ ਜਾਗਰੁਤੀਬੇਨ ਨੂੰ ਮਿਲੀ; ਅਸੀਂ ਗੱਡੀ ਲੈ ਕੇ ਘੁੰਮਣ ਫਿਰਨ ਚਲੇ ਜਾਂਦੀਆਂ, ਜਾਂ ਫਿਰ ਰਾਤ ਦਾ ਖਾਣਾ ਖਾਣ ਲਈ ਘਰੋਂ ਬਾਹਰ ਚਲੇ ਜਾਂਦੀਆਂ। ਉਸਨੂੰ ਇਕ ਵਿਸ਼ਵਾਸਪਾਤਰ ਮਿਲ ਗਿਆ ਸੀ, ਅਤੇ ਮੈਨੂੰ ਇਕ ਸਹੇਲੀ ਮਿਲ ਗਈ ਸੀ ਜਿਸਨੇ ਮੈਨੂੰ ਸੱਚ ਸਾਹਮਣੇ ਲਿਆਉਣ ਦੀ ਤਾਕਤ ਦਿੱਤੀ। ਮੈਨੂੰ ਚੇਤੇ ਹੈ ਕਿ ਮੈਂ ਉਸਦੇ ਪਤੀ ਦੇ ਕਤਲ ਦੇ ਮਾਮਲੇ ਵਿਚ ਲਗਾਈ ਚਾਰਜਸ਼ੀਟ ਦੀ ਕਾਪੀ ਲੈਣ ਲਈ ਜਾਗਰੁਤੀਬੇਨ ਨੂੰ ਮਿਲੀ ਸੀ। ਰਮਜ਼ਾਨ ਦਾ ਮਹੀਨਾ ਸੀ ਅਤੇ ਮੈਂ ਰੋਜ਼ੇ ਰੱਖੇ ਹੋਏ ਸਨ। ਜਦੋਂ ਮੈਂ ਉਸਦੇ ਘਰ ਗਈ, ਉਸਨੇ ਸ਼ਕੰਜਵੀ ਦੀ ਪੇਸ਼ਕਸ਼ ਕੀਤੀ। ਮੈਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਮੈਂ ਨਹੀਂ ਪੀ ਸਕਦੀ। ਉਸਨੇ ਚਾਹ ਲਿਆਉਣ ਲਈ ਕਿਹਾ। ਨਹੀਂ ਜਾਗਰੁਤੀਬੇਨ, ਰਮਜ਼ਾਨ ਹੈ ਨਾ, ਮੇਰਾ ਰੋਜ਼ਾ ਹੈ। ਕੁਛ ਖਾ ਪੀ ਨਹੀਂ ਸਕਤੀ ਮੈਂ ਉਸਨੂੰ ਦਸਿਆ। ਉਹ ਸੁੰਨ ਹੋ ਗਈ ਅਤੇ ਉਸਨੇ ਕਹਿਣ ਲਈ ਮਸਾਂ ਹੀ ਕੁਝ ਸ਼ਬਦ ਜੁਟਾਏ। ਆਪ ਮੁਸਲਮਾਨ ਹੋ ? ਮੁਝੇ ਪਤਾ ਨਹੀਂ ਥਾਂ, ਉਹ ਬੋਲੀ। ਉਹ ਇਹ ਸੋਚ ਕੇ ਪ੍ਰੇਸ਼ਾਨ ਸੀ ਕਿ ਉਹ ਮੇਰੀ ਮੌਜੂਦਗੀ ਵਿਚ ਕਈ ਵਾਰ ਮੇਰੇ ਭਾਈਚਾਰੇ ਬਾਰੇ ਸਖ਼ਤ ਸ਼ਬਦ ਇਸਤੇਮਾਲ ਕਰਦੀ ਰਹੀ ਸੀ। ਕੋਈ ਬਾਤ ਨਹੀਂ, ਆਪਕੀ ਜਗ੍ਹਾ ਮੈਂ ਹੋਤੀ ਤੋ ਮੁਝਸੇ ਭੀ ਭੂਲ ਹੋ ਸਕਦੀ ਥੀ। ਓਾਪ ਕੇ ਸਾਥ ਜੋ ਹੂਆ ਹੈ ਵੋਹ ਕੋਈ ਮੁਆਫ਼ ਨਹੀਂ ਕਰ ਸਕਤਾ, ਮੈਂ ਉਸਨੂੰ ਭਰੋਸੇ ਵਿਚ ਲੈਣ ਲਈ ਕਿਹਾ। ਉਹ ਮੇਰੇ ਕੋਲ ਬੈਠ ਕੇ ਚਾਰਜਸ਼ੀਟ ਅਤੇ ਫ਼ੋਨ ਕਾਲਾਂ ਦੇ ਰਿਕਾਰਡ ਦੇ ਪੰਨੇ ਫਰੋਲਦੀ ਰਹੀ ਅਤੇ ਨਿੱਠ ਕੇ ਮੇਰੇ ਸਵਾਲਾਂ ਦੇ ਜਵਾਬ ਦਿੰਦੀ ਰਹੀ।

ਉਸਨੇ ਖੁਲਾਸਾ ਕੀਤਾ ਕਿ ਵੀ ਆਰ ਕ੍ਰਿਸ਼ਨਾਆਇਰ ਦੀ ਅਗਵਾਈ ਹੇਠ ਸੰਨ 2002 ਦੀ ਗੁਜਰਾਤ ਨਸਲਕੁਸ਼ੀ ਦੀ ਜੋ ਸਿਟੀਜ਼ਨ ਜਾਂਚ ਕੀਤੀ ਜਾ ਰਹੀ ਉਸਦੇ ਪਤੀ ਨੇ ਉਸ ਅੱਗੇ ਗਵਾਹੀ ਦਿੱਤੀ ਸੀ। ਇਹ ਪੂਰੀ ਤਰ੍ਹਾਂ ਗੁਪਤ ਗਵਾਹੀ ਸੀ, ਪਰ ਉਸਦਾ ਵਿਸ਼ਵਾਸ ਸੀ ਕਿ ਮੋਦੀ ਨੂੰ ਇਸਦੀ ਸੂਹ ਮਿਲ ਗਈ ਸੀ। ਉਸਨੇ ਜ਼ੋਰ ਦਿੱਤਾ, ਮੋਦੀ ਦੇ ਤਰ੍ਹਾਂ ਤਰ੍ਹਾਂ ਦੇ ਵਕਾਰ ਦੇ ਸਵਾਲ ਸਨ ਜਿਨ੍ਹਾਂ ਦਾ ਸਬੰਧ ਹਰੇਨ ਨਾਲ ਸੀ, ਇਸੇ ਕਰਕੇ ਉਸਨੇ ਭਾਜਪਾ ਹਾਈਕਮਾਨ ਦੀ ਹੁਕਮ ਅਦੂਲੀ ਕੀਤੀ ਅਤੇ ਉਸਦੇ ਪਤੀ ਨੂੰ ਐਲਿਸਬਰਿਜ ਸੀਟ ਛੱਡਣ ਲਈ ਮਜਬੂਰ ਕਰ ਦਿੱਤਾ। ਉਸਨੇ ਦਸਿਆ, ਪਾਂਡਿਆ ਨਰਿੰਦਰ ਮੋਦੀ ਨੂੰ ਸਿਆਸੀ ਕੰਡਾ ਬਣ ਕੇ ਚੁਭਦਾ ਸੀ ਕਿਉਂਕਿ ਆਰ ਐੱਸ ਐਸ ਹਮੇਸ਼ਾ ਉਸਨੂੰ ਚੰਗਾ ਸਮਝਦੀ ਸੀ ਅਤੇ ਉਸਦੀ ਪੁਸ਼ਤਪਨਾਹੀ ਕਰਦੀ ਸੀ।

ਜਦੋਂ ਮੈਂ ਉੱਥੋਂ ਤੁਰਨ ਲੱਗੀ, ਉਸਨੇ ਮੈਨੂੰ ਪੁੱਛਿਆ ਅਹਿਮਦਾਬਾਦ ਵਿਚ ਮੈਂ ਕਿਥੇ ਠਹਿਰੀ ਹੋਈ ਸੀ। ਸ਼ਾਮ ਨੂੰ ਸਾਢੇ ਛੇ ਵਜੇ ਦੇ ਕਰੀਬ, ਇਫ਼ਤਾਰ (ਰੋਜ਼ੇ ਖੋਲ੍ਹਣ) ਤੋਂ ਅੱਧਾ ਕੁ ਘੰਟਾ ਪਹਿਲਾਂ ਉਸਨੇ ਮੈਨੂੰ ਫ਼ੋਨ ਕੀਤਾ। ਉਹ ਮੇਰੇ ਹੋਟਲ ਦੇ ਬਾਹਰ ਖੜ੍ਹੀ ਮੈਨੂੰ ਕਿਸੇ ਭੋਜਨ ਭੰਡਾਰ ਵਿਚ ਲੈ ਕੇ ਜਾਣ ਲਈ ਇੰਤਜ਼ਾਰ ਕਰ ਰਹੀ ਸੀ ਤਾਂ ਜੋ ਮੈਂ ਆਪਣਾ ਰੋਜ਼ ਖੋਲ੍ਹ ਸਕਾਂ।

ਉਸ ਦਿਨ ਤੋਂ ਜਾਗਰੁਤੀਬੇਨ ਨੇ ਮੇਰੀ ਸੁਰੱਖਿਆ ਦਾ ਬਹੁਤ ਹੀ ਖਿਆਲ ਰੱਖਣਾ ਸ਼ੁਰੂ ਕਰ ਦਿੱਤਾ। ਮੈਂ ਇਸ ਸਟੇਟ ਨੂੰ ਜਾਣਦੀ ਹਾਂ, ਉਸਨੇ ਮੈਨੂੰ ਦਸਿਆ। ਤੂੰ ਮੇਰੇ ਪਤੀ ਬਾਰੇ ਸੱਚ ਸਾਹਮਣੇ ਲਿਆਉਣ ਲਈ ਐਨੀ ਘਾਲਣਾ ਘਾਲ ਰਹੀ ਏਂ। ਤੇਰਾ ਖ਼ਿਆਲ ਰੱਖਣਾ ਮੇਰਾ ਫਰਜ਼ ਹੈ, ਖ਼ਾਸ ਕਰਕੇ ਤੇਰੇ ਨਾਂ ਦੇ ਕਾਰਨ।

ਹਰੇਨ ਪਾਂਡਿਆ ਮਾਮਲੇ ਦੀ ਜਾਂਚ ਵਿਚ ਬਹੁਤ ਜ਼ਿਆਦਾ ਅਧਿਕਾਰੀ ਲੱਗੇ ਹੋਏ ਸਨ। ਕਤਲ ਹੋਣ ਤੋਂ ਥੋੜ੍ਹੇ ਦਿਨਾਂ ਦੇ ਅੰਦਰ ਹੀ ਸੀ ਬੀ ਆਈ ਨੇ ਮਾਮਲਾ ਹੱਥ ਲੈ ਲਿਆ ਸੀ ਅਤੇ ਪ੍ਰੋਟੋਕੋਲ ਅਨੁਸਾਰ ਐੱਫ ਆਈ ਆਰ ਤਿਆਰ ਕਰ ਲਈ ਅਤੇ ਗੁਜਰਾਤ ਪੁਲਿਸ ਨੇ ਇਸ ਉਪਰ ਦਸਤਖ਼ਤ ਕਰ ਦਿੱਤੇ ਸਨ। ਮੈਂ ਐੱਫ ਆਈ ਆਰ ਦਾ ਮੁਤਾਲਿਆ ਕੀਤਾ ਤਫ਼ਤੀਸ਼ੀ ਅਧਿਕਾਰੀ ਵਾਈ ਏ ਸ਼ੇਖ ਨਾਂ ਦਾ ਇਕ ਇੰਸਪੈਕਟਰ ਸੀ (ਉਪਰ ਅਖ਼ਬਾਰੀ ਰਿਪੋਰਟ ਵਿਚ ਵੀ ਉਸਦਾ ਜ਼ਿਕਰ ਕੀਤਾ ਗਿਆ ਹੈ)।

ਇਤਫ਼ਾਕ ਨਾਲ ਉਹ ਵੀ ਐੱਲ ਸੋਲੰਕੀ ਦਾ ਮਿੱਤਰ ਸੀ (ਗੀਤਾ ਜੌਹਰੀ ਦੇ ਸਬੰਧ ਵਿਚ ਉਸਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ) ਸੇਮੁਲਾਕਾਤੀਆਂ ਨੂੰ ਨਹੀਂ ਮਿਲਦਾ ਸੀ ਅਤੇ ਖ਼ਾਸ ਕਰਕੇ ਮੀਡੀਆ ਵਾਲਿਆਂ ਨੂੰ। ਮੈਂ ਅਜੇ ਆਪਣਾ ਸਟਿੰਗ ਓਪਰੇਸ਼ਨ ਸ਼ੁਰੂ ਨਹੀਂ ਕੀਤਾ ਸੀ ਅਤੇ ਸ਼ਾਹ ਦੀ ਗ੍ਰਿਫ਼ਤਾਰੀ ਤੋਂ ਬਾਅਦ ਅਹਿਮਦਾਬਾਦ ਵਿਚ ਰਹਿ ਕੇ ਛਾਣਬੀਣ ਵਿਚ ਲੱਗੀ ਹੋਈ ਸੀ। ਮੈਂ ਵੀ ਐੱਲ ਸੋਲੰਕੀ ਨੂੰ ਦੋ ਵਾਰ ਮਿਲੀ ਜਿਸਨੇ ਮੇਰਾ ਪਿਛੋਕੜ ਜਾਣ ਕੇ ਮੈਨੂੰ ਆਪਣੀ ਰਿਹਾਇਸ਼ ‘ਤੇ ਆਉਣ ਲਈ ਕਿਹਾ। ਉਸਦੇ ਘਰ ਦੇ ਬਾਹਰ ਪੁਲਿਸ ਜੀਪ ਵਿਚ ਪੁਲਿਸ ਮੁਲਾਜ਼ਮ ਬੈਠੇ ਸਨ ਜੋ ਉਸ ਵੱਲੋਂ ਗੀਤਾ ਜੌਹਰੀ ਵਿਰੁੱਧ ਬਿਆਨ ਦੇਣ ਤੋਂ ਬਾਅਦ ਉਸਦੀ ਵਾਧੂ ਸੁਰੱਖਿਆ ਲਈ ਲਗਾਏ ਹੋਏ ਸਨ। (ਬਾਕੀ ਅਗਲੇ ਅੰਕ ’ਚ)

ਸੋਲੰਕੀ ਨੇ ਸੀ.ਬੀ.ਆਈ. ਨੂੰ ਜੋ ਬਿਆਨ ਦਿੱਤਾ ਸੀ ਮੇਰੇ ਕੋਲ ਉਸਦੇ ਅੱਖਰ ਅੱਖਰ ਦੀ ਪ੍ਰੋੜਤਾ ਕੀਤੀ। ਤੇ ਜਦੋਂ ਮੈਂ ਤੁਰਨ ਲੱਗੀ ਤਾਂ ਮੈਂ ਸੋਲੰਕੀ ਨੂੰ ਸਰਸਰੀ ਤੌਰ ‘ਤੇ ਪੁੱਛ ਲਿਆ ਕੀ ਉਹ ਸੇਨਾਂ ਦੇ ਅਫ਼ਸਰ ਨੂੰ ਜਾਣਦਾ ਸੀ। “ਤੁਸੀਂ ਉਸਨੂੰ ਕਿਉਂ ਮਿਲਣਾ ਚਾਹੁੰਦੇ ਹੋ ਜਾਂ ਉਸ ਬਾਰੇ ਕਿਉਂ ਜਾਣਕਾਰੀ ਲੈਣਾ ਚਾਹੁੰਦੇ ਹੋ ?” ਉਸਨੇ ਤਿੱਖਾ ਪ੍ਰਤੀਕਰਮ ਦਿਖਾਇਆ। ਮੈਂ ਸੋਚਿਆ ਉਸਨੂੰ ਇਕ ਮਾਮਲੇ ਬਾਰੇ ਮਿਲ ਲਵਾਂ, ਮੈਂ ਪੋਲੇ ਜਿਹੇ ਕਿਹਾ। ਉਹ ਮੁਸਕਰਾਇਆ ਅਤੇ ਮੇਰੇ ਨਾਲ ਘਰ ਤੋਂ ਬਾਹਰ ਆਉਂਦਿਆਂ ਉਸਨੇ ਕਿਹਾ, “ਰਹਿਨੇ ਦੋ ਬੇਨ, ਵੋਹ ਨਹੀਂ ਮਿਲੇਗਾ ਆਪ ਸੇ, ਔਰ ਆਪ ਯੇ ਸਬ ਮੇਂ ਮਤ ਪੜੋ।”

ਸ਼ੇਖ ਆਪਣੇ ਸਹਿਕਰਮੀਆਂ ਅਤੇ ਸਟੇਟ ਤੋਂ ਭੈਅ ਖਾਂਦਾ ਸੀ ਕਿਉਂਕਿ ਉਸਨੇ ਪਾਂਡਿਆ ਦੇ ਮਾਮਲੇ ਵਿਚ ਐੱਫ ਆਈ ਆਰ ਦਰਜ ਕੀਤੀ ਸੀ। ਇਹ ਉਹ ਬੰਦਾ ਸੀ ਜੋ ਇਹ ਮਾਮਲਾ ਸੀ.ਬੀ. ਆਈ. ਦੇ ਸਪੁਰਦ ਕਰਨ ਤੋਂ ਪਹਿਲਾਂ ਇਸਦੀ ਜਾਂਚ ਵਿਚ ਸ਼ਾਮਲ ਸੀ। ਪਾਂਡਿਆ ਦੇ ਬਾਪ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਮਾਮਲੇ ਵਿਚ ਬਹੁਤ ਕੁਝ ਐਸਾ ਸੀ ਜਿਸਨੂੰ ਦਬਾਇਆ ਜਾ ਰਿਹਾ ਸੀ।

ਗੁਜਰਾਤ ਵਿਚ ਇਕ ਐਸਾ ਵਕੀਲ ਸੀ ਜੋ ਸ਼ੇਖ ਨੂੰ ਜਾਣਦਾ ਸੀ ਅਤੇ ਜਿਸ ਕੋਲ ਸ਼ੇਖ ਮਸ਼ਵਰਾ ਲੈਣ ਲਈ ਅਕਸਰ ਆਉਂਦਾ ਰਹਿੰਦਾ ਸੀ। ਮੈਂ ਉਸਨੂੰ ਗੁਜ਼ਾਰਿਸ਼ ਕੀਤੀ ਕਿ ਇਕ ਵਾਰ ਮੇਰੀ ਸ਼ੇਖ ਨਾਲ ਮੁਲਾਕਾਤ ਕਰਵਾ ਦੇਵੇ। ਮੈਂ ਉਸ ਨੂੰ ਇਹ ਵੀ ਕਿਹਾ

ਕਿ ਜੇ ਜ਼ਰੂਰਤ ਪਈ ਤਾਂ ਬੇਸ਼ਕ ਉਹ ਮਜ੍ਹਬ ਦਾ ਪੱਤਾ ਖੇਡ ਲਵੇ ਕਿ ਮੈਂ ਮੁਸਲਮਾਨ ਹਾਂ ਜਿਸਨੂੰ ਉਸ ਵਰਗੇ ਪੁਲਿਸ ਅਫ਼ਸਰਾਂ ਨਾਲ ਹਮਦਰਦੀ ਹੈ ਜੋ ਮੌਕੇ ਦੀ ਸਰਕਾਰ ਹੇਠ ਘੁੱਟਣ ਮਹਿਸੂਸ ਕਰ ਰਹੇ ਸਨ।

ਉਸ ਵਕਤ ਮੈਂ ਭਾਰੂ ਮੁਸਲਿਮ ਵਸੋਂ ਵਾਲੇ ਖਾਨਪੁਰ ਇਲਾਕੇ ਦੇ ਅੰਬੈਸਡਰ ਹੋਟਲ ਵਿਚ ਠਹਿਰੀ ਹੋਈ ਸੀ। ਹਰ ਸਵੇਰ ਅਤੇ ਸ਼ਾਮ ਨੂੰ ਨੇੜੇ ਦੀ ਮਸੀਤ ਤੋਂ ਅਜ਼ਾਨ ਦੀ ਆਵਾਜ਼ ਰਮਜ਼ਾਨ ਦੌਰਾਨ ਸਿਹਰੀ ਅਤੇ ਇਫ਼ਤਾਰ ਲੈਣ ਵਿਚ ਮੇਰੀ ਮਦਦ ਕਰਦੀ। ਅੰਬੈਸਡਰ ਦਾ ਮਾਲਕ ਇਕ ਸਿੰਧੀ ਕਾਰੋਬਾਰੀ ਸੀ। ਅੰਬੈਸਡਰ ਦੇ ਬਿਲਕੁਲ ਸਾਹਮਣੇ ਇਕ ਰੈਸਤਰਾਂ ਸੀ ਜਿਸਨੂੰ ਇਕ ਮੁਸਲਮਾਨ ਚਲਾਉਂਦਾ ਸੀ ਜਿਥੇ ਆ ਕੇ ਭਾਈਚਾਰੇ ਦੇ ਲੋਕ ਚਾਹ ਲੈ ਕੇ ਅਤੇ ਨਾਲ ਕੁਝ ਖਾ ਕੇ ਰੋਜ਼ਾ ਖੋਲ੍ਹਦੇ ਸਨ।

ਇਸੇ ਥਾਂ ਸੇਪਹਿਲੀ ਵਾਰ ਮੈਨੂੰ ਮਿਲਣ ਲਈ ਸਹਿਮਤ ਹੋਇਆ। ਮੈਂ ਆਪਣਾ ਤੁਆਰਫ਼ ਕਰਾਇਆ, ਉਸਨੂੰ ਦਸਿਆ ਕਿ ਮੈਂ ਹੀ ਉਹ ਪੱਤਰਕਾਰ ਸੀ ਜਿਸਨੇ ਸੋਹਰਾਬੁਦੀਨ ਅਤੇ ਤੁਲਸੀ ਪ੍ਰਜਾਪਤੀ ਮਾਮਲਿਆਂ ਵਿਚ ਸਬੂਤ ਮੁਹੱਈਆ ਕਰਵਾਏ ਸਨ ਜਿਨ੍ਹਾਂ ਨਾਲ ਅਮਿਤ ਸ਼ਾਹ ਨੂੰ ਜੇਲ੍ਹ ਭਿਜਵਾਇਆ ਗਿਆ ਸੀ। ਉਸਨੇ ਮੈਨੂੰ ਦਸਿਆ ਕਿ ਮੈਨੂੰ ਇਸਦੀ ਵਿਆਖਿਆ ਕਰਨ ਦੀ ਜ਼ਰੂਰਤ ਨਹੀਂ ਕਿਉਂਕਿ ਪੂਰਾ ਗੁਜਰਾਤ ਰਾਣਾ ਅਯੂਬ ਨਾਂ ਦੇ ਬੰਦੇ ਨੂੰ ਜਾਣਦਾ ਸੀ। ਮੈਨੂੰ ਹਾਸਾ ਆ ਗਿਆ।

ਸ਼ੇਖ ਬਹੁਤ ਡਰਿਆ ਹੋਇਆ ਸੀ। ਮੈਂ ਉਸਨੂੰ ਯਕੀਨ ਦਿਵਾਇਆ ਕਿ ਮੈਂ ਇਕ ਧਰਮ ਦੀ ਪਾਲਣਾ ਕਰਨ ਵਾਲੀ ਮੁਸਲਮਾਨ ਸੀ ਅਤੇ ਮੈਂ ਉਨ੍ਹਾਂ ਬਾਰੇ ਦਿਲ ਦੀਆਂ ਡੂੰਘਾਈਆਂ 'ਚੋਂ ਮਹਿਸੂਸ ਕਰਦੀ ਸੀ ਜਿਨ੍ਹਾਂ ਨੂੰ ਫ਼ਸਾਦਾਂ ਵਿਚ ਮਾਰਿਆ ਗਿਆ ਸੀ। ਉਹ ਮਰੀਅਲ ਜਿਹੀ ਆਵਾਜ਼ ਵਿਚ ਬੋਲਿਆ, "ਆਪ ਤਹਿਲਕਾ ਵਾਲੇ ਹੋ, ਡਰ ਲਗਤਾ ਹੈ ਆਪ ਲੋਗੋਂ ਸੇ ਬਾਤ ਕਰਨਾ, ਪਤਾ ਨਹੀਂ ਕਯਾ ਰਿਕਾਰਡ ਕਰ ਲੋਗੇ।"

ਮੈਂ ਉਸਨੂੰ ਆਪਣੀ ਡਾਇਰੀ ਅਤੇ ਆਪਣੇ ਥੈਲੇ ਦੀ ਤਲਾਸ਼ੀ ਲੈਣ ਲਈ ਕਿਹਾ, ਅਤੇ ਉਹ ਪ੍ਰੇਸ਼ਾਨੀ ਨਾਲ ਹੱਸਿਆ। ਮੈਂ ਉਸਨੂੰ ਦੁਬਾਰਾ ਮਿਲਣ ਦੀ ਪੇਸ਼ਕਸ਼ ਕੀਤੀ ਅਤੇ ਅਗਲੇ ਹਫ਼ਤੇ ਦੌਰਾਨ ਮੈਂ ਉਸ ਨਾਲ ਸੰਪਰਕ ਨਹੀਂ ਕੀਤਾ।

ਇਸਦਾ ਅਸਰ ਹੋਇਆ, ਅਗਲੇ ਹਫ਼ਤੇ ਮੈਂ ਸ਼ੇਖ ਨੂੰ ਦੁਬਾਰਾ ਮਿਲੀ, ਇਸ ਵਾਰ ਉਸ ਦੇ ਵਿਸ਼ਵਾਸ ਨੂੰ ਤੋੜਿਆ ਜਾ ਰਿਹਾ ਸੀ। ਇਸ ਨਾਲ ਮੈਂ ਅੰਦਰੋਂ ਟੁੱਟ ਗਈ, ਗੁਨਾਹ ਦੇ ਅਹਿਸਾਸ ਨਾਲ ਮੈਂ ਅੰਦਰੋਂ ਪੱਛੀ ਗਈ। ਉਹ ਜਾਣਦਾ ਸੀ ਕਿ ਮੈਂ ਕੌਣ ਸੀ। ਮੈਂ ਰਾਣਾ ਅਯੂਬ ਉਹ ਪੱਤਰਕਾਰ ਸੀ ਜੋ ਸਾਰੀ ਜਾਣਕਾਰੀ ਗੁਪਤ ਰੱਖੇਗੀ। ਪਰ ਇਹ ਇਕ ਐਸਾ ਬੰਦਾ ਸੀ ਜੋ ਸੰਭਵ ਤੌਰ 'ਤੇ ਸਚਾਈ ਜਾਣਦਾ ਸੀ। ਪਾਂਡਿਆ ਦੇ ਕਤਲ ਨੂੰ 10 ਵਰ੍ਹੇ ਹੋ ਗਏ ਸਨ ਅਤੇ ਮਾਮਲੇ ਵਿਚ ਪ੍ਰਗਤੀ ਦੀ ਕੋਈ ਉਮੀਦ ਨਜ਼ਰ ਨਹੀਂ ਆ ਰਹੀ ਸੀ। ਮੈਂ ਸੋਚ ਲਿਆ ਕਿ ਆਪਣਾ ਜਾਸੂਸੀ ਕੈਮਰਾ ਨਾਲ ਲੈ ਜਾਵਾਂ ਅਤੇ ਉਸਦੀ ਗੱਲਬਾਤ ਰਿਕਾਰਡ ਕਰ ਲਵਾਂ ਪਰ ਇਸਦਾ ਇਸਤੇਮਾਲ ਓਦੋਂ ਹੀ ਕਰਾਂ ਜਦੋਂ ਹੋਰ ਤਰੀਕਾ ਕਾਮਯਾਬ ਨਾ ਹੋਵੇ। ਸ਼ੇਖ ਨੂੰ ਮਿਲਣ ਤੋਂ ਬਾਅਦ ਮੈਂ ਉਸ ਟੁੱਟੇ ਭੱਜੇ ਸਬੂਤ ਨੂੰ ਹੋਰ ਕੁਰੇਦਣ ਦਾ ਹਰ ਸੰਭਵ ਯਤਨ ਕੀਤਾ। ਮੈਂ ਮੁਫ਼ਤੀ ਸੂਫ਼ੀਆਂ ਦੇ ਘਰ ਵੀ ਗਈ ਪਰ ਉਹ ਤਾਂ ਪੁਲਿਸ ਅਫ਼ਸਰਾਂ ਦੇ ਗੁਣ ਗਾਣ ਤੋਂ ਬਿਨਾਂ ਹੋਰ ਕੁਝ ਬੋਲ ਹੀ ਨਹੀਂ ਰਹੇ ਸਨ। ਜ਼ਾਹਿਰ ਸੀ ਕਿ ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਰਟਾਇਆ ਹੋਇਆ ਸੀ।

ਜਦੋਂ ਅਸੀਂ ਅਗਲੀ ਵਾਰ ਮਿਲੇ ਤਾਂ ਸ਼ੇਖ ਨੇ ਖੁੱਲ੍ਹ ਕੇ ਗੱਲਬਾਤ ਕੀਤੀ।

ਜਵਾਬ: ਇਸਤੋਂ ਪਹਿਲਾਂ ਕਿ ਮੈਂ ਗੱਲ ਸ਼ੁਰੂ ਕਰਾਂ, ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ। ਆਈ ਬੀ ਤੁਹਾਡਾ ਪਿੱਛਾ ਕਰ ਰਹੀ ਹੈ। ਆਈ ਬੀ ਦਾ ਸਭ ਤੋਂ ਆਹਲਾ ਅਫ਼ਸਰ।

ਸਵਾਲ: ਸੂਬੇ ਦੀ ਆਈ ਬੀ ਜਾਂ ਕੇਂਦਰ ਦੀ ਆਈ ਬੀ?

ਜਵਾਬ: ਸੂਬੇ ਦੀ ਆਈ ਬੀ। ਉਸਨੇ ਮੈਨੂੰ ਦਸਿਆ ਕਿ ਤੁਸੀਂ ਮੈਨੂੰ ਮਿਲ ਰਹੇ ਹੋ। ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਤੁਸੀਂ ਮੈਨੂੰ ਮਿਲੇ ਸੀ ਇਸ ਕਰਕੇ ਉਨ੍ਹਾਂ ਨੇ ਮੈਨੂੰ ਚੁਕੰਨਾ ਰਹਿਣ ਲਈ ਕਿਹਾ ਹੈ। ਉਨ੍ਹਾਂ ਦਾ ਤਾਂ ਇਹ ਕੰਮ ਹੀ ਹੈ... ਇਸ ਕਰਕੇ ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਤੁਸੀਂ ਵੀ ਚੁਕੰਨੇ ਰਹੋ।

ਸਵਾਲ: ਪਰ ਉਹ ਮੇਰੇ ਖ਼ਿਲਾਫ਼ ਕਿਉਂ ਹੋਣਗੇ?

ਜਵਾਬ: ਤੁਸੀਂ ਜਾਣਦੇ ਹੋ ਕਿ ਇਹ ਹਰੇਨ ਪਾਂਡਿਆ ਦਾ ਮਾਮਲਾ ਜਵਾਲਾਮੁਖੀ ਸਮਾਨ ਹੈ। ਜੇ ਇਕੇਰਾਂ ਸੱਚ ਬਾਹਰ ਆ ਗਿਆ, ਮੋਦੀ ਨੂੰ ਘਰ ਬੈਠਣਾ ਪਵੇਗਾ। ਘਰ ਨਹੀਂ, ਉਸਨੂੰ ਜੇਲ੍ਹ ਭੇਜਿਆ ਜਾਵੇਗਾ। ਉਹ ਜੇਲ੍ਹ ਵਿਚ ਹੋਵੇਗਾ। ਜ਼ਰਾ ਧਿਆਨ ਦਿਓ, ਜਾਗਰੁਤੀ ਪਾਂਡਿਆ ਵੱਲੋਂ ਹਰੇਨ ਪਾਂਡਿਆ ਮਾਮਲੇ ਵਿਚ ਆਜ਼ਮ ਖ਼ਾਨ ਦੇ ਬਿਆਨ ਦੀ ਜਾਂਚ ਕਰਾਉਣ ਦੀ ਮੰਗ ਕੀਤੇ ਜਾਣ ਤੋਂ ਦੋ ਦਿਨ ਬਾਅਦ ਹੀ ਉਸਨੂੰ ਉਦੈਪੁਰ ਵਿਚ ਗੋਲੀ ਮਾਰ ਦਿੱਤੀ ਗਈ। ਜਦੋਂ ਉਹ ਬਚ ਗਿਆ ਤਾਂ ਉਸਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਸਿਆਸੀ ਦਬਾਓ ਪਾਇਆ ਗਿਆ।

ਸਵਾਲ: ਪਰ ਮੈ ਸੱਚਮੁੱਚ ਉਤਸੁਕ ਹਾਂ। ਆਈ ਬੀ ਨੂੰ ਮੇਰਾ ਪਤਾ ਕਿਵੇਂ ਲੱਗ ਗਿਆ?

ਜਵਾਬ: ਮੈਡਮ, ਕਿਉਂਕਿ ਆਈ ਬੀ ਮੋਦੀ ਲਈ ਕੰਮ ਕਰਦੀ ਹੈ। ਤੁਸੀਂ ਗਵਾਹ ਅਨਿਲ ਯਾਦਰਾਮ ਦਾ ਸਟਿੰਗ ਕਿਉਂ ਨਹੀਂ ਕਰਦੇ?

ਸਵਾਲ: ਪਰ ਕਿਉਂ, ਉਹ ਕੀ ਦੱਸੇਗਾ?

ਜਵਾਬ: ਅਰੇ, ਉਹ ਅਸਲ ਕਹਾਣੀ ਦੱਸੇਗਾ, ਉਸ ਕੋਲ ਪਹਿਲਾਂ ਕੌਣ ਆਇਆ, ਉਸਨੂੰ ਕੀ ਜਾਣਕਾਰੀ ਸੀ ਅਤੇ ਉਸਨੂੰ ਕੀ ਕਹਿਣ ਲਈ ਕਿਹਾ ਗਿਆ।

ਇਸ ਮਾਮਲੇ ਵਿਚ ਚੁੜਾਸਮਾ ਵੀ ਸ਼ਾਮਲ ਸੀ। ਉਹ ਕਈ ਮੁਜਰਿਮਾਂ ਨਾਲ ਘਿਓ ਖਿੱਚੜੀ ਹੈ।

ਚੁੜਾਸਮਾ ਅਤੇ ਸਾਰੇ ਅਫ਼ਸਰ ਇਹ ਸਾਰਾ ਕੁਝ ਕਰ ਰਹੇ ਹਨ, ਬਰੋਟ ਵਰਗੇ ਅਫ਼ਸਰ। ਬਰੋਟ ਹੇਠਲੇ ਪੱਧਰ ਦਾ ਬੰਦਾ ਹੈ, ਸਾਰੀ ਕਾਗਜ਼ੀ ਕਾਰਵਾਈ ਉਹ ਕਰਦਾ ਹੈ।

ਸਵਾਲ: ਗਵਾਹ ਅਨਿਲ ਯਾਦਰਾਮ ਨੇ ਗ਼ਲਤ ਬਿਆਨ ਕਿਉਂ ਦਿੱਤਾ?

ਜਵਾਬ: ਮੈਡਮ, ਉਨ੍ਹਾਂ ਨੇ ਹਿਰਾਸਤ ਵਿਚ ਉਸਨੂੰ ਇਹੀ ਰਟਾਇਆ ਸੀ। ਕਤਲ ਤੋਂ ਪਹਿਲਾਂ ਅਸਗ਼ਰ ਅਲੀ ਉਨ੍ਹਾਂ ਦੀ ਹਿਰਾਸਤ ਵਿਚ ਸੀ ਇਸ ਲਈ ਉਨ੍ਹਾਂ ਨੇ ਉਸਨੂੰ ਬਿਆਨ ਰਟਾ ਦਿੱਤਾ।

ਸ੍ਰੀਮਾਨ ਪਾਂਡਿਆ ਦੇ ਕਤਲ ਤੋਂ ਬਾਅਦ ਉਹ ਅਸਗ਼ਰ ਅਲੀ ਨੂੰ ਸਾਜ਼ਿਸ਼ ਵਿਚ ਰੱਖਣਾ ਚਾਹੁੰਦੇ ਸਨ, ਅਤੇ ਉਨ੍ਹਾਂ ਨੂੰ ਇਕ ਗਵਾਹ ਚਾਹੀਦਾ ਸੀ।

ਸਵਾਲ: ਉਨ੍ਹਾਂ ਨੂੰ ਅਸਗ਼ਰ ਨੂੰ ਹਿਰਾਸਤ ਵਿਚ ਕਿਉਂ ਰੱਖਣਾ ਪਿਆ?

ਜਵਾਬ: ਉਨ੍ਹਾਂ ਨੇ ਕਿਸੇ ਮੁਸਲਿਮ ਗੁੰਡੇ ਉਪਰ ਇਸਦਾ ਇਲਜ਼ਾਮ ਲਾਉਣਾ ਸੀ।

ਉਸਨੂੰ ਗੈਨਜ਼ਰਬੰਦ ਰੱਖਿਆ ਗਿਆ ਸੀ। ਤੁਸੀਂ ਦੇਖਿਆ ਨਹੀਂ ਬਾਅਦ ਵਿਚ ਉਹ ਆਪਣੇ ਬਚਾਓ ਵਿਚ ਕੀ ਕਹੇਗਾ?

ਅਤੇ ਤੁਹਾਨੂੰ ਅਸਗ਼ਰ ਅਲੀ ਦੇ ਇਕਬਾਲੀਆ ਬਿਆਨ ਦੀ ਜ਼ਰੂਰਤ ਨਹੀਂ। ਉਨ੍ਹਾਂ ਨੂੰ ਬਸ ਗਵਾਹ ਚਾਹੀਦਾ ਹੈ।

ਸਵਾਲ: ਕੀ ਤੁਸੀਂ ਇਹ ਕਹਿ ਰਹੇ ਹੋ ਕਿ ਤਰੁਣ ਬਰੋਟ, ਚੁੜਾਸਮਾ ਅਤੇ ਵਨਜਾਰਾ ਦੀ ਇਸ ਵਿਚ ਮਿਲੀਭਗਤ ਸੀ?

ਜਵਾਬ: ਬਿਲਕੁਲ।

ਕਨ੍ਹੱਈਆ ਨੇ ਬਿਆਨ ਕੀਤਾ ਕਿ ਉਹ ਕਾਰ ਵਿਚ ਜਾ ਰਿਹਾ ਸੀ ਅਤੇ ਉਸਨੇ ਦੇਖਿਆ ਹਰੇਨ ਪਾਂਡਿਆ ਕਾਰ ਵਿਚ ਲੁੜਕਿਆ ਹੋਇਆ ਪਿਆ ਸੀ।

ਸੀ.ਬੀ.ਆਈ. ਦੇ ਅਫ਼ਸਰ ਸੁਸ਼ੀਲ ਗੁਪਤਾ ਨੇ ਗੁਜਰਾਤ ਪੁਲਿਸ ਦੀ ਮਨਘੜਤ ਕਹਾਣੀ ਮਨਜ਼ੂਰ ਕਰ ਲਈ। ਗੁਪਤਾ ਨੇ ਸੀ.ਬੀ.ਆਈ. ਤੋਂ ਅਸਤੀਫਾ ਦੇ ਦਿੱਤਾ, ਉਹ ਹੁਣ ਸੁਪਰੀਮ ਕੋਰਟ ਵਿਚ ਵਕੀਲ ਹੈ। ਉਹ ਰਿਲਾਇੰਸ ਤੋਂ ਤਨਖ਼ਾਹ ਲੈਂਦਾ ਹੈ। ਉਸਨੂੰ ਪੁੱਛੋਂ ਉਸਨੇ ਸੀ.ਬੀ.ਆਈ. ਤੋਂ ਅਸਤੀਫ਼ਾ ਕਿਉਂ ਦਿੱਤਾ। ਉਹ ਸੁਪਰੀਮ ਕੋਰਟ ਵਿਚ ਬੈਠਦਾ ਹੈ। ਉਸ ਨੂੰ ਮਿਲ ਲਓ।

ਸਵਾਲ: ਤਾਂ ਫਿਰ ਸੀ.ਬੀ.ਆਈ. ਨੇ ਇਸ ਦੀ ਜਾਂਚ ਨਹੀਂ ਕੀਤੀ ਜੋ ਉਸਨੂੰ ਕਰਨ ਲਈ ਕਿਹਾ ਗਿਆ ਸੀ?

ਜਵਾਬ: ਇਸਨੇ ਬਸ ਤੁੱਥ ਮੁੱਥ ਕਰ ਦਿੱਤਾ। ਇਸਨੇ ਗੁਜਰਾਤ ਪੁਲਿਸ ਦੇ ਅਫ਼ਸਰਾਂ ਦੀ ਪੂਰੀ ਥਿਊਰੀ ਨਾਲ ਸਹਿਮਤੀ ਪ੍ਰਗਟਾ ਦਿੱਤੀ।

ਸਵਾਲ: ਤਾਂ ਫਿਰ ਕੀ ਇਹ ਸਿਆਸੀ ਕਤਲ ਹੈ?

ਜਵਾਬ: ਹਰ ਕੋਈ ਇਸ ਵਿਚ ਸ਼ਾਮਲ ਸੀ। ਅਡਵਾਨੀ ਦੇ ਜ਼ੋਰ ਪਾਉਣ 'ਤੇ ਇਸਦੀ ਜਾਂਚ ਸੀ.ਬੀ.ਆਈ. ਦੇ ਸਪੁਰਦ ਕੀਤੀ ਗਈ। ਕਿਉਂਕਿ ਉਹ ਨਰਿੰਦਰ ਮੋਦੀ ਦਾ ਗੁਰੂ ਸੀ। ਇਹ ਉਸ ਨੂੰ ਬਰੀ ਕਰਨ ਲਈ ਸੀ, ਮੇਰਾ ਮਤਲਬ ਲੋਕ ਇੱਥੋਂ ਦੀ ਪੁਲਿਸ ਦੀ ਕਹਾਣੀ ਨੂੰ ਸੱਚ ਨਹੀਂ ਮੰਨਣਗੇ ਪਰ ਉਹ ਸੀ.ਬੀ.ਆਈ. ਦੀ ਕਹਾਣੀ ਨੂੰ ਸੱਚ ਮੰਨ ਲੈਣਗੇ।

ਮੁਫ਼ਤੀ ਕਾਫ਼ੀ ਬਾਅਦ ਵਿਚ ਫਰਾਰ ਹੋਇਆ।

ਸਵਾਲ: ਉਸ ਵਿਚ ਕਿਸ ਦੀ ਭੂਮਿਕਾ ਸੀ? ਬਰੋਟ ਦੀ ਜਾਂ ਵਨਜਾਰਾ ਦੀ?

ਜਵਾਬ: ਤਿੰਨਾਂ ਦੀ।

ਬਰੋਟ ਕਿਤੇ ਹੋਰ ਸੀ ਅਤੇ ਚੁੜਾਸਮਾ ਨੂੰ ਡੈਪੂਟੇਸ਼ਨ ਉਪਰ ਲਿਆਂਦਾ ਗਿਆ। ਉਨ੍ਹਾਂ ਨੇ ਚੁੜਾਸਮਾ ਨੂੰ ਮਨਾ ਲਿਆ ਸੀ। ਉਹ ਸਰਕਾਰ ਲਈ ਕੰਮ ਕਰਦਾ ਹੈ। ਇਸ ਮੁਕਾਬਲੇ ਵਿਚ ਇਕ ਕੜੀ ਪੋਰਬੰਦਰ ਨਾਲ ਜੁੜੀ ਹੋਈ ਹੈ। ਇਹ ਅੰਨ੍ਹੇ ਕਤਲ ਦਾ ਮਮਲਾ ਹੈ। ਉਨ੍ਹਾਂ ਨੇ ਬਸ ਅਸਗਰ ਅਲੀ ਅਤੇ ਗਵਾਹ ਨੂੰ ਇਸ ਵਿਚ ਰੱਖ ਲਿਆ। ਜਾਂਚ ਕ੍ਰਾਈਮ ਬਰਾਂਚ ਨੇ ਕੀਤੀ ਸੀ ਅਤੇ ਕਿਸੇ ਨੂੰ ਵੀ ਉਸ ਜਾਂਚ ਵਿਚ ਭਰੋਸਾ ਨਹੀਂ ਸੀ। ਵਿਠਲ ਪਾਂਡਿਆ ਨੂੰ ਵੀ ਨਹੀਂ।

ਸਵਾਲ: ਸੀ.ਬੀ.ਆਈ. ਨੇ ਇਸ ਨੂੰ ਕਿਉਂ ਮੰਨ ਲਿਆ?

ਜਵਾਬ: ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਮੋਦੀ ਨੂੰ ਬਚਾਇਆ।



ਜਿਵੇਂ ਕਿਹਾ ਜਾਂਦਾ ਹੈ, ਕੁਝ ਬਿਆਨਾਂ ਦੀ ਵਿਆਖਿਆ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਜਿਸ ਬੰਦੇ ਅਸਗ਼ਰ ਅਲੀ ਨੇ ਕਥਿਤ ਤੌਰ 'ਤੇ ਹਰੇਨ ਪਾਂਡਿਆ ਨੂੰ ਗੋਲੀਆਂ ਮਾਰੀਆਂ ਉਹ ਹੈਦਰਾਬਾਦ ਦੀ ਜੇਲ੍ਹ ਵਿਚ ਬੰਦ ਹੈ। ਜੋ ਹੋਰ ਮੁੰਡੇ ਫੜੇ ਸਨ ਉਹ ਆਂਧਰਾ ਪ੍ਰਦੇਸ਼ ਤੋਂ ਸਨ ਅਤੇ ਇਨ੍ਹਾਂ ਦੇ ਉਨ੍ਹਾਂ ਨਾਲ ਵੀ ਸਬੰਧ ਸਨ ਜੋ ਤੁਲਸੀ ਪ੍ਰਜਾਪਤੀ ਅਤੇ ਸੋਹਰਾਬੁਦੀਨ ਦੀਆਂ ਹੱਤਿਆਵਾਂ ਵਿਚ ਸ਼ਾਮਲ ਸਨ। ਤਾਂ ਫਿਰ ਅਸਲ ਵਿਚ ਹਰੇਨ ਪਾਂਡਿਆ ਦੀ ਹਤਿਆ ਕਿਸਨੇ ਕੀਤੀ? ਕੀ ਸ਼ੇਖ ਸੁਣੀ ਸੁਣਾਈ ਗੱਲ ਕਰ ਰਿਹਾ ਸੀ। ਸਵਾਲ ਇਹ ਹੈ ਕਿ ਉਹ ਕਿਉਂ ਕਰੇਗਾ। ਉਹ ਤਫ਼ਤੀਸੀ ਅਫ਼ਸਰ ਸੀ ਜਿਸਨੇ ਸਬੰਧਤ ਕਾਗਜ਼ਾਤ ਉਪਰ ਦਸਤਖ਼ਤ ਕੀਤੇ ਸਨ। ਉਸਨੇ ਹੀ ਮੁੱਢਲੀ ਤਫ਼ਤੀਸ਼ ਕੀਤੀ ਸੀ ਪਿੱਛੋਂ ਉਸਦੀ ਥਾਂ ਅਭੈ ਚੁੜਾਸਮਾ ਨੇ ਲੈ ਲਈ ਜਿਸਨੂੰ ਬਾਅਦ ਵਿਚ ਸੀ.ਬੀ.ਆਈ. ਨੇ ਗ੍ਰਿਫ਼ਤਾਰ ਕਰ ਲਿਆ ਸੀ।

## ਉਸ ਦਿਨ ਤੋਂ ਮੈਥਿਲੀ ਹਮੇਸ਼ਾ ਲਈ ਮਰ ਮੁੱਕ ਗਈ,..... ਓਦੋਂ ਤੋਂ ਮੈਂ ਖ਼ਾਮੋਸ਼ ਹਾਂ...ਹੁਣ ਤੱਕ।

ਸੋਹਰਾਬੁਦੀਨ ਅਤੇ ਪ੍ਰਜਾਪਤੀ ਦੀਆਂ ਹੱਤਿਆਵਾਂ ਕਿਉਂ ਹੋਈਆਂ ਸਨ? ਅੱਜ ਤੱਕ ਵੀ ਇਨ੍ਹਾਂ ਦਾ ਮਨੋਰਥ ਸਪਸ਼ਟ ਨਹੀਂ ਹੈ। ਸੀ.ਬੀ.ਆਈ. ਦੀ ਚਾਰਜਸ਼ੀਟ ਅਨੁਸਾਰ ਮੁਫ਼ਤੀ ਸੂਫ਼ੀਆਂ ਹਰੇਨ ਪਾਂਡਿਆ ਕਤਲ ਦਾ ਯੋਜਨਾਘਾੜਾ ਸੀ ਉਹ ਸਟੇਟ ਨੂੰ ਚਕਮਾ ਦੇ ਕੇ ਮੌਜ ਨਾਲ ਹੀ ਕਿਸੇ ਗੁਆਂਢੀ ਮੁਲਕ ਵਿਚ ਕਿਵੇਂ ਚਲਾ ਗਿਆ? ਸੂਫ਼ੀਆਂ ਦਾ ਪਰਿਵਾਰ ਅਭੈ ਚੁੜਾਸਮਾ ਦਾ ਐਨਾ ਅਹਿਸਾਨਮੰਦ ਕਿਉਂ ਸੀ ਜਿਸਨੂੰ ਬੇਕਸੂਰ ਲੋਕਾਂ ਨੂੰ ਫਰਜ਼ੀ ਮਾਮਲਿਆਂ ਵਿਚ ਫਸਾਉਣ ਲਈ ਚਾਰਜਸ਼ੀਟ ਕੀਤਾ ਗਿਆ ਹੈ?

ਹਰੇਨ ਪਾਂਡਿਆ ਗੁਜਰਾਤ ਦੇ ਉਨ੍ਹਾਂ ਗ੍ਰਹਿ ਮੰਤਰੀਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਬਹੁਤ ਪਸੰਦ ਕੀਤਾ ਜਾਂਦਾ ਸੀ। ਉਸਨੇ ਕਥਿਤ ਤੌਰ 'ਤੇ ਗੁਜਰਾਤ ਹਿੰਸਾ ਦੇ ਮਾਮਲੇ ਵਿਚ ਨਾਗਰਿਕ ਟ੍ਰਿਬਿਊਨਲ ਅੱਗੇ ਪੇਸ਼ ਹੋਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਕੀ ਸਚਾਈ ਇਸ ਪੇਸ਼ਕਸ਼ ਵਿਚ ਕਿਤੇ ਹੋਰ ਲੁਕੀ ਪਈ ਹੈ? ਹੁਣ ਵਕਤ ਹੈ ਕਿ ਅਸੀਂ ਅਨਿਆਂ ਅਤੇ ਟਕਰਾਵੇਂ ਸਬੂਤਾਂ ਦੇ ਇਸ ਗੋਰਖਧੰਦੇ ਦਾ ਪਰਦਾਫਾਸ਼ ਕਰ ਦੇਈਏ।

ਛਾਣਬੀਣ ਤੋਂ ਬਾਅਦ ਮੈਂ ਵਾਪਸ ਮੁੰਬਈ ਆ ਗਈ ਸੀ ਅਤੇ ਫਿਰ ਪੀ ਸੀ ਪਾਂਡੇ ਦਾ ਫ਼ੋਨ ਆਇਆ, ਕੀ ਮੈਂ ਫਿਲਮ ਬਾਰੇ ਆਪਣਾ ਖੋਜ ਦਾ ਕੰਮ ਸਮੇਟ ਲਿਆ ਸੀ। ਉਸਨੇ ਸੁਝਾਅ ਦਿੱਤਾ ਕਿ ਮੈਂ ਮੁੱਖ ਮੰਤਰੀ ਨੂੰ ਮਿਲਾਂ। ਮੈਨੂੰ ਹੋਰ ਕੀ ਚਾਹੀਦਾ ਸੀ। ਮੈਂ ਆਪਣੇ ਸੀਨੀਅਰਾਂ ਨੂੰ ਮੇਲ ਕੀਤੀ ਅਤੇ ਸ਼ੋਮਾ ਅਤੇ ਤਰੁਣ ਨੇ ਮੈਨੂੰ ਤੁਰੰਤ ਹਰੀ ਝੰਡੀ ਦੇ ਦਿੱਤੀ। ਉਨ੍ਹਾਂ ਨੇ ਆਖ਼ਰੀ ਵਾਰ ਮੇਰੀ ਮਦਦ ਕਰਨ ਲਈ ਮਾਈਕ ਨੂੰ ਅਹਿਮਦਾਬਾਦ ਭੇਜਣ ਦਾ ਇਤਜ਼ਾਮ ਵੀ ਕਰ ਦਿੱਤਾ। ਮਾਈਕ ਦੇ ਮਾਂ ਪਿਓ ਉਸਨੂੰ ਮਿਲਣ ਲਈ ਦਿੱਲੀ ਆਏ ਹੋਏ ਸਨ ਪਰ ਕਿਵੇਂ ਨਾ ਕਿਵੇਂ ਉਸਨੇ ਇਕ ਦਿਨ ਲਈ ਅਹਿਮਦਾਬਾਦ ਜਾਣ ਦਾ ਬਹਾਨਾ ਬਣਾ ਲਿਆ।

ਮੈਂ ਮਾਈਕ ਨੂੰ ਸਪਸ਼ਟ ਕਰ ਦਿੱਤਾ ਕਿ ਮੁੱਖ ਮੰਤਰੀ ਦੀ ਰਿਹਾਇਸ਼ ਉਪਰ ਕਰੜੀ ਤਲਾਸ਼ੀ ਹੋਵੇਗੀ ਅਤੇ ਸਾਨੂੰ ਉੱਥੇ ਜਾਣਾ ਹੀ ਪਵੇਗਾ ਨਹੀਂ ਤਾਂ ਪੀ ਸੀ ਪਾਂਡੇ ਨੂੰ ਸ਼ੱਕ ਹੋ ਜਾਵੇਗਾ। ਰਿਕਾਰਡਿੰਗ ਕਰਨ ਲਈ ਮੈਂ ਆਪਣੀ ਉਹ ਘੜੀ ਪਹਿਨ ਲਈ ਜਿਸ ਵਿਚ ਕੈਮਰਾ ਜੜਿਆ ਹੋਇਆ ਸੀ। ਉਸ ਦਿਨ ਅਸੀਂ ਇਕ ਸਥਾਨਕ ਟੂਰਿਸਟ ਟੈਕਸੀ ਕਿਰਾਏ 'ਤੇ ਲੈ ਲਈ ਸੀ। ਮੈਂ ਕਿਉਂਕਿ ਹੁਣ ਫਾਊਂਡੇਸ਼ਨ ਵਿਖੇ ਨਹੀਂ ਰਹਿ ਰਹੀ ਸੀ, ਇਸ ਲਈ ਇਕ ਦਿਨ ਦੀ ਖ਼ਾਤਰ ਮੈਂ ਐੱਸ ਜੀ ਹਾਈਵੇਅ ਉਪਰਲੇ ਉਸੇ ਸੁੰਨ-ਮ-ਸਾਨ ਬੰਗਲੇ ਦੀਆਂ ਚਾਬੀਆਂ ਲੈ ਲਈਆਂ ਸਨ। ਮਾਈਕ ਅਤੇ ਮੈਂ ਮੋਦੀ ਦੀ ਗਾਂਧੀਨਗਰ ਵਾਲੀ ਰਿਹਾਇਸ਼ ਉਪਰ ਇਕ ਘੰਟਾ ਪਹਿਲਾਂ ਹੀ ਜਾ ਪਹੁੰਚੇ। ਅਸੀਂ ਆਪਣੇ ਟੈਕਸੀ ਚਾਲਕ ਨੂੰ ਟੈਕਸੀ ਕਿਤੇ ਲਾਗੇ ਹੀ ਲਗਾਉਣ ਲਈ ਕਿਹਾ ਤੇ ਇੱਧਰ ਅਸੀਂ ਕੰਧ ਘੜੀ ਦੀ ਟਿਕ ਟਿਕ 'ਤੇ ਨਜ਼ਰ ਟਿਕਾਈ ਇੰਤਜ਼ਾਰ ਕਰਨ ਲੱਗੇ। ਮੈਂ ਪ੍ਰੇਸ਼ਾਨ ਸੀ ਜਦਕਿ ਮਾਈਕ ਮੁਸਕਰਾ ਰਿਹਾ ਸੀ। ਮੇਰੀ ਫ਼ਿਕਰਮੰਦੀ ਇਹ ਸੀ ਕਿ ਜੇ ਤਲਾਸ਼ੀ ਲਏ ਜਾਣ ਮੌਕੇ ਸੁਰੱਖਿਆ ਅਮਲੇ ਅਤੇ ਮੈਟਲ ਡਿਟੈਕਟਰ ਨਾਕੇ ਉਪਰ ਮੇਰੇ ਕੈਮਰੇ ਦਾ ਭੇਤ ਖੁੱਲ੍ਹ ਗਿਆ, ਬਸ ਸਾਡੀ ਸ਼ਾਮਤ ਆ ਜਾਣੀ ਸੀ। ਅੰਧਾ ਕੁ ਘੰਟੇ ਬਾਅਦ ਜਦੋਂ ਅਸੀਂ ਮੁੱਖ ਮੰਤਰੀ ਦੇ ਘਰ ਵਿਚ ਦਾਖ਼ਲ ਹੋਏ ਤਾਂ ਮੈਂ ਸੁੱਖ ਦਾ ਸਾਹ ਲਿਆ ਕਿਉਂਕਿ ਮੈਂ ਸੁਰੱਖਿਆ ਇੰਤਜ਼ਾਮ ਦੇ ਅੱਖੀਂ ਘੱਟਾ ਪਾ ਕੇ ਸਹੀ ਸਲਾਮਤ ਲੰਘ ਗਈ ਸੀ।

ਮੋਦੀ ਦਾ ਓ ਐੱਸ ਡੀ ਸੰਜੇ ਭਾਵਸਰ ਸਾਨੂੰ ਆ ਕੇ ਮਿਲਿਆ। ਆਖ਼ਿਰਕਾਰ ਸਾਨੂੰ ਮੁੱਖ ਮੰਤਰੀ ਦੇ ਕਮਰੇ ਵਿਚ ਲਿਜਾਇਆ ਗਿਆ। ਉਸਨੇ ਖੜ੍ਹੇ ਹੋ ਕੇ ਸਾਡੀ ਆਓ ਭਗਤ ਕੀਤੀ। ਮਾਈਕ ਚਹਿਕ ਕੇ ਬੋਲਿਆ ਕਿ ਉਸਨੇ ਅਹਿਮਦਾਬਾਦ ਦੇ ਆਟੋਆਂ ਉਪਰ ਉਸਦੇ ਪੋਸਟਰ ਲੱਗੇ ਦੇਖੇ ਸਨ ਅਤੇ ਉਹ ਉਸਦੀ ਹਰਮਨ ਪਿਆਰਤਾ ਤੋਂ ਬਹੁਤ ਪ੍ਰਭਾਵਿਤ ਸੀ। ਮੇਜ਼ ਉਪਰ ਬਰਾਕ ਓਬਾਮਾ ਬਾਰੇ ਦੋ ਕਿਤਾਬਾਂ ਪਈਆਂ ਸਨ। "ਤਾਂ ਫਿਰ ਕੀ ਤੁਸੀਂ ਅਗਲੇ ਪ੍ਰਧਾਨ ਮੰਤਰੀ ਹੋਵੇਗੇ ਸਰ?" ਮੈਂ ਤੁਰੰਤ ਸਵਾਲ ਕੀਤਾ। ਉਸਦੇ ਚਿਹਰੇ ਉਪਰ ਲਾਲੀ ਦੌੜ ਗਈ ਅਤੇ ਉਸਨੇ ਬਰਾਕ ਓਬਾਮਾ ਅਤੇ ਸਵਾਮੀ ਵਿਵੇਕਾਨੰਦ ਦੀਆਂ ਖੂਬੀਆਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਜੋ ਉਸਦੀ ਪ੍ਰੇਰਣਾ ਸਨ। ਅੱਧੇ ਘੰਟੇ ਦੀ ਗੱਲਬਾਤ ਤੋਂ ਬਾਅਦ, ਮੁੱਖ ਮੰਤਰੀ ਨੇ ਭਾਵਸਰ ਨੂੰ ਅੰਦਰ ਸੱਦਿਆ ਅਤੇ ਉਸਨੂੰ ਹਦਾਇਤ ਕੀਤੀ ਕਿ ਉਹ ਸਾਨੂੰ ਸਾਰਾ ਕੁਝ ਦਿਖਾ ਦੇਵੇ ਜੋ ਉਸ ਬਾਰੇ ਲਿਖਿਆ ਗਿਆ ਸੀ। ਭਾਵਸਰ ਸਾਨੂੰ ਆਪਣੇ ਕੈਬਿਨ ਵਿਚ ਲੈ ਗਿਆ। ਮੇਜ਼ ਉਪਰ "ਤਹਿਲਕਾ" ਅਤੇ "ਦ ਹਿੰਦੂ" ਵੱਲੋਂ ਛਾਪੀਆਂ ਕਹਾਣੀਆਂ (News Stories) ਦੇ ਪ੍ਰਿੰਟ ਆਊਟ ਤਿਆਰ ਪਏ ਸਨ। ਮੈਂ ਉਨ੍ਹਾਂ ਬਾਰੇ ਸਵਾਲ ਕੀਤਾ ਤਾਂ ਭਾਵਸਰ ਨੇ ਜਵਾਬ ਦਿੱਤਾ ਕਿ ਮੁੱਖ ਮੰਤਰੀ ਦੇ ਬਥੇਰੇ ਦੁਸ਼ਮਣ ਹਨ। ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਇਹ ਸੁਣ ਕੇ ਅੰਦਰੋ ਅੰਦਰੀ ਮਾਈਕ ਨੂੰ ਖੁਸ਼ੀ ਹੋਈ ਸੀ। ਬਾਅਦ ਵਿਚ ਸਾਨੂੰ ਉਹ ਵੱਖੋ ਵੱਖਰੀਆਂ ਕਿਤਾਬਾਂ ਦਿਖਾਈਆਂ ਗਈਆਂ ਜੋ ਮੁੱਖ ਮੰਤਰੀ ਨੇ ਲਿਖੀਆਂ ਹੋਈਆਂ ਸਨ ਅਤੇ ਸਾਨੂੰ ਉਸ ਦੀਆਂ ਤਕਰੀਰਾਂ ਵੀ ਸੁਣਾਈਆਂ ਗਈਆਂ ਜੋ ਉਸ ਵੱਲੋਂ ਹਿੰਦੁਸਤਾਨ ਅਤੇ ਦੁਨੀਆਂ ਵਿਚ ਹੋਰ ਥਾਈਂ ਕੀਤੀਆਂ ਸਨ।

ਭਾਵਸਰ ਨੇ ਮੈਨੂੰ ਕਿਹਾ ਕਿ ਮੈਂ ਸਾਰੇ ਕੁਝ ਦੀ ਇਕ ਕਾਪੀ ਲੈ ਲਵਾਂ ਕਿਉਂਕਿ ਇਹ ਫਿਲਮ ਬਣਾਉਣ ਵਿਚ ਮੇਰੀ ਮਦਦ ਕਰੇਗੀ। ਮੈਂ ਕਿਹਾ ਕਿ ਇਹ ਮੈਂ ਅਗਲੀ ਮਿਲਣੀ 'ਤੇ ਲੈ ਜਾਵਾਂਗੀ। ਅਸੀਂ ਘਰ ਵਾਪਸ ਆ ਗਏ ਅਤੇ ਮਾਈਕ ਨੇ ਆਪਣਾ ਸਮਾਨ ਬੰਨ੍ਹ ਲਿਆ, ਉਸਨੇ ਦਿੱਲੀ ਦੀ ਉਡਾਣ ਫੜਨੀ ਸੀ। ਜਦੋਂ ਉਸਨੂੰ ਹਵਾਈ ਅੱਡੇ 'ਤੇ ਲਿਜਾਣ ਲਈ ਟੈਕਸੀ ਆ ਗਈ ਤਾਂ ਮੈਂ ਉਸਨੂੰ ਗਲਵੱਕੜੀ ਪਾ ਕੇ ਮਿਲੀ। ਥੋੜ੍ਹੇ ਮਿੰਟਾਂ ਬਾਅਦ ਮਾਈਕ ਨੇ ਮੈਨੂੰ ਫ਼ੋਨ ਕਰਕੇ ਦਸਿਆ ਕਿ ਜਦੋਂ ਉਹ ਹਵਾਈ ਅੱਡੇ ਉਪਰ ਪਹੁੰਚਿਆ ਤਾਂ ਉਸਨੂੰ ਆਪਣੀ ਜੇਬ ਵਿਚ ਇਕ ਰੁਪਈਆ ਵੀ ਨਹੀਂ ਮਿਲਿਆ ਅਤੇ ਟੈਕਸੀ ਡਰਾਈਵਰ ਨੇ ਨਾ ਸਿਰਫ਼ ਉਸਨੂੰ ਕਿਰਾਇਆ ਮਾਫ਼ ਕਰ ਦਿੱਤਾ ਸਗੋਂ ਸਫ਼ਰ ਖ਼ਰਚ ਲਈ ਆਪਣੇ ਕੋਲੋਂ ਦੋ ਸੌ ਰੁਪਏ ਵੀ ਦਿੱਤੇ। ਮਾਈਕ ਕਹਿ ਰਿਹਾ ਸੀ ਕਿ ਇਹ ਹੈ ਹਾਸਲ ਜੋ ਉਹ ਆਪਣੇ ਨਾਲ ਲਿਜਾਣਾ ਚਾਹੁੰਦਾ ਸੀ। ਮੈਂ ਤਹਿ ਦਿਲੋਂ ਉਸ ਨਾਲ ਸਹਿਮਤੀ ਪ੍ਰਗਟਾਈ। ਇਹ ਆਖ਼ਰੀ ਵਾਰ ਸੀ ਜਦੋਂ ਮੈਂ ਮਾਈਕ ਨੂੰ ਮਿਲੀ ਅਤੇ ਮੈਨੂੰ ਯਕੀਨ ਹੈ ਕਿ ਉਹ ਜਿਥੇ ਕਿਤੇ ਵੀ ਹੋਵੇਗਾ, ਉਹ ਮੈਥਿਲੀ ਨੂੰ, ਆਪਣੀ ਵੱਡੀ ਭੈਣ ਅਤੇ ਸੰਗੀ ਸਾਥੀ ਨੂੰ ਚੇਤੇ ਰੱਖੇਗਾ।

ਇਸ ਪਿੱਛੋਂ ਮੈਂ ਸ਼ੋਮਾ ਨੂੰ ਫ਼ੋਨ ਕੀਤਾ ਅਤੇ ਸਾਰੀ ਤਫ਼ਸੀਲ ਦੱਸ ਦਿੱਤੀ। ਉਸਨੇ ਪੁੱਛਿਆ ਕਿ ਕੀ ਮੈਂ ਮੁੱਖ ਮੰਤਰੀ ਨੂੰ ਫ਼ਸਾਦਾਂ ਬਾਰੇ ਸਵਾਲ ਕੀਤਾ ਸੀ। 'ਜਾਣ ਵੀ ਦਿਓ ਸ਼ੋਮਾ, ਇਹ ਆਖ਼ੀਰ ਵਿਚ ਕਰਨ ਵਾਲਾ ਕੰਮ ਹੈ ਕੀ ਮੈਂ ਇਹ ਆਪਣੀ ਪਹਿਲੀ ਫੇਰੀ ਉਪਰ ਕਰਾਂਗੀ, ਮੈਂ ਜਵਾਬ ਦਿੱਤਾ।

ਬਾਅਦ ਵਿਚ ਸ਼ਾਮ ਨੂੰ ਮੈਨੂੰ ਸ਼ੋਮਾ ਨੇ ਫ਼ੋਨ ਕਰਕੇ ਕਿਹਾ, ਰਾਣਾ ਦਿੱਲੀ ਵਾਪਸ ਆ ਜਾ। ਮੈਂ ਅਜੇ ਰੋਸ ਜ਼ਾਹਿਰ ਕਰਨਾ ਸ਼ੁਰੂ ਹੀ ਕੀਤਾ ਸੀ ਜਦੋਂ ਉਸਨੇ ਕਹਿ ਦਿੱਤਾ ਕਿ ਇਸਦੀ ਵਿਆਖਿਆ ਉਹ ਮੇਰੇ ਵਾਪਸ ਮੁੜਨ 'ਤੇ ਦੇਵੇਗੀ।

ਅਗਲੀ ਸਵੇਰ ਮੈਂ ਦਿੱਲੀ ਪਹੁੰਚ ਗਈ ਅਤੇ ਸਿੱਧੀ "ਤਹਿਲਕਾ" ਦੇ ਦਫ਼ਤਰ ਚਲੀ ਗਈ। ਮੈਂ ਮੋਦੀ ਦੀ ਰਿਕਾਰਡਿੰਗ ਦੀ ਫੁਟੇਜ ਆਪਣੇ ਲੈਪਟਾਪ ਵਿਚ ਉਤਾਰ ਲਈ ਸੀ। ਤਰੁਣ ਆਪਣੇ ਕੈਬਿਨ ਵਿਚ ਸੀ। ਸ਼ੋਮਾ ਵੀ ਉਥੇ ਆ ਗਈ। ਮੈਂ ਉਨ੍ਹਾਂ ਨੂੰ ਫੁਟੇਜ ਦਿਖਾਈ ਅਤੇ ਓਬਾਮਾ ਦੀਆਂ ਕਿਤਾਬਾਂ ਦੇਖ ਕੇ ਉਨ੍ਹਾਂ ਨੂੰ ਹਾਸਾ ਆ ਗਿਆ।

'ਫਿਰ ਮੈਨੂੰ ਵਾਪਸ ਕਿਉਂ ਸੱਦਿਆ ਗਿਆ?' ਮੈਂ ਪੁੱਛਿਆ।

'ਉਸ ਦਾ ਦਫ਼ਤਰ ਕੁਝ ਦਿਨਾਂ ਵਿਚ ਮੈਨੂੰ ਫ਼ੋਨ ਕਰੇਗਾ ਅਤੇ ਮੈਂ ਉਸਨੂੰ ਦੁਬਾਰਾ ਮਿਲਣਾ ਹੈ।'

ਤਰੁਣ ਕਹਿੰਦਾ, 'ਦੇਖੋ ਰਾਣਾ, ਬੰਗਾਰੂ ਲਕਸ਼ਮਣ ਉਪਰ ਤਹਿਲਕਾ ਸਟਿੰਗ ਕਰਨ ਤੋਂ ਬਾਅਦ ਉਨ੍ਹਾਂ ਨੇ ਸਾਡਾ ਦਫ਼ਤਰ ਬੰਦ ਕਰਵਾ ਦਿੱਤਾ। ਮੋਦੀ ਸਭ ਤੋਂ ਤਾਕਤਵਰ ਆਦਮੀ ਬਣਨ ਜਾ ਰਿਹਾ ਹੈ, ਪ੍ਰਧਾਨ ਮੰਤਰੀ। ਜੇ ਅਸੀਂ ਉਸਨੂੰ ਹੱਥ ਪਾਉਂਦੇ ਹਾਂ ਤਾਂ ਅਸੀਂ ਤਬਾਹ ਹੋ ਜਾਵਾਂਗੇ।'

ਮੈਂ ਸਹਿਮਤ ਨਹੀਂ ਸੀ। ਕੀ ਸਮੁੱਚਾ ਸਟਿੰਗ ਓਪਰੇਸ਼ਨ ਆਪਣੇ ਆਪ ਵਿਚ ਵੱਡਾ ਜੋਨਹੀਂ ਸੀ? ਪਰ ਮੈਨੂੰ ਹਰ ਦਲੀਲ ਦਾ ਜਵਾਬ ਨਾਂਹ ਵਿਚ ਮਿਲਿਆ।

ਉਸੇ ਸ਼ਾਮ ਨੂੰ ਮੈਨੂੰ ਸੰਜੇ ਭਾਵਸਰ ਦਾ ਫ਼ੋਨ ਆ ਗਿਆ। ਫੋਦੀ ਘੰਟੀ ਵੱਜਦੀ ਰਹੀ। ਉਸਨੇ ਤਿੰਨ ਵਾਰ ਫ਼ੋਨ ਕੀਤਾ ਅਤੇ ਫਿਰ ਟੈਕਸਟ ਮੈਸੇਜ ਭੇਜ ਦਿੱਤਾ ਕਿ ਮੁੱਖ ਮੰਤਰੀ ਅਗਲੇ ਐਤਵਾਰ ਮੈਨੂੰ ਮਿਲਣਾ ਚਾਹੁਣਗੇ। ਮੈਂ ਇਕ ਸਥਾਨਕ ਪੀ ਸੀ ਓ ਉਪਰ ਗਈ ਅਤੇ ਭਾਵਸਰ ਨੂੰ ਫ਼ੋਨ ਕਰਕੇ ਦਸਿਆ ਕਿ ਮੈਂ ਦਿੱਲੀ ਵਿਚ ਸੀ ਅਤੇ ਕਿ ਮੇਰੇ ਕਿਸੇ ਸਕੇ ਸਬੰਧੀ ਦਾ ਦੇਹਾਂਤ ਹੋ ਗਿਆ ਸੀ ਅਤੇ ਇਥੇ ਮੇਰੀ ਜ਼ਰੂਰਤ ਸੀ। ਫਿਰ ਵੀ ਮੈਂ ਉਸਨੂੰ ਯਕੀਨ ਦਿਵਾਇਆ ਕਿ ਹਫ਼ਤੇ ਦੇ ਅੰਦਰ ਮੈਂ ਉਸ ਨੂੰ ਖ਼ੁਦ ਫ਼ੋਨ ਕਰਾਂਗੀ। ਦੋ ਦਿਨ ਬਾਅਦ ਮੈਂ ਆਪਣਾ ਯੂਨੀਨਰ ਦਾ ਸਿਮ ਫ਼ੋਨ ਵਿਚੋਂ ਕੱਢਿਆ, ਇਸਨੂੰ ਤੋੜਿਆ ਅਤੇ ਕੂੜਾਦਾਨ ਵਿਚ ਸੁੱਟ ਦਿੱਤਾ। ਇਸੇ ਤਰ੍ਹਾਂ ਮੈਂ ਫ਼ੋਨ ਵੀ ਨਸ਼ਟ ਕਰ ਦਿੱਤਾ। ਉਸ ਦਿਨ ਤੋਂ ਮੈਥਿਲੀ ਹਮੇਸ਼ਾ ਲਈ ਮਰ ਮੁੱਕ ਗਈ। ਸੰਪਾਦਕਾਂ ਨੇ ਫ਼ੈਸਲਾ ਲੈ ਲਿਆ ਕਿ ਛਾਣਬੀਣ ਛਾਪੀ ਨਹੀਂ ਜਾਵੇਗੀ।

ਓਦੋਂ ਤੋਂ ਮੈਂ ਖ਼ਾਮੋਸ਼ ਹਾਂ।

ਹੁਣ ਤੱਕ।

**(ਸਮਾਪਤ)**

# Classified

## ਵਰ ਦੀ ਲੋੜ

**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 29, 5’ 2’’ ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੈਟਾ ਸਮੇਤ ਈਮੇਲ- 5RiversDeep@gmail.com. ’ਤੇ ਸੰਪਰਕ ਕੀਤਾ ਜਾ ਸਕਦਾ ਹੈ।**

## Bride WANTED

Seeking Jatt Sikh profesional, Pure Vegetarian match for our US born beautiful daughter, 29, 5’ 2’’. Bachelor’s Degree in Business Marketing. Dowry seekers please excuse. Interested, please contact with photo and biodata at 5RiversDeep@gmail.com.

## ਯੋਗ ਲੜਕੀਆਂ ਦੀ ਜ਼ਰੂਰਤ

ਜੱਟ, ਗੁਰਸਿੱਖ ਅੰਮ੍ਰਿਤਧਾਰੀ, 22 ਅਤੇ 24 ਸਾਲ, ਅਮੀਕਨ ਗਰੀਨ ਕਾਰਡ ਹੋਲਡਰ ਲੜਕਿਆਂ ਲਈ ਯੋਗ ਲੜਕੀਆਂ ਦੀ ਜ਼ਰੂਰਤ ਹੈ। ਕ੍ਰਿਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਲੜਕਿਆਂ ਦੀਆਂ 2 (ਟਵਿੰਨਸ) ਭੈਣਾਂ, M. Sc. (IT ਦੀ ਪੜ੍ਹਾਈ ਜਾਰੀ) ਲਈ ਯੂ.ਐਸ.ਏ. ਜਾਂ ਕੈਨੇਡਾ ਰਿਸ਼ਤਾ ਕਰਵਾ ਸਕਣ। ਮਾਤਾ-ਪਿਤਾ ਅਮਰੀਕਨ ਗਰੀਨ ਕਾਰਡ ਹੋਲਡਰ, ਨਾਨਕੇ ਯੂ.ਐਸ.ਏ. ਵੈੱਲ ਸੈਟੱਲਡ। ਕਾਲ ਫਰੋ (209) 295-7374, (559) 907-2808, 94649-56631, 94784-46831

## ਖਾਲਿਸਤਾਨ ਦੇ ਸ਼ਬਦ ਨੂੰ ਸਿਰਫ ਪਿਆਰ ਕਰਨ ਦੀ ਬਜਾਏ ਪੰਥ ਦੀ ਹੋਣੀ ਦੇ ਪਾਂਧੀ ਬਣੀਏ

ਹਥਿਆਰਬੰਦ ਜੰਗ ਨਾਲ ਆਜ਼ਾਦੀ ਲੈਣ ਦਾ ਤਰੀਕਾ ਅਪਣਾਇਆ ਗਿਆ ਪਰ ਮਹਾਂ-ਤਾਕਤਾਂ ਨੇ ਰਲ-ਮਿਲ ਕੇ ਇਹਨਾਂ ਨੂੰ ਦਬਾਉਣਾ ਸ਼ੁਰੂ ਕੀਤਾ ਜਿਹਨਾਂ ਵਿੱਚ ਤਾਮਿਲ, ਕਸ਼ਮੀਰੀ, ਸਿੱਖ, ਕੁਰਦ, ਬਾਸਕ, ਕੋਸਵੋ, ਪੈਲਸਟਾਈਨ ਆਦਿ। ਇਸੇ ਤਰਾਂ ਸਵਿਧਾਨ ਦੇ ਘੇਰੇ ਵਿੱਚ ਰਹਿਕੇ ਤਿੱਬਤ, ਕੈਟਲੋਨੀਆ, ਕਿਊਬਕ ਅਤੇ ਸਕਾਟਲੈਂਡ ਆਪਣੀ ਕਿਸਮਤ ਅਜ਼ਮਾ ਚੁੱਕੇ ਹਨ।

ਵੱਡੀਆਂ ਤਾਕਤਾਂ ਦਾ ਇਹ ਫੈਸਲਾ ਸਮਝਿਆ ਜਾ ਰਿਹਾ ਹੈ ਕਿ ਹੁਣ ਕੌਮੀ (Nation) ਅਧਾਰ ਤੇ ਨਵੇਂ ਮੁਲਕ ਨਹੀਂ ਬਣਨ ਦੇਣੇ ਕਿਉਂਕਿ ਇਹ ਵਿਸ਼ਵੀਕਰਨ ਦੇ ਰਾਹ ਵਿਚ ਰੋੜਾ ਹੈ ਜੋ ਕਿ ਇਕਸਾਰਤਾ ਦੀ ਮੰਗ ਕਰਦਾ ਹੈ ਤਾਂ ਜੋ ਵਣਜ ਨਫੇ ਦੀ ਗਰੰਟੀ ਕਰੇ। ਵੱਡੀਆਂ ਤਾਕਤਾਂ ਸਾਰੀ ਦੁਨੀਆਂ ਨੂੰ ਇਕ ਯੂਨਿਟ ਬਨਾਉਣਾ ਚਾਹੁੰਦੀਆਂ ਹਨ ਜਿਸ ਵਿੱਚ ਇੱਕ ਤਰ੍ਹਾਂ ਦਾ ਨਵਾਂ ਸਭਿਆਚਾਰ ਅਤੇ ਅੰਗਰੇਜ਼ੀ ਭਾਸ਼ਾ ਹੋਵੇ ਜਿਸ ਕਾਰਨ ਸਾਰੀ ਦੁਨੀਆ ਹੀ ਉਹਦੀ ਮੰਡੀ ਹੋਵੇ। ਇਸ ਨਵੇਂ ਉਭਰ ਰਹੇ ਸ਼ਖਸ਼ੀ ਕਲਚਰ (Individualistic) ਵਿੱਚ ਆਪਣੀ ਕੌਮ ਦੇ ਧਰਮ, ਸਭਿਆਚਾਰ, ਸਾਹਿਤ, ਰਿਵਾਜ਼ਾਂ, ਭਾਸ਼ਾ ਲਈ ਕੋਈ ਜਗ੍ਹਾ ਨਹੀਂ। ਮਨੁੱਖ ਨਿੱਜੀ ਜਿੰਦਗੀ ਵਿੱਚ ਮਾਂ-ਪਿਉ ਦੀਆਂ ਬੰਦਸਾਂ ਤੋਂ ਲੈਕੇ ਵਿਆਹ ਕਰਾਉਣ ਤੱਕ, ਧਰਮ ਦੀ ਮਰਿਯਾਦਾ ਅਤੇ ਸਮਾਜਿਕ ਜ਼ਿੰਦਗੀ ਵਿੱਚ ਬਿਨਾਂ ਰੁਕਾਵਟ ਪੂਰੀ ਆਜ਼ਾਦੀ ਚਾਹੁੰਦਾ ਹੈ। ਕੌਮ ਲਈ ਮਰ-ਮਿਟਣਾਂ ਸਿਰਫ ਕੁੱਝ ਲੋਕਾਂ ਦੀ ਖੇਡ ਰਹਿ ਗਈ ਹੈ ਅਤੇ ਜਿਸਨੂੰ ਅਤਿਵਾਦ ਦਾ ਲੇਬਲ ਲਾਕੇ ਖ਼ਤਮ ਕਰਨ ਦੀ ਇੱਕ ਕਾਨੂੰਨੀ ਪ੍ਰਵਾਣਗੀ ਮਿਲ ਚੁੱਕੀ ਹੈ।

ਦੁਨੀਆਂ ਵਿਚ ਹੁਣ ਵਿਚਾਰ ਇਹ ਚਲਦਾ ਹੈ ਕਿ ਜੇ ਸਾਰੀਆਂ ਨਸਲਾਂ ਨੂੰ ਦੇਸ਼ ਦੇ ਦਿੱਤੇ ਜਾਣ ਤਾਂ ਦੁਨੀਆਂ ਛੋਟੇ-ਛੋਟੇ ਮੁਲਕਾਂ ਵਿਚ ਵੰਡੀ ਜਾਵੇਗੀ ਅਤੇ ਇਸ ਦੇ ਉਲਟ ਨਵਾਂ ਮਾਡਲ (Super National Umbrella) ਹੀ ਇੱਕ ਅਜਿਹਾ ਮਾਡਲ ਹੈ ਜਿਹੜਾ ਸਭ ਲਈ ਲਾਭਦਾਇਕ ਹੈ ਅਤੇ ਜ਼ਿਆਦਾ Diverse ਤੇ Tolerance ਵਾਲਾ ਹੋਏਗਾ। ਇਸੇ ਅਧੀਨ ਯੂਰਪ ਵੀ ਇੱਕ ਇਕਾਈ (United States of Europe) ਬਣਨ ਵੱਲ ਤੁਰ ਪਿਆ ਹੈ। ਜਰਮਨੀ ਨੂੰ ਯੂਰਪ ਦਾ ਇੰਜਨ ਸਮਝਿਆ ਜਾਂਦਾ ਹੈ ਅਤੇ ਜਰਮਨੀ ਨੇ ਸਿੱਧੇ ਰੂਪ ਵਿਚ ਕਹਿ ਦਿੱਤਾ ਹੈ ਕਿ ਰਾਸ਼ਟਰਵਾਦ ਦੀ ਅੱਜ ਦੇ ਯੁੱਗ ਵਿਚ ਕੋਈ ਜਗ੍ਹਾ ਨਹੀਂ ਅਤੇ ਉਹ United States of Europe (ਅਮਰੀਕਾ ਵਾਂਗ) ਵਰਗੇ ਨਵੇਂ ਢਾਂਚੇ ਉਸਾਰਨ ਲਈ sovereignty ਤਿਆਗਣ ਲਈ ਵੀ ਤਿਆਰ ਹੈ।

ਲੰਡਨ ਦੀਆਂ ਉੱਚੀਆਂ ਇਮਾਰਤਾਂ ਵਿਚ ਦੁਨੀਆਂ ਦੇ ਮੰਨੇ-ਪ੍ਰਮੰਨੇ ਪੜ੍ਹੇ-ਲਿਖੇ, ਜਿਹਨਾਂ ਨੇ ਉੱਚ ਵਿਦਿਆ Harvard, IMT ਜਾਂ Oxford ਵਰਗੀਆਂ ਨਾਮੀ ਸੰਸਥਾਵਾਂ ਤੋਂ ਕੀਤੀ ਅਤੇ ਮਕੈਂਜੀ ਵਰਗੀਆਂ ਫਰਮਾਂ ਵਿਚੋਂ ਟਰੇਂਡ ਹੁੰਦੇ ਹਨ, ਦੁਨੀਆਂ ਦੇ ਮੁਲਕਾਂ ਦੀਆਂ ਸਰਕਾਰਾਂ ਚਲਾ ਰਹੇ ਹਨ ਅਤੇ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਦੇ ਮੁਖੀ ਵੀ ਹੁਣ ਇੱਥੋਂ ਹੀ ਨਿਕਲ ਰਹੇ ਹਨ। ਇਸ ਪੂੰਜੀਵਾਦੀ ਸੰਸਾਰ ਵਿਚ ਉਹਨਾਂ ਦੀ ਵਫਾਦਾਰੀ ਸਿਰਫ਼ ਆਪਣੇ ਨਾਲ ਹੈ ਜਾਂ ਜਿਹਨਾਂ ਨਾਲ ਉਹ ਵਿਉਪਾਰ ਕਰਦੇ ਹਨ। Sovereign Bond, Hedge funds ਵਰਗੇ ਫੈਸਲੇ ਉਥੇ ਬੈਠਕੇ ਹੀ ਨਿਸਚਤ ਹੁੰਦੇ ਹਨ।

ਦੁਨੀਆਂ ਦੇ ਰਾਜਨੀਤੀ ਮਾਹਿਰਾਂ ਦੀ ਬਹਿਸ ਚੱਲ ਰਹੀ ਹੈ ਕਿ ਕੀ ਰਾਸ਼ਟਰਵਾਦ ਆਪਣੇ ਆਖਰੀ ਸਾਹਾਂ ਤੇ ਹੈ ਅਤੇ ਸੰਨ 2050 ਤੱਕ ਯੂਰਪ ਇੱਕ ਇਕਾਈ ਵਜੋਂ ਕੰਮ ਕਰੇਗਾ ਅਤੇ ਦੁਨੀਆ ਦੇ ਮੁਲਕਾਂ ਦੀਆਂ ਹੱਦਾਂ ਵਿੱਚ ਫੇਰ ਬਦਲਾਅ ਆਵੇਗਾ ? ਆਦਿ। ਦੁਨੀਆਂ ਵਿੱਚ ਚੱਲ ਰਹੀ ਇਸ ਰਾਸ਼ਟਰਵਾਦ ਅਤੇ ਭਵਿਖ ਦੀ ਰਾਜਨੀਤਿਕ ਸਫਬੰਦੀ ਦੀ ਬਹਿਸ ਵਿੱਚ ਸਿੱਖ ਕਿਧਰੇ ਵੀ ਸ਼ਾਮਿਲ ਨਹੀਂ। ਨਵੇਂ ਰਾਜਨੀਤਿਕ ਮਾਡਲ ਵਿੱਚ ਨਸਲਾਂ (Ethnic communities) ਲਈ ਇਹ ਇੱਕ ਚੈਲੰਜ ਹੈ ਕਿ ਉਹ ਕਿਹੜਾ ਮਾਡਲ ਹੋਵੇ ਜਿਸ ਵਿੱਚ ਦੁਨੀਆ ਆਪਣੇ ਧਰਮ, ਸਭਿਆਚਾਰ, ਭਾਸ਼ਾਂ ਨੂੰ ਬਰਕਰਾਰ ਰੱਖ ਸਕੇ ਅਤੇ ਭਿੰਨ-ਭਿੰਨ (Diverse) ਲੋਕ ਕਿਵੇਂ ਸਾਂਤੀ ਨਾਲ ਬਿਨਾ ਕਿਸੇ ਵਿਤਕਰੇ ਦੇ ਇੱਕਠੇ ਰਹਿ ਸਕਣ। ਸਿੱਖਾਂ ਵਿੱਚ ਕੋਈ ਵੀ ਅਜਿਹਾ ਸਕਾਲਰ ਨਹੀਂ ਜਿਹੜਾ ਦੁਨੀਆਂ ਵਿਚਲੀ ਹਾਲਤ ਨੂੰ ਸਮਝਦੇ ਹੋਏ ਹਲੀਮੀ ਰਾਜ ਦੇ ਸਿਧਾਂਤ ਨੂੰ ਦੁਨੀਆ ਸਾਹਮਣੇ ਪੇਸ਼ ਕਰ ਸਕੇ ਕਿਉਂ ਕਿ ਮੇਰੀ ਨਿੱਜੀ ਜਾਣਕਾਰੀ ਮੁਤਾਬਕ ਇਹ ਇਸ ਕੰਮ ਵੱਲ ਇੱਕ ਕਦਮ ਵੀ ਤੁਰੇ ਨਹੀਂ।

ਸਿੱਖਾਂ ਨੂੰ ਖਾਲਸਾ ਰਾਜ ਬਾਰੇ ਕੋਈ ਵੀ ਕੰਮ ਕਰਨ ਲੱਗੇ ਇਸ ਅੰਤਰ-ਰਾਸ਼ਟਰੀ ਹਾਲਾਤ ਸਮੇਤ ਭਾਰਤ ਅਤੇ ਦੱਖਣੀ ਏਸ਼ੀਆ ਦੀ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਣਾ ਪਏਗਾ। ਉਸ ਤੋਂ ਬਾਅਦ ਸਿੱਖਾਂ ਦੀ ਅੰਦਰੂਨੀ ਹਾਲਾਤ ਤੇ ਵੀ ਨਜ਼ਰ ਪਾਉਣੀ ਪਏਗੀ ਅਤੇ ਸਿੱਖਾਂ ਵਿੱਚ ਕਿੰਨਾ ਕੁ ਹਿੱਸਾ ਅਸੀਂ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਹੋਏ ਹਾਂ, ਬਾਰੇ ਵਿਚਾਰ ਕਰਨਾ ਪਏਗਾ।

ਰਾਸ਼ਟਰਵਾਦ ਅਤੇ ਖਾਲਿਸਤਾਨ ਦੇ ਨਾਮ ਤੇ ਕਿਸੇ ਇੱਕ ਮੁੱਦੇ ਨੂੰ ਲੈਕੇ ਬਹਿਸ ਅਧੂਰੀ ਹੋਵੇਗੀ, ਸਾਨੂੰ ਬਹਿਸ ਲਈ ਇੱਕ ਵੱਡਾ ਦਾਇਰਾ ਮੁਕਰੱਰ ਕਰਨਾ ਪਏਗਾ ਅਤੇ ਬਹਿਸ ਦਾ ਪਲੇਟਫਾਰਮ ਵੀ ਢੰਗ ਦਾ ਚੁਨਣਾ ਪਏਗਾ। ਬਹਿਸ ਵਿੱਚ ਸ਼ਾਮਿਲ ਹੋਣ ਵਾਲਾ ਵਿਅਕਤੀ ਆਹਮੋ-ਸਾਹਮਣੇ ਕਈ ਦਿਨ ਬੈਠਕੇ ਇਸਨੂੰ ਕਿਸੇ ਸਿਰੇ ਲਾਉਣ ਲਈ ਤਿਆਰ ਹੋਣਾ ਚਾਹੀਦੈ। ਭੱਜੇ ਜਾਂਦੇ ਘੋੜੇ ਦੇ ਚਬਕਾਂ ਮਾਰੇ ਤੋਂ ਕੰਮ ਨਹੀਂ ਚਲਨਾਂ ਬਰਾਬਰ ਤੇ ਕੰਮ ਕਰਨ ਲਈ ਮੈਦਾਨ ਵਿੱਚ ਆਉਣਾ ਪਏਗਾ, ਬਾਤਾਂ ਪਾਉਣ ਦੀ ਮਿਆਦ ਹੁਣ ਪੁੱਗ ਗਈ ਹੈ। ਬਹਿਸ ਨੂੰ ਕੋਈ ਉਸਾਰੂ ਰੂਪ ਦੇਣ ਲਈ ਕੋਈ ਮਰਿਯਾਦਾ ਤਾਂ ਤਹਿ ਕਰਨੀ ਹੀ ਪਏਗੀ ਜਿਹੜੀ ਕਿ ਕੁੱਝ ਸੁਆਂਲਾਂ ਦੇ ਜੁਆਬਾਂ ਨਾਲ ਹੀ ਹੋਂਦ ਵਿੱਚ ਆ ਸਕਦੀ ਹੈ। ਭਾਵੇਂ ਖਿਡਾਰੀ ਨੇ ਖੇਡਨ ਤੋਂ ਪਹਿਲਾਂ ਕਈ ਦਰਸ਼ਕ ਇਕੱਠੇ ਕੀਤੇ ਹਨ ਜਿਹਨਾਂ ਦਾ ਇਸ ਬਹਿਸ ਵਿੱਚ ਰੋਲ ਲਾਂਬੂ ਲਾਉਣ ਵਾਲਾ ਹੀ ਹੋਵੇਗਾ ਪਰ ਜੇ ਇਰਾਦੇ ਵਿੱਚ ਸੁਹਿਰਦਤਾ ਹੋਈ ਤਾਂ ਜ਼ਰੂਰ ਕੋਈ ਨਾ ਕੋਈ ਉਸਾਰੂ ਗੱਲ ਸਾਹਮਣੇ ਆ ਜਾਵੇਗੀ।

ਸੁਆਲ ਇਸ ਤਰਾਂ ਹਨ;

1) ਕੀ ਸਿੱਖਾਂ ਕੋਲ ਆਜ਼ਾਦੀ ਲੈਣ ਦਾ ਰਾਹ ਸਿਰਫ ਤੇ ਸਿਰਫ ਨੇਸ਼ਨ ਸਟੇਟ ਵਾਲਾ ਪੈਂਤੜਾ ਹੀ ਹੈ ? ਕੀ ਨੇਸ਼ਨ ਸਟੇਟ ਪੱਥਰ ਦੇ ਲਿਖਿਆ ਸੱਚ ਹੈ ?
2) ਜੇ ਇਹੀ ਰਾਹ ਹੈ ਤਾਂ ਉਸਦਾ ਕੀ roadmap ਹੈ ? ਕੋਈ ਦੇਸ਼ ਮਦਦ ਦੇਣ ਲਈ ਤਿਆਰ ਹੋ ਸਕਦਾ ਹੈ ? ਉਹ ਕਿਹੜੇ ਕਿਹੜੇ ਕਾਰਨ ਹਨ ਜਿੰਨ੍ਹਾਂ ਕਰਕੇ ਕੋਈ ਵੀ ਮੁਲਕ ਸਿੱਖਾਂ ਦੀ ਆਜ਼ਾਦੀ ਦੀ ਪ੍ਰੋੜਤਾ ਕਰੇਗਾ ?
3) ਖਾਲਿਸਤਾਨ ਦਾ ਭੂਗੋਲਿਕ ਦਾਇਰਾ, ਭਾਵ ਇਸ ਦੀਆਂ ਸਰਹੱਦਾਂ ਕੀ ਹੋਣਗੀਆਂ, ਉਸ ਅੰਦਰ ਵੱਖ ਵੱਖ ਧਾਰਮਿਕ ਵਰਗਾਂ ਦੀ ਵਸੋਂ ਦਾ ਅਨੁਪਾਤ ਕੀ ਹੋਵੇਗਾ), ਅਤੇ ਉਸ ਵਿੱਚ ਰਾਜਸੀ ਤੰਤਰ ਦਾ ਸਰੂਪ ਕੀ ਹੋਵੇਗਾ, ਭਾਵ ਕੀ ਮੌਜੂਦਾ ਭਾਰਤੀ ਰਾਜ ਵਾਂਗ ਹਰ ਬਾਲਗ਼ ਨੂੰ ਵੋਟ ਦਾ ਹੱਕ ਹੋਵੇਗਾ ਜਾਂ ਕੋਈ ਵੱਖਰੀ ਤਰ੍ਹਾਂ ਦੀ ਚੋਣ ਵਿਧੀ ਅਮਲ ਵਿਚ ਲਿਆਂਦੀ ਜਾਵੇਗੀ, ਪ੍ਰਬੰਧਕੀ ਢਾਂਚਾਂ ਕਿਹੋ ਜਿਹਾ ਹੋਵੇਗਾ, ਸੰਵਿਧਾਨ ਵਿੱਚ ਧਰਮਾਂ/ਨਸਲਾਂ ਦਾ ਸਥਾਨ ਖਾਸ ਕਰ ਅਕਾਲ ਤੱਖਤ ਸਾਹਿਬ ਦਾ ਢਾਂਚੇ ਨਾਲ ਸਬੰਧ ਆਦਿ ਮੁਢਲੇ ਸੁਆਲਾਂ ਤੇ ਕੀ ਸਾਨੂੰ ਇਕਮੱਤ ਹੋਣ ਦੀ ਜਰੂਰਤ ਨਹੀਂ ਹੈ ?
4) ਜਦੋਂ ਕੋਈ ਆਪਣੇ ਬਨਣ ਵਾਲੇ ਦੇਸ਼ ਦੀ ਰੂਪ-ਰੇਖਾ ਅਤੇ ਉਹਨੂੰ ਪ੍ਰਾਪਤ ਕਰਨ ਲਈ ਚੱਲ ਰਹੇ ਰਸਤੇ ਤੇ ਵਿਚਾਰ ਕਰੇ ਤਾਂ ਉਹਨੂੰ ਪੰਥ ਵਿਰੋਧੀ ਕਹਿਣਾ ਕਿਧਰੇ ਸਾਡੇ ਖਾਲਿਸਤਾਨ ਦੇ ਸ਼ਬਦ ਅਤੇ ਜੈਕਾਰਿਆਂ ਨਾਲ ਇਸ਼ਕ ਕਰਕੇ ਤਾਂ ਨਹੀਂ ?
4) ਕੀ ਹਮੇਸ਼ਾ ਦੀ ਤਰਾਂ ਸਾਡੀ ਬਹਿਸ ਮੁੱਦੇ ਦੀ ਬਜਾਏ ਵਿਅਕਤੀਆਂ ਦੀ ਕਿਰਦਾਰਕੁਸ਼ੀ ਦੁਆਲੇ ਹੀ ਘੁੰਮੇਗੀ ?

ਦੁਨੀਆਂ ਵਿਚ ਇਹ ਮੰਨਿਆ ਜਾਂਦਾ ਹੈ ਕਿ ਧਰਮ ਰਾਜਨੀਤੀ ਨੂੰ ਪ੍ਰੀਭਾਸ਼ਤ (ਡਿਫਾਇਨ) ਨਹੀਂ ਕਰਦਾ। ਸਿੱਖਾਂ ਅੱਗੇ ਇਹੀ ਚੈਲੰਜ ਹੈ ਕਿ ਦੁਨੀਆਂ ਨੂੰ ਕਿਹੜਾ ਮਾਡਲ ਦਿੱਤਾ ਜਾਵੇ ਜਿਥੇ ਧਰਮ ਰਾਜਨੀਤੀ ਨੂੰ ਡਿਫਾਇਨ ਕਰੇ ਅਤੇ ਸਾਰੀਆਂ ਭਿੰਨ-ਭਿੰਨ ਕੌਮਾਂ (Nations) ਇਕ ਭਾਈਚਾਰੇ (Community) ਦੇ ਤੌਰ ’ਤੇ ਆਪਣੇ ਧਰਮ ਅਤੇ ਸਭਿਆਚਾਰ ਦੀ ਪੂਰਨ ਆਜ਼ਾਦੀ ਮਾਨਦੇ ਹੋਏ ਇਕੱਠੇ ਰਹਿ ਸਕਣ। ਇਸ ਮਾਡਲ ਨੇ ਵੀ ਦੁਨੀਆਂ ਦੀਆਂ ਹੱਦਾਂ ਵਿਚ ਤਬਦੀਲੀ ਲਿਆਉਣੀ ਹੈ ਅਤੇ ਇਸ ਤਬਦੀਲੀ ਵਿਚ ਸਿੱਖਾਂ ਨੂੰ ਖਾਲਿਸਤਾਨ ਦੀ ਪ੍ਰਾਪਤੀ ਲਾਜ਼ਮੀ ਹੈ ਅਤੇ ਸੰਭਵ ਵੀ ਹੈ। ਆਉ ਖਾਲਿਸਤਾਨ ਦੇ ਸ਼ਬਦ ਨੂੰ ਪਿਆਰ ਕਰਨ ਦੀ ਬਜਾਏ ਪੰਥ ਦੀ ਹੋਣੀ ਦੇ ਪਾਂਧੀ ਬਣੀਏ ਅਤੇ ਅਖਬਾਰਾਂ ਦੀ ਜਗ੍ਹਾ ਉਸਾਰੂ ਬਹਿਸ ਦਾ ਵੀ ਕੋਈ ਮਾਡਲ ਸਿਰਜੀਏ।

## ਨੇਸ਼ਨ-ਸਟੇਟ’ ਬਾਰੇ ਸਿੱਖ ਬੁੱਧੀਜੀਵੀਆਂ ਦੇ ਭਰਮ ਭੁਲੇਖੇ

ਭਿੰਨਤਾ ਵਾਲੇ ਵਿਸ਼ਾਲ ਦੇਸ ਨੂੰ ਇਕੱਠਾ ਰੱਖਣ ਲਈ “ਸੈਕੂਲਰ“ ਨਿਜ਼ਾਮ ਖੜਾ ਕਰਨ ਦਾ ਪ੍ਰਪੰਚ ਰਚ ਲਿਆ। 1947 ਤੋਂ ਲੈ ਕੇ ਅੱਜ 70 ਸਾਲਾਂ ਤੱਕ, ਹਿੰਦੁਸਤਾਨ ਤੇ ਪਾਕਿਸਤਾਨ, ਦੋਨੋ ਆਪਣੇ ਆਪਣੇ ਦੇਸਾਂ ਨੂੰ ਇਕ-ਆਖੰਡ ਯੂਨਿਟ ਰੱਖਣ ਤੇ ਇਕ ਨੇਸ਼ਨ’ ਸਿਰਜਣ ਲਈ ਵੱਡੀਆਂ ਲੜਾਈਆਂ ਆਪਣੇ ਹੀ ਲੋਕਾਂ ਤੇ ਫੌਜਾਂ ਚੜ੍ਹਾ ਕੇ ਲਗਾਤਾਰ ਲੜ੍ਹ ਰਹੇ ਹਨ। ਦੋਨੇ ਮੁਲਕਾਂ ਦੀਆਂ ਫੌਜਾਂ ਨੇ ਆਪਸੀ ਜੰਗ ਵੀ ਇਸੇ ਮੰਤਵ ਦੀ ਪੂਰਤੀ ਲਈ ਲੜ੍ਹੇ ਗਏ ਤੇ ਛੋਟੇ ਪੱਧਰਾਂ ਤੇ ਅੱਜ ਵੀ ਲੜ ਰਹੇ ਹਨ।

**ਸਿੱਖ ਘੱਟ ਗਿਣਤੀ:** ਦਰਅਸਲ, ਇਹ ਮੌਜੂਦਾ ਨੇਸ਼ਨ-ਸਟੇਟ ਵਰਤਾਰਾ ਹੀ ਹੈ ਜਿਹੜਾ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ, ਮਾਰ ਕੇ-ਕੁੱਟ ਕੇ, ਬਹੁਗਿਣਤੀ ਬਰਾਦਰੀ ਇਕ-ਜੁੱਟ ਕਰਨ ਲਈ ਕੌਮੀ ਭਾਵਨਾਵਾਂ ਪ੍ਰਚੰਡ ਕਰਦਾ, ਜਿਸ ਨੂੰ ਅਸੀਂ ਨੈਸ਼ਨਲਿਜ਼ਮ’ ਕਹਿੰਦੇ ਹਾਂ। ਇਸ ਤਰ੍ਹਾਂ ਦਾ ਨੈਸ਼ਨਲਿਜ਼ਮ’ ਹੀ ਭਾਰਤੀ ਸਟੇਟ’ ਦੀ ਸਿਆਸੀ ਵਿਚਾਰਧਾਰਾ ਬਣ ਗਿਆ ਹੈ। ਸਮੁਚੀ ਸਟੇਟ’ (ਇੰਡੀਅਨ ਅਸਟੈਬਲਿਸਮੈਂਟ) ਨੇ ਹੀ ਨੈਸ਼ਨਲਿਜ਼ਮ ਤੇ ਉਸਦੇ ਪ੍ਰਤੀਕਾਂ ਨੂੰ ਵਰਤ ਕੇ ਹਿੰਦੂ-ਬਹੁਗਿਣਤੀ ਦੇ ਅਧਾਰ ਤੇ ਉਸਾਰੇ ਕੌਮੀ ਕਲਚਰ’ ਵਿਚ ਘੱਟ-ਗਿਣਤੀ ਸਿੱਖਾਂ ਨੂੰ ਸਮੋ ਲੈਣ ਦੀ ਪ੍ਰਕ੍ਰਿਆ ਵੀ ਵਿੱਢੀ ਹੋਈ ਹੈ। ਇਸ ਪ੍ਰਕ੍ਰਿਆ ਨੇ ਵੀ ਅੱਜ ਦੇ ਸਿੱਖ ਸੰਕਟ ਵਿਚ ਚੋਖਾ ਹਿੱਸਾ ਪਾਇਆ।

ਇਹ ਐਵੇ ਸਿੱਧੜ ਜਿਹੇ ਵਿਸ਼ਲੇਸ਼ਨ ਹਨ ਕਿ ਇੰਦਰਾ ਗਾਂਧੀ, ਜਿਹੜੀ ਅਕਾਲੀ ਦਲ ਨਾਲ ਖਾਰ ਖਾਂਦੀ ਸੀ, ਨੇ ਅਕਾਲੀਆਂ ਤੋਂ ਬਦਲਾ ਲੈਣ ਲਈ ਅਤੇ ਉਸ ਸਮੇ ਦੀਆਂ ਪਾਰਲੀਮੈਂਟ ਦੀ ਚੋਣਾਂ ਵਿਚ ਬਹੁਗਿਣਤੀ ਹਿੰਦੂਆਂ ਨੂੰ ਕਾਂਗਰਸ ਦੇ ਹੱਕ ’ਚ ਭੁਗਤਾਉਣ ਲਈ, ਜੂਨ 84 ਵਰਤਾਇਆ ਸੀ। ਅਤੇ ਇੰਦਰਾ ਦੇ ਕਤਲ ਉਪਰੰਤ ਕਾਂਗਰਸ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਨਵੰਬਰ 84 ਦਾ ਕਤਲੇਆਮ ਕੀਤਾ ਗਿਆ।

ਅਸਲ ਵਿਚ ਹਾਕਮ ਇੰਦਰਾ ਗਾਂਧੀ ਦੀਆਂ ਸਿੱਖ-ਵਿਰੋਧੀ ਕਾਰਵਾਈਆਂ ਪਿੱਛੇ ਸਾਰੇ ਉਸਦੇ ਵਿਰੋਧੀ ਲੀਡਰ ਵੀ ਇਕ-ਜੁੱਟ ਹੋ ਕੇ ਸਿੱਖਾਂ ਨੂੰ ਅੱਤਵਾਦੀ-ਵੱਖਵਾਦੀ ਤੇ ਦੇਸ-ਧ੍ਰੋਹੀ ਪੁਕਾਰਨ ਲੱਗ ਪਏ ਸਨ। ਨੀਲਾ ਤਾਰਾ ਆਪਰੇਸ਼ਨ’ ਦੇ ਸੋਹਲੇ ਗਾਉਦਿਆਂ, ਭਾਜਪਾ ਦੇ ਲੀਡਰ ਅਟੱਲ ਬਿਹਾਰੀ ਵਾਜਪਾਈ ਨੇ ਇੰਦਰਾ ਗਾਂਧੀ ਨੂੰ ਦੁਰਗਾ ਦੇਵੀ’ ਦੀ ਉਪਾਧੀ ਨਾਲ ਨਿਵਾਜਿਆ ਸੀ। ਉਸੇ ਪ੍ਰਕ੍ਰਿਆ ਵਿਚੋਂ ਤਾਂ ਬਾਬਰੀ ਮਸਜਿਦ ਤਬਾਹ ਕੀਤੀ ਗਈ, ਹਿੰਦੂ-ਰਾਸ਼ਟਰਵਾਦੀ ਭਾਜਪਾ ਦਾ ਉਦੈ ਹੋਇਆ, ਹਿੰਦੂ-ਰਾਸ਼ਟਰ ਦੀ ਸਥਾਪਨਾ ਦਾ ਸਿਆਸੀ ਏਜੰਡਾ ਮੁੱਖਧਾਰਾ ਰਾਜਨੀਤੀ ਦਾ ਅਹਿਮ ਹਿੱਸਾ ਬਣਿਆ ਜਿਸ ਵਿਚੋਂ ਅੱਜ ਦੀ ਮੋਦੀ ਦੀ ਹਿੰਦੂ ਬਹੁਗਿਣਤੀ ਸਰਕਾਰ ਬਣੀ ਹੈ। ਹੁਣ ਦੇਸ ਦੀ ਭਿੰਨਤਾ ਤੇ ਘੱਟਗਿਣਤੀਆਂ ਨੂੰ ਕੁਚਲਣਾ, ਸਿਆਸੀ-ਵਿਰੋਧ ਤੇ ਵਖਰੇਵਿਆਂ ਨੂੰ ਹਿਟਲਰ ਦੇ ਅੰਦਾਜ਼ ਵਿਚ ਦਬਾਉਣਾ ਅਤੇ ਪਾਕਿਸਤਾਨ ਨਾਲ ਜੰਗ-ਯੁੱਧ ਦਾ ਮਹੌਲ ਬਣਾ ਕੇ ਹਿੰਦੂ ਮਿਲਟਰੀ ਸਟੇਟ’ ਖੜੀ ਕਰਨਾ ਹਿੰਦੂਤਵ ਤਾਕਤਾਂ ਦਾ ਵੱਡਾ ਨਿਸ਼ਾਨਾ ਬਣ ਗਿਆ ਜਾਪਦਾ।

**ਸਿੱਖ ਸਿਧਾਂਤ ਤੇ ਤਵਾਰੀਖੀ ਅਮਲ:**

ਸਿੱਖ ਸਿਧਾਂਤ ਧਰਮ ਤੇ ਸਿਆਸਤ’ ਨੂੰ ਵਖਰਾ ਇਕ-ਦੂਜੇ ਤੋਂ ਜੁਦਾ ਨਹੀ ਕਰਦਾ ਜਦੋਂ ਕਿ ਨੇਸ਼ਨ-ਸਟੇਟ ਰਾਜ-ਪ੍ਰਬੰਧ ਧਰਮ ਪਿਛੇ ਸੁੱਟ ਕੇ ਹੀ ਪੈਦਾ ਹੋਇਆ ਸੀ। ਇਹ ਪੱਛਮੀ ਵਰਤਾਰਾ ਨੇਸ਼ਨ’ ਨੂੰ ਧਾਰਮਿਕ ਪੱਧਰ ਦੀ ਪਵਿੱਤਰਤਾ ਤੇ ਉੱਚਚਤਾ ਦੇ ਕੇ ਘੱਟਗਿਣਤੀਆਂ ਅਤੇ ਰਾਜਨੀਤਕ ਵਿਰੋਧੀਆਂ ਨੂੰ ਦੇਸ-ਧਰੋਹੀ’ ਤੇ ਦੇਸ-ਦੁਸ਼ਮਣ’ ਗਰਦਾਨ ਕੇ ਉਨ੍ਹਾਂ ਨੂੰ ਹਿੰਸਾ ਦਾ ਟਾਰਗਟ’ ਬਣਾਉਂਦਾ ਅਤੇ ਉਨ੍ਹਾਂ ਨੂੰ ਅਮਲੀ ਪੱਧਰ ਤੇ ਦੂਜੇ-ਦਰਜੇ ਦੇ ਸ਼ਹਿਰੀ’ ਵੀ ਬਣਾਉਦਾ ਹੈ।

ਅਸਲ ਵਿਚ ਨੇਸ਼ਨ ਸਟੇਟ ਦੇ ਖਾਸੇ ਅਨੁਸਾਰ ਭਾਰਤੀ ਤੰਤਰ ਵੀ ਸਿੱਖ, ਮੁਸਲਮਾਨ ਘੱਟ-ਗਿਣਤੀਆ ਅਤੇ ਅਜਾਦੀ ਲਈ ਲੜ੍ਹ ਰਹੇ ਹੋਰ ਲੋਕਾਂ ਨੂੰ ਅਣ-ਐਲਾਨੀਆ ਤੌਰ ਤੇ - ਫਾਲਤੂ ਮਾਨਸ ਜਾਤ’ ਹੀ ਸਮਝਦਾ ਅਤੇ ਉਹ ਸਾਰੀ ਸਿਆਸਤ ਆਪਣੇ ਨਾਗਰਿਕਾਂ’ ਦੁਆਲੇ ਹੀ ਘੁੰਮਾਉਂਦਾ ਹੈ। ਇਸੇ ਕਰਕੇ ਭਾਰਤੀ ਸਟੇਟ ਤੇ ਉਸਦੀ ਸਮੁੱਚੀ ਮੁਖਧਾਰਾ ਸ਼ਿਆਸੀ ਜਮਾਤ ਨਵੰਬਰ 84, ਗੁਜਰਾਤ ਵਿਚਲੇ ਸਾਲ 2002 ਦਾ ਮੁਸਲਮਾਨਾਂ ਦੇ ਨਸਲ-ਕੁਸ਼ੀ ਦੀਆਂ ਅਣ-ਮਨੁੱਖੀ ਘਟਨਾਵਾਂ ਨੂੰ ਹਜ਼ਮ ਹੀ ਕਰ ਗਈ ਹੈ।

ਇਹ ਕਤਲੇਆਮ ਨੇਸ਼ਨ’ ਉਸਾਰਨ ਲਈ ਕੌਮੀ ਇਕ-ਸੁਰਤਾ’(national uniformity and unity) ਲਿਆਉਣ ਦੀ ਕੋਸ਼ਿਸ਼ਾਂ ਦਾ ਲਖਾਇਕ ਹੈ। ਅਜੇਹੇ ਨੇਸ਼ਨ-ਸਟੇਟ’ ਤੇ ਉਸ ਨਾਲ ਜੁੜੀ ਪ੍ਰਭੂਸੱਤਾ ਨੂੰ ਅਸੀ ਕਿਵ ਯੂਨੀਵਰਸਲ ਸਿਧਾਤ’ ਮੰਨ ਸਕਦੇ ਹਾਂ ? ਇਸ ਦੇ ਉਲਟ, ਸਿੱਖਾਂ ਕੋਲ ਆਪਣੇ ਸਿਧਾਂਤ ਤੇ ਸਿੱਖ ਗੁਰੂਆਂ ਦਾ ਅਮਲ ਹਨ ਜਿਹੜੇ ਸਮਾਜ ਵਿਚ ਪੱਛਮੀ ਤਰਜ਼ ਦੀ ਇਕਸਾਰਤਾ (uniformity) ਸਥਾਪਤ ਨਹੀਂ ਕਰਦੇ ਸਗੋਂ ਉਹ ਸਮਾਜ ਵਿਚ ਇਕਸੁਰਤਾ (harmony) ਕਾਇਮ ਕਰਦੇ ਹਨ। ਸਿੱਖਾਂ ਦਾ ਅਮਲ ਕੁਦਰਤ ਤੇ ਸਮਾਜ ਵਿਚਲੀ ਭਿੰਨਤਾ ਤੇ ਵਖਰੇਵਿਆਂ ਨੂੰ ਕਰਤਾ ਤੇ ਸਿਰਜਨਹਾਰ ਦੀ ਅਮੁਲ ਦਾਤ ਤੇ ਬਖਸ਼ਸ਼ ਸਮਝਦਾ ਹੋਇਆ ਉਨ੍ਹਾਂ ਦੀ ਹੋਂਦ ਦੇ ਜ਼ਸ਼ਨ ਮਨਾਉਦਾ, ਇਨ੍ਹਾਂ ਨੂੰ ਖਤਮ ਨਹੀਂ ਕਰਦਾ।

ਅਣਜਾਨੇ ਹੀ ਨੇਸ਼ਨ-ਸਟੇਟ ਦੀ ਕਾਂਗਰਸੀ ਵਿਚਾਰਧਾਰਾ ਦੇ ਧੱਕੇ ਚੜ੍ਹਿਆ ਸਿੱਖ-ਭਾਈਚਾਰਾ ਵੀ 1947 ਦੀ ਵੰਡ ਦੇ ਫਿਰਕੂ ਖੁਨ-ਖਰਾਬੇ ਵੱਲ ਖਿਚਿਆ ਗਿਆ ਸੀ। ਉਸ ਆਪਸੀ ਭਰਾ-ਮਾਰੂ ਜੰਗ ਦੀ ਪੀੜਾ, ਸੰਤਾਪ ਤੇ ਪਸ਼ਚਾਤਾਪ ਚੋਂ ਸਿੱਖ ਅੰਤਰੀਵ ਮਨ ਅਜੇ ਤੱਕ ਮੁਕਤ ਨਹੀ ਹੋਇਆ ਜਦੋਂ ਕਿ ਹਿੰਦੂਤਵ ਨੂੰ ਪਰਣਾਏ ਬਹੁ-ਗਿਣਤੀ ਸਮਾਜ ਦੇ ਲੋਕ ਉਸ ਅਣ-ਮਨੁੱਖੀ ਕਤਲੋ-ਗਾਰਦ ਸਹੀ ਮੰਨਦੇ ਹਨ ਤੇ ਉਸ ਜਿੱਤ ਮੰਨ ਕੇ ਮਾਣ ਵੀ ਕਰਦੇ ਹਨ।

ਜਦੋਂ ਸਿੱਖ ਗੂਰਆਂ ਦੀ ਲੰਬੀ ਕਮਾਈ ਨੇ ਸਿੱਖਾਂ ਨੂੰ ਇਕ ਨਵੇਕਲੀ ਜੀਵਨ-ਜਾਂਚ ਤੇ ਜੀਵਨ-ਜੁਗਤ ਦਿੱਤੀ ਹੈ। ਅਸੀ ਪੱਛਮੀ ਨੇਸ਼ਨ-ਸਟੇਟ’ ਦੀ ਨਕਲ ਕਿਉਂ ਕਰੀਏ ? ਉਸ ਦੀ ਥਾਂ ਸਾਨੂੰ ਗੁਰੂ ਮਾਰਗ’ ਤੋਂ ਸੇਧ ਲੈਣੀ ਚਾਹੀਦੀ ਹੈ। ਯਾਦ ਰਹੇ, ਮਹਾਰਾਜਾ ਰਣਜੀਤ ਸਿੰਘ ਨੇ ਖਾਲਸਾ ਸਟੇਟ’ ਦੀ ਸਥਾਪਨਾ ਕੀਤੀ ਸੀ ਜਿਹੜੀ ਪੱਛਮੀ ਅਮਲ ਵਾਲੀ ਨੇਸ਼ਨ-ਸਟੇਟ ਦੀ ਨਹੀਂ ਸੀ। ਉਸਨੇ ਆਪਣੇ ਰਾਜ ਨੂੰ ਨੇਸ਼ਨ’ ਦੇ ਤੌਰ-ਤਰੀਕਿਆਂ ਤੇ ਬਿਲਕੁਲ ਨਹੀਂ ਢਾਲਿਆ।

ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਭੂਸੱਤਾ-ਸੰਪੰਨ (sovereign state) ਸੀ ਪਰ ਪੱਛਮ ਦੀ ਤਰਜ਼ ਵਾਲਾ ਸਾਵਰਨ’ ਨਹੀ ਸੀ। ਕਿਉਕਿ ਸਿੱਖਾਂ ਦੀ ਸਾਵਰਨਿਟੀ (sovereignity) ਸੱਚਾ ਪਾਤਸ਼ਾਹ’ ਦੇ ਸੰਕਲਪ ਵਿਚੋਂ ਨਿਕਲਦੀ ਹੈ ਅਤੇ ਸ਼੍ਰੀ ਅਕਾਲ ਤਖਤ ਰਾਹੀ ਵਿਦਮਾਨ ਹੰਦੀ ਹੈ; ਸ਼੍ਰੀ ਅਕਾਲ ਤਖਤ ਦਨਿਆਵੀ ਰਾਜ-ਤੱਖਤਾਂ (ਨੇਸ਼ਨ-ਸਟੇਟਾਂ) ਦੀ ਸਰਵ-ਉਚਚਤਾ (supremacy) ਤੋਂ ਉਪਰ ਸਦੀਵੀ-ਰੱਬੀ ਤਖਤ’ ਦਾ ਲਖਾਇਕ ਹੈ।

ਇਸੇ ਕਰਕੇ ਸਿੱਖ ਸਿਧਾਂਤ ਨੇਸ਼ਨ-ਸਟੇਟ ਤੇ ਉਸ ਨਾਲ ਜੁੜੀ ਸਾਵਰਨਿਟੀ ਨੂੰ ਪੂਰਨ ਰੂਪ ਵਿਚ ਰੱਦ ਕਰਦਾ ਅਤੇ ਆਪਣੇ ਸਿਧਾਤਾਂ ਤੇ ਅਧਾਰਤ ਰਾਜ-ਪ੍ਰਬੰਧ ਪ੍ਰਣਾਲੀ ਦੇ ਪੁਨਰ-ਜਾਗਰਨ ਤੇ ਪੁਨਰ-ਅਮਲ ਦੀ ਵਕਾਲਤ ਕਰਦਾ ਹੈ।

ਸਿੱਖ ਵਿਦਵਾਨਾਂ ਨੂੰ ਚਾਹੀਦਾ ਹੈ, ਪੱਛਮ ਵਲੋਂ ਸਾਡੇ ਮਨਾਂ ਅੰਦਰ ਠੋਸੀ ਗੁਲਾਮ ਜ਼ਿਹਨੀਅਤ’ ਨੂੰ ਪਰ੍ਹੇ ਵਗਾਹ ਮਾਰਨ। ਅਤੇ ਪੱਛਮ ਦੇ ਗਿਆਨ ਦੀ ਘਟੀਆ-ਪੱਧਰ ਦੀ ਨਕਲ ਕਰਨ ਦੀ ਬਜਾਏ ਗੁਰਮਤ ਗਿਆਨ ਤੇ ਗੁਰੂ ਕਮਾਈ’ ਵਿਚੋਂ ਆਪਣੀ ਨਵੇਕਲੀ ਤੇ ਮੌਲਿਕ ’ਸਿਆਸੀ ਸਮਝ’ ਉਸਾਰਣ ਤੇ ’ਹਲੀਮੀ ਰਾਜ’ ਦੀ ਰੂਪ-ਰੇਖਾ ਤਿਆਰ ਕਰਨ।

## ‘ਕਾਮਾਗਾਟਾ ਮਾਰੂ ਦਾ ਅਸਲੀ ਸੱਚ’ ਕਿਤਾਬ ਲੋਕ ਅਰਪਣ

ਸੰਗਤਾਂ ਨੂੰ ਅਪਣੇ ਸ਼ਾਨਾਮੱਤੇ ਇਤਿਹਾਸ ਬਾਰੇ ਕਿਤਾਬਾਂ ਪੜ੍ਹਣ ਦੀ ਬੇਨਤੀ ਕੀਤੀ ਤੇ ਆਪਣੇ ਮੁੱਲਵਾਨ ਮਹਾਨ ਵਿਰਸੇ ਤੋਂ ਜਾਣੂੰ ਹੋਣ ਲਈ ਤਰਲਾ ਪਾਇਆ। ਖਾਲਿਸਤਾਨ ਦੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਬਲਵਿੰਦਰਪਾਲ ਸਿੰਘ ਖਾਲਸਾ ਨੇ ਕੁਝ ਸਵਾਲ ਵੀ ਰਾਹੀ ਜੀ ਨੂੰ ਕੀਤੇ ਜਿਸ ਨਾਲ ਉਨਾਂ ਸਹਿਮਤੀ ਪ੍ਰਗਟ ਕੀਤੀ। ਏਜੀਪੀਸੀ ਦੇ ਪ੍ਰਧਾਨ ਤੇ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ ਨੇ ਸਾਰੀਆਂ ਸੰਗਤਾਂ ਤੇ ਸਿੱਖ ਚਿੰਤਕ ਰਾਜਵਿੰਦਰ ਸਿੰਘ ਰਾਹੀ ਦੀ ਮੇਹਨਤ ਦੀ ਪ੍ਰਸ਼ੰਸਾ ਕਰਦਿਆ ਖੋਜੀ ਕਿਤਾਬ ਲਿਖਣ ਲਈ ਉਨ੍ਹਾ ਨੂੰ ਵਧਾਈ ਦੇਂਦਿਆਂ ਸੰਗਤਾਂ ਨੂੰ ਕਿਤਾਬਾਂ ਪੜ੍ਹਨ ਲਈ ਉਤਸ਼ਾਹ ਪੈਦਾ ਕਰਨ ਦੀ ਰੁਚੀ ਉਤੇ ਜ਼ੋਰ ਦਿੱਤਾ। ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਸਰੋਤਿਆ ਵਿਚ ਸ਼ਾਮਲ ਸਨ। ਸੰਗਤਾਂ ਵਿਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਰੋਕਣ ਲਈ ਨਕੋਦਰ ਕਾਂਡ ਦੇ ਸ਼ਹੀਦ ਪਰਿਵਾਰਾਂ ਵੱਲੋਂ ਡਾ. ਹਰਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰੀ ਲਵਾਈ। ਸਟੇਜ ਸਕੱਤਰ ਦੀ ਸੇਵਾ ਭਾਈ ਕੰਗ ਨੇ ਬੇਹਤਰ ਢੰਗ ਨਾਲ ਨਿਭਾਈ। ਅੰਤ ਵਿਚ ਸਿੱਖ ਸੰਗਤਾਂ ਨੇ ਇਕੱਠੇ ਹੋ ਕੇ ਕਿਤਾਬ ਨੂੰ ਜਾਰੀ ਕਰਨ ਦੀ ਰਸਮ ਨਿਭਾਈ।

## ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਪੰਜਾਬੀ ਹਿਤੈਸ਼ੀਆਂ ਵਲੋਂ ਰੋਸ ਮਾਰਚ ਅਤੇ ਗ੍ਰਿ.ਫਤਾਰੀਆਂ

ਜਥੇਦਾਰ ਗੁਰਨਾਮ ਸਿੰਘ ਸਿੱਧੂ, ਪਿੰਡ ਹੱਲੋਮਾਜਰਾ ਦੇ ਸਾਬਕਾ ਸਰਪੰਚ ਸੁਖਜੀਤ ਸਿੰਘ ਅਤੇ ਮੁਹਾਲੀ ਦੇ ਕੌਂਸਲਰ ਸਤਬੀਰ ਸਿੰਘ ਧਨੋਆ ਦੀ ਅਗਵਾਈ ਹੇਠ ਵਿਸ਼ਾਲ ਰੈਲੀ ਕੀਤੀ ਗਈ। ਰਾਜ ਭਵਨ ਵੱਲੋਂ ਵਫ਼ਦ ਨੂੰ ਗੱਲਬਾਤ ਲਈ ਸੱਦਾ ਦਿੱਤਾ ਗਿਆ ਪਰ ਮੰਚ ਨੇ ਇਹ ਸੱਦਾ ਠੁਕਰਾ ਕੇ ਹਰ ਹੀਲੇ ਮਾਰਚ ਕਰਨ ਦਾ ਐਲਾਨ ਕੀਤਾ, ਜਿਸ ਕਾਰਨ ਪੁਲੀਸ ਨੇ ਮਸਜਿਦ ਗਰਾਊਂਡ ਨੂੰ ਚੁਫੇਰਿਓਂ ਘੇਰ ਲਿਆ। ਪੰਜਾਬੀ ਹਿਤੈਸ਼ੀਆਂ ਨੇ ਰੋਸ ਮਾਰਚ ਸ਼ੁਰੂ ਕਰ ਦਿੱਤਾ ਅਤੇ ਪੁਲੀਸ ਨੇ ਉਨ੍ਹਾਂ ਨੂੰ ਨਾਕੇ ਲਾ ਕੇ ਰੋਕ ਲਿਆ। ਪੁਲੀਸ ਨੇ ਜਲ ਤੋਪਾਂ ਬੀੜ ਲਈਆਂ ਅਤੇ ਕੁੱਝ ਸਮਾਂ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਗਰਮਾ ਗਰਮੀ ਵੀ ਹੋਈ। ਪ੍ਰਦਰਸ਼ਨਕਾਰੀਆਂ ਨੇ ਸੜਕ ਜਾਮ ਕਰਕੇ ਸਮੂਹਕ ਗ੍ਰਿ.ਫਤਾਰੀਆਂ ਦੇਣ ਦਾ ਐਲਾਨ ਕੀਤਾ ਤਾਂ ਪੁਲੀਸ ਅਧਿਕਾਰੀਆਂ ਨੇ ਤੁਰੰਤ ਬੱਸਾਂ ਮੰਗਵਾ ਲਈਆਂ। ਇਸ ਮੌਕੇ 500 ਦੇ ਕਰੀਬ ਲੋਕ ਗ੍ਰਿਫਤਾਰੀ ਲਈ ਅੱਗੇ ਆਏ ਪਰ ਪੁਲੀਸ ਕੋਲ ਬੱਸਾਂ ਘੱਟ ਹੋਣ ਕਾਰਨ ਕੇਵਲ 105 ਜਣੇ ਹੀ ਗ੍ਰਿ.ਫਤਾਰ ਕੀਤੇ ਗਏ। ਪੁਲੀਸ ਨੇ ਇਨ੍ਹਾਂ ਨੂੰ ਮਨੀਮਾਜਰਾ ਦੇ ਥਾਣੇ ਵਿੱਚ ਬੰਦ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਥਾਣੇ ਵਿਚ ਧਰਨਾ ਮਾਰ ਦਿੱਤਾ। ਪੁਲੀਸ ਨੇ ਸ਼ਾਮ ਵੇਲੇ ਐਸਡੀਐਮ ਮੂਹਰੇ ਪੇਸ਼ ਕਰ ਕੇ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਕਰ ਦਿੱਤਾ। ਗ੍ਰਿਫਤਾਰੀਆਂ ਦੇਣ ਵਾਲਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਦੀਪਕ ਸ਼ਰਮਾ, ਡਾ. ਸੁਰਿੰਦਰ ਗਿੱਲ, ਡਾ. ਅਨੂਪ ਸਿੰਘ, ਕਸ਼ਮੀਰ ਕੌਰ ਸੰਧੂ, ਦਵਿੰਦਪ੍ਰੀਤ ਕੌਰ, ਅਮਰਜੀਤ ਕੌਰ ਹਿਰਦੇ, ਜਗਦੀਪ ਕੌਰ ਕੁਰਾਲੀ, ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ, ਬਲਕਾਰ ਗਿੱਲ, ਸੁਖਦਰਸ਼ਨ ਨੱਤ, ਮੱਖਣ ਕੁਹਾੜ, ਸੁਲੱਖਣ ਸਰਹੱਦੀ, ਚੰਡੀਗੜ੍ਹ ਲੇਖਕ ਸਭਾ ਦੇ ਪ੍ਰਧਾਨ ਸ੍ਰੀ ਰਾਮ ਅਰਸ਼, ਸਿੱਖ ਫੈਡਰੇਸ਼ਨ ਦੇ ਕਰਨੈਲ ਸਿੰਘ ਪੀਰਮੁਹੰਮਦ, ਸੀਪੀਆਈ ਐਮਐਲ ਲਿਬਰੇਸ਼ਨ ਦੇ ਕੰਵਲਜੀਤ ਸਿੰਘ, ਬਲਜੀਤ ਸਿੰਘ ਖਾਲਸਾ, ਇੰਦਰਜੀਤ ਸਿੰਘ ਗਰੇਵਾਲ, ਸੀਪੀਆਈ ਚੰਡੀਗੜ੍ਹ ਦੇ ਸਕੱਤਰ ਰਾਜ ਕੁਮਾਰ ਅਤੇ ਸੀਪੀਆਈ ਪੰਜਾਬ ਦੇ ਸਾਬਕਾ ਸਕੱਤਰ ਭੁਪਿੰਦਰ ਸਾਂਬਰ, ਨੰਬਰਦਾਰ ਯੂਨੀਅਨ ਦੇ ਪ੍ਰਧਾਨ ਰਾਜਿੰਦਰ ਸਿੰਘ ਬਡਹੇੜੀ ਸ਼ਾਮਲ ਸਨ।

ਪਹਿਲਾਂ ਰੈਲੀ ਦੌਰਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਯੂਟੀ ਪ੍ਰਸ਼ਾਸਨ ਵੱਲੋਂ ਚੰਡੀਗੜ੍ਹ ਦੇ ਤਕਰੀਬਨ 12 ਲੱਖ ਵਸਨੀਕਾਂ ਉਤੇ ਅੰਗਰੇਜ਼ੀ ਥੋਪ ਕੇ ਮਾਂ ਬੋਲੀ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਕਿਉਂਕਿ ਸੰਵਿਧਾਨ ਅਨੁਸਾਰ ਦੇਸ਼ ਦੇ ਕਿਸੇ ਵੀ ਸੂਬੇ ਦੀ ਸਰਕਾਰੀ ਭਾਸ਼ਾ ਉਥੋਂ ਦੇ ਬਾਸ਼ਿੰਦਿਆਂ ਦੀ ਮਾਂ ਬੋਲੀ ਹੀ ਨਿਰਧਾਰਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਹੁਕਮਰਾਨਾਂ ਨੇ 28 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰੇ ਚੰਡੀਗੜ੍ਹ ਨੂੰ ਅੱਜ ਤੱਕ ਪੰਜਾਬ ਹਵਾਲੇ ਨਹੀਂ ਕੀਤਾ ਅਤੇ ਪੰਜਾਬੀਆਂ ਦੀ ਮਾਂ ਬੋਲੀ ਨੂੰ ਵੀ ਪੂਰੀ ਤਰ੍ਹਾਂ ਪ੍ਰਸ਼ਾਸਨ ਵਿਚੋਂ ਨਿਕਾਲਾ ਦੇ ਕੇ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗੇ ਜਾ ਰਹੇ ਹਨ। ਉਨ੍ਹਾਂ ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਸਵਾਲ ਕੀਤਾ ਕਿ ਜਦੋਂ ਚੰਡੀਗੜ੍ਹ ਦੇ 12 ਲੱਖ ਵਿਚੋਂ ਇਕ ਵੀ ਵਸਨੀਕ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਹੈ ਤਾਂ ਫਿਰ ਇਸ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਕਿਵੇਂ ਦਿੱਤਾ ਹੈ ? ਰੈਲੀ ਵਿੱਚ ਸੀਨੀਅਰ ਲੇਖਕ ਗੁਲਜ਼ਾਰ ਸਿੰਘ ਸੰਧੂ, ਮੋਹਨ ਭੰਡਾਰੀ, ਡਾ. ਆਤਮਜੀਤ, ਮਲਕੀਅਤ ਕੌਰ ਬਸਰਾ, ਡਾ. ਲਾਭ ਸਿੰਘ ਖੀਵਾ ਤੇ ਨਾਇਬ ਸਿੰਘ ਦਾਊਂਮਾਜਰਾ ਸ਼ਾਮਲ ਸਨ।

## 7 ਦੇਸ਼ਾਂ 'ਤੇ ਪਾਬੰਦੀ ਵਾਲਾ ਟਰੰਪ ਦਾ ਆਦੇਸ਼ ਬਰਕਰਾਰ, ਗਰੀਨ ਕਾਰਡ ਧਾਰਕਾਂ ਨੂੰ ਮਿਲੇਗੀ ਛੋਟ

.ਗੈਰਕਾਨੂੰਨੀ ਪਰਵਾਸੀਆਂ ਖ਼ਿਲਾ.ਫ ਕਾਰਵਾਈ ਲਈ ਜਾਰੀ ਹਦਾਇਤਾਂ ਨੂੰ ਅਮਲ ਵਿੱਚ ਲਿਆਉਣਾ ਹੈ। ਸ੍ਰੀ ਕੈਲੀ ਵਲੋਂ ਜਾਰੀ ਹੁਕਮਾਂ ਤਹਿਤ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਵਾਧੂ ਅਧਿਕਾਰੀ ਤਾਇਨਾਤ ਕੀਤੇ ਜਾਣਗੇ ਅਤੇ ਨਾਲ ਹੀ .ਫੌਰੀ ਵਾਪਸ ਭੇਜੇ ਜਾਣ ਲਈ ਚੁਣੇ ਜਾਣ ਵਾਲੇ ਪਰਵਾਸੀਆਂ ਦੀ ਤਰਜੀਹੀ ਸੂਚੀ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਹੋਰ ਲੋੜੀਂਦੇ ਕਦਮ ਚੁੱਕੇ ਜਾਣਗੇ।

## ਟਾਈਮ ਸਕੇਅਰ 'ਤੇ ਟਰੰਪ ਖ਼ਿਲਾ.ਫ ਇਕਜੁਟਤਾ ਰੈਲੀ 'ਚ ਹਜ਼ਾਰਾਂ ਲੋਕਾਂ ਨੇ ਕਿਹਾ : ਮੈਂ ਵੀ ਮੁਸਲਮਾਨ ਹਾਂ

ਲੋਕਾਂ ਨੇ 'ਲਵ ਟਰੰਪਜ਼ ਹੇਟ', 'ਯੂਐਸਏ ਯੂਐਸਏ' ਤੇ 'ਨੋ ਮੁਸਲਿਮ ਬੈਨ' ਦੀਆਂ ਤਖ਼ਤੀਆਂ ਚੁੱਕ ਕੇ ਨਾਅਰੇਬਾਜ਼ੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਨਿਊ ਯਾਰਕ ਸ਼ਹਿਰ ਦੇ ਮੇਅਰ ਬਿਲ ਡੀ ਬਲਾਸੀਓ ਨੇ ਕਿਹਾ ਕਿ ਅਮਰੀਕਾ ਦੀ ਨੀਂਹ ਹਰ ਧਰਮ ਤੇ ਸ਼ਰਧਾ ਦਾ ਸਤਿਕਾਰ ਕੀਤੇ ਜਾਣ ਲਈ ਰੱਖੀ ਗਈ ਸੀ ਤੇ ਮੁਸਲਿਮ ਭਾਈਚਾਰੇ ਖ਼ਿਲਾ.ਫ ਬਣੀ ਰੂੜੀਵਾਦੀ ਸੋਚ ਨੂੰ ਮਿਟਾਉਣਾ ਸਮੇਂ ਦੀ ਲੋੜ ਹੈ। ਮੇਅਰ ਨੇ ਕਿਹਾ, 'ਤੁਸੀਂ ਕਿਸੇ ਵੀ ਪਿਛੋਕੜ ਜਾਂ ਧਰਮ ਨਾਲ ਸਬੰਧਤ ਹੋਵੋ ਜਾਂ ਤੁਸੀਂ ਕਿਤੇ ਵੀ ਜਨਮ ਲਿਆ ਹੋਵੇ, ਤੁਸੀਂ ਇਸ ਗੱਲ ਦਾ ਖ਼ਿਆਲ ਰੱਖਣਾ ਹੈ ਕਿ ਇਹ ਤੁਹਾਡਾ ਸ਼ਹਿਰ ਤੇ ਤੁਹਾਡਾ ਮੁਲਕ ਹੈ।' ਨਿਊ ਯਾਰਕ ਪੁਲੀਸ ਵਿਭਾਗ ਵਿੱਚ ਕੰਮ ਕਰ ਰਹੇ 900 ਮੁਸਲਿਮ ਮੈਂਬਰਾਂ ਨੂੰ ਸਲਾਹੁਦਿਆਂ ਮੇਅਰ ਨੇ ਕਿਹਾ ਕਿ ਵਿਸ਼ਵ ਦੇ 1.6 ਅਰਬ ਮੁਸਲਿਮ ਸ਼ਾਂਤੀ ਪਸੰਦ ਹਨ ਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਦੀ .ਫਿਕਰ ਹੈ। ਆਪਣੀ ਤਕਰੀਰ ਦੇ ਆਖਰ ਵਿਚ ਬਲਾਸੀਓ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਰੂੜੀਵਾਦੀਆਂ ਨੂੰ ਸਾਨੂੰ ਦੂਰ ਕਰਨਾ ਹੋਵੇਗਾ। ਉੱਘੇ ਸਿੱਖ ਅਮਰੀਕੀ ਬੁਲਾਰੇ ਤੇ

## ਖੈਬਰ-ਪ.ਖ਼ਤੂਨਖਵਾ ਦੇ ਸਿੱਖਾਂ ਨੂੰ ਨਹੀਂ ਮਿਲ ਰਹੀਆਂ ਮੁੱਢਲੀਆਂ ਸਹੂਲਤਾਂ

**ਪੇਸ਼ਾਵਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਖੈਬਰ-ਪਖ਼ਤੂਨਖਵਾ ਖੇਤਰ ਵਿੱਚ ਦੇਸ਼ ਵੰਡ ਤੋਂ ਪਹਿਲਾਂ ਤੋਂ ਰਹਿ ਰਹੇ ਸਿੱਖ ਅਜੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਇੱਥੇ ਰਹਿ ਰਹੇ ਸਿੱਖ ਸੁਰੱਖਿਆ ਤੋਂ ਇਲਾਵਾ ਹੋਰ ਮੁਢਲੀਆਂ ਸਹੂਲਤਾਂ ਜਿਵੇਂ ਸਿੱਖਿਆ ਤੇ ਸਿਹਤ ਸਹੂਲਤਾਂ ਤੋਂ ਬਿਨਾਂ ਹੀ ਜੀਵਨ ਬਸਰ ਕਰਨ ਲਈ ਮਜਬੂਰ ਹਨ। ਇਹ ਖੁਲਾਸਾ ਇੱਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ। ਇਸ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਰਹਿੰਦੇ ਹਨ ਪਰ ਇੱਥੇ ਕਈ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਦੋਂ ਸਿੱਖ ਵਪਾਰੀਆਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਇਆ ਗਿਆ ਹੈ। ਇੱਥੇ ਗੁਰਦੁਆਰਿਆਂ ਦੀ ਥਾਂ 'ਤੇ ਪਲਾਜ਼ੇ ਬਣਾ ਦਿੱਤੇ ਗਏ ਹਨ। ਜੀਓ ਨਿਊਜ਼ ਅਨੁਸਾਰ ਪਾਕਿਸਤਾਨੀ ਸਿੱਖ ਸਮੁਦਾਇ ਦੇ ਚੇਅਰਮੈਨ ਰਾਦੇਸ਼ ਸਿੰਘ ਟੋਨੀ ਨੇ ਦੱਸਿਆ ਕਿ ਸਮੁਦਾਇ ਕੋਲ ਆਪਣਾ ਸ਼ਮਸ਼ਾਨ ਘਾਟ ਵੀ ਨਹੀਂ ਹੈ। ਉਨ੍ਹਾਂ ਨੂੰ ਮ੍ਰਿਤਕਾਂ ਦੇ ਦਾਹ ਸੰਸਕਾਰ ਲਈ ਪੰਜਾਬ ਖਿੱਤੇ ਦੇ ਅਟਕ ਜ਼ਿਲ੍ਹੇ ਵਿੱਚ ਜਾਣਾ ਪੈਂਦਾ ਹੈ। ਕਾਨੂੰਨ ਵਿਵਸਥਾ ਵਿੱਚ ਗੜਬੜੀ ਦੌਰਾਨ ਸੁਰੱਖਿਆ ਦੀ ਘਾਟ ਕਰਕੇ ਸਿੱਖਾਂ ਨੂੰ ਪੇਸ਼ਾਵਰ ਦੇ ਮੁਹੱਲਾ ਜੋਗਨ ਸ਼ਾਹ ਤੇ ਸਦਰ ਬਾਜ਼ਾਰ ਵਿੱਚ ਜਾਣਾ ਪਿਆ। ਸੁਰੱਖਿਆ ਦੇ ਮੱਦੇਨਜ਼ਰ ਬੱਚਿਆਂ ਨੂੰ ਸਕੂਲੋਂ ਹਟਾਇਆ ਗਿਆ। ਸਕੂਲ ਦੇ ਮੁੱਖ ਅਧਿਆਪਕ ਬਾਬਾ ਜੁਗੇਰਪਾਲ ਸਿੰਘ ਨੇ ਕਿਹਾ ਕਿ ਸਕੂਲਾਂ ਲਈ ਥਾਂ ਵਾਸਤੇ ਕਿਰਾਇਆ ਦੇ ਰਹੇ ਹਨ ਪਰ ਇੰਨਾ ਜ਼ਿਆਦਾ ਸਬਰ ਕਰਨਾ ਔਖਾ ਹੈ। ਉਨ੍ਹਾਂ ਨੇ ਸਰਕਾਰ ਕੋਲੋਂ ਸਕੂਲ ਲਈ ਇਮਾਰਤ ਤੇ .ਫੰਡਾਂ ਦੀ ਮੰਗ ਕੀਤੀ। ਇੰਨੀਆਂ ਔਕੜਾਂ ਦੇ ਬਾਵਜੂਦ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਸਰਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਜ਼ਰੂਰ ਕੱਢੇਗੀ। ਗੁਰਦੁਆਰੇ ਵਿੱਚ ਆਏ ਵਿਧਾਇਕ ਅਸਫਾਨ ਯਾਰ ਭੰਡਾਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਘੱਟ ਗਿਣਤੀਆਂ ਦੇ ਮਸਲੇ ਸੁਲਝਾਉਣ ਵੱਲ ਧਿਆਨ ਦੇ ਰਹੇ ਹਨ।

ਕਾਰਕੁਨ ਸਿਮਰਨ ਜੀਤ ਸਿੰਘ ਨੇ ਕਿਹਾ ਕਿ ਉਹ ਰੈਲੀ ਨੂੰ ਇਸ ਲਈ ਹਮਾਇਤ ਦੇ ਰਹੇ ਹਨ ਕਿਉਂਕਿ 'ਇਕ ਸਿੱਖ ਹੋਣ ਨੇ ਨਾਤੇ ਉਹ ਭਲੀ-ਭਾਂਤ ਜਾਣਦੇ ਹਨ ਕਿ ਪੱਖਪਾਤ ਤੇ ਧੱਕਾ ਹੋਣ 'ਤੇ ਕਿਵੇਂ ਲੱਗਦਾ ਹੈ। ਅਸੀਂ ਅਜਿਹਾ ਮੁਲਕ ਚਾਹੁੰਦੇ ਹਾਂ ਜੋ ਕਿ ਸਭ ਨੂੰ ਸਵੀਕਾਰਯੋਗ ਤੇ ਸਹਿਣਯੋਗ ਹੋਵੇ।'

## ਭਾਰਤ ਤੇ ਯੂਰਪ ਦੀਆਂ ਚੋਣਾਂ ਦਾ ਸਾਂਝਾ ਮਹੱਤਵ

ਲੈ ਲਵੋ : ਇਹ ਮੁੱਦਾ ਸਿਰਫ਼ ਕਾਨੂੰਨ ਅਤੇ ਵਿਵਸਥਾ ਦਾ ਨਹੀਂ ਹੈ, ਪਰ ਇਹ ਪੱਖ ਮਹੱਤਵਪੂਰਨ ਹੈ। ਸਿੱਕੇ ਦਾ ਦੂਜਾ ਪਾਸਾ ਕਿਸਾਨ ਖ਼ੁਦਕੁਸ਼ੀਆਂ ਅਤੇ ਪੇਂਡੂ ਸੰਕਟ ਹੈ। ਪੰਜਾਬ ਨੂੰ ਆਪਣੇ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਤੋਂ ਬਾਹਰ ਕਰਕੇ ਗੁਣਵੱਤਾ ਅਤੇ ਟਿਕਾਊ ਛੋਟੀਆਂ ਜੋਤਾਂ ਮਾਡਲ ਲਈ ਦਿਹਾਤੀ ਖੇਤਰ ਦੀ ਆਰਥਿਕ ਸੰਰਚਨਾ ਮੁੜ ਤੋਂ ਕਰਨ ਦੀ ਜ਼ਰੂਰਤ ਹੈ। ਪਹਿਲਾਂ ਤੋਂ ਹੀ ਵਿੱਤੀ ਸੰਕਟ ਵਿੱਚ ਫਸੇ ਅਤੇ ਭੂਗੋਲਿਕ ਤੌਰ 'ਤੇ ਬੰਦਰਗਾਹੀ ਖਿੱਤਿਆਂ ਤੋਂ ਦੂਰ ਪੈਂਦੇ ਸੂਬੇ ਵਿੱਚ ਸਾਰੀਆਂ ਪਾਰਟੀਆਂ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਵਾਅਦਾ ਬਗੈਰ ਇਹ ਦੱਸੇ ਕੀਤਾ ਹੈ ਕਿ ਉਹ ਇਸ ਨੂੰ ਕਿਵੇਂ ਸੰਭਵ ਬਣਾਉਣਗੇ। ਅਸਲ ਵਿੱਚ ਆਲਮੀ ਪੱਧਰ 'ਤੇ ਮਸ਼ੀਨੀਕਰਨ, ਮਹਿੰਗੀ ਮਜ਼ਦੂਰੀ ਵਾਲੇ ਕੰਮਾਂ ਨੂੰ ਘੱਟ ਮਿਹਨਤਾਨੇ ਵਾਲੀਆਂ ਅਰਥਵਿਵਸਥਾਵਾਂ ਦੇ ਹਵਾਲੇ ਕਰਨ ਅਤੇ ਤਕਨੀਕੀ ਕੁਸ਼ਲਤਾ ਕਾਰਨ ਨੌਕਰੀਆਂ ਖਤਮ ਹੋ ਰਹੀਆਂ ਹਨ।

ਨਵੀਆਂ ਨੌਕਰੀਆਂ ਲਈ ਨਵੀਂ ਸਿਖਲਾਈ ਅਤੇ ਹੁਨਰ, ਸਿਖਲਾਈ ਦੇ ਨਾਲ ਕਮਾਈ ਨੂੰ ਜੋੜਨ ਦੀ ਜ਼ਰੂਰਤ ਹੈ। ਪੰਜਾਬ ਨੂੰ ਆਪਣੇ ਸਕੂਲਾਂ ਅਤੇ ਸਿੱਖਿਆ ਪ੍ਰਣਾਲੀ ਨੂੰ ਬਦਲਣ ਦੀ ਲੋੜ ਹੈ। ਦੁਨੀਆਂ ਹਮੇਸ਼ਾਂ ਲਈ ਸਿਖਲਾਈ ਅਤੇ ਮੁੜ-ਸਿੱਖਿਆ ਵੱਲ ਵਧ ਰਹੀ ਹੈ। ਜ਼ਮੀਨ ਦੀ ਮਲਕੀਅਤ ਦੀਆਂ ਉਲਝਣਾਂ, ਵੀਜ਼ਾ ਪ੍ਰੇਸ਼ਾਨੀਆਂ ਅਤੇ ਪਰਵਾਸੀਆਂ ਦੀਆਂ ਸਭਿਆਚਰਕ ਸਮੱਸਿਆਵਾਂ ਸਬੰਧੀ ਸੋਚੇ ਬਗੈਰ ਉੱਪ ਮੁੱਖ ਮੰਤਰੀ ਕਿਸਾਨਾਂ ਨੂੰ ਬਾਹਰ ਭੇਜਣਾ ਚਾਹੁੰਦੇ ਹਨ। ਪੰਜਾਬ ਵੀ ਉਸ ਤਰ੍ਹਾਂ ਦੀ ਹੀ ਦੁਬਿਧਾ ਵਿੱਚ ਹੈ ਜਿਸ ਦਾ ਸਾਹਮਣਾ ਪੱਛਮੀ ਉਦਾਰਵਾਦੀ ਲੋਕਤੰਤਰ ਕਰ ਰਹੇ ਹਨ- ਵਿਕਾਸ ਦੇ ਨਾਬਰਾਬਰ ਲਾਭ ਅਤੇ ਅਨਿਸ਼ਚਿਤ ਆਰਥਿਕ ਭਵਿੱਖ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਨੂੰ ਧਰਮ ਨਿਰਪੇਖ ਬਣਾਉਣ ਦੀ ਕਵਾਇਦ ਨੇ ਅਸਲ ਵਿੱਚ ਇਸ ਨੂੰ ਮਾ.ਫੀਆਨੁਮਾ ਪਰਿਵਾਰਕ ਕਾਰੋਬਾਰੀ ਉੱਦਮ ਬਣਾ ਦਿੱਤਾ, ਜਿਸ ਨੇ ਇਸ ਦੀ ਅਸਲ ਤਾਕਤ ਹੀ ਮਿਟਾ ਦਿੱਤੀ। ਇਹ ਅਸਲ ਤਾਕਤ ਸੀ ਇਸ ਦੇ ਵਾਲੰਟੀਅਰ ਜੋ ਪੰਥ ਨੂੰ ਬਚਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਹੈਰਾਨੀਜਨਕ ਹੈ ਕਿ ਹੁਣ 'ਆਪ' ਦੇ ਕੈਂਪ ਵਿੱਚ ਹੀ ਅਸਲ ਵਾਲੰਟੀਅਰ ਹਨ, ਜਿਹੜੇ ਭਾਰਤ ਅਤੇ ਵਿਦੇਸ਼ ਤੋਂ ਹਨ। ਉਹ ਪਾਰਦਰਸ਼ਤਾ, ਜਵਾਬਦੇਹੀ ਅਤੇ ਸੁਧਾਰ ਚਾਹੁੰਦੇ ਹਨ। ਕਾਂਗਰਸ ਕੇਵਲ ਯਥਾਸਥਿਤੀ ਦੀ ਬਹਾਲੀ ਦੇ ਹੱਕ ਵਿੱਚ ਹੈ। ਉਂਜ, 'ਆਪ' ਨੂੰ ਰੂਸੋ ਦੇ ਚੇਲੇ ਰੋਬਿਸਪੀਅਰੀ ਅਤੇ ਫਰਾਂਸੀਸੀ ਇਨਕਲਾਬੀ ਦੇ ਸ਼ੁਰੂਆਤੀ ਚਿਹਰੇ ਨੂੰ ਯਾਦ ਰੱਖਣਾ ਚਾਹੀਦਾ ਹੈ, ਜੋ 'ਭ੍ਰਿਸ਼ਟਾਚਾਰ ਦੇ ਨਕਾਬ ਨੂੰ ਫਾੜਨ ਅਤੇ ਇਸ ਦੇ ਪਿੱਛੇ ਮੌਜੂਦ ਲੋਕਾਂ ਦੇ ਇਮਾਨਦਾਰ ਚਿਹਰੇ ਨੂੰ ਉਜਾਗਰ ਕਰਨ' ਦੀ ਮੰਗ ਕਰਦਾ ਹੈ। ਇਹ ਜਲਦੀ ਹੀ ਅਨਿਯੰਤਰਿਤ ਨਰਸੰਹਾਰ ਵਿੱਚ ਬਦਲ ਗਿਆ। ਪੰਜਾਬ ਸਿਰਫ਼ ਉਮੀਦ ਕਰ ਸਕਦਾ ਹੈ ਕਿ ਜੋ ਵੀ ਜਿੱਤੇਗਾ ਉਹ ਵਧੀਆ ਸ਼ਾਸਨ, ਪਾਰਦਰਸ਼ਤਾ ਅਤੇ ਤਬਦੀਲੀ ਲਿਆਏਗਾ, ਤਬਾਹਕੁਨ ਕ੍ਰਾਂਤੀ ਨਹੀਂ।

(*ਲੇਖਕ ਵਿਦੇਸ਼ ਮੰਤਰਾਲੇ ਦਾ ਸਕੱਤਰ ਰਹਿ ਚੁੱਕਾ ਹੈ)

## ਜੇਐੱਨਯੂ ਵਾਲਾ ਘਟਨਾਕ੍ਰਮ ਤੇ ਰਾਸ਼ਟਰਵਾਦ ਦੀ ਪਰਿਭਾਸ਼ਾ

ਤੁਸੀਂ ਕਿਹਾ ਸੀ ਤੁਸੀਂ ਮੇਰੀ ਗੱਲ ਦੀ ਕਦਰ ਕਰਦੇ ਹੋ। ਇਸ ਲਈ ਇਹ ਤਾਂ ਸਾਫ਼ ਹੈ ਕਿ ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣੋਗੇ। ਅਸਲ ਵਿੱਚ ਪਿਛਲੇ ਸਾਲ ਜੇਐੱਨਯੂ ਦੀ ਬਹਿਸ ਦੇ ਦੋਵੇਂ ਪੱਖ ਦੇਸ਼ ਭਗਤੀ ਦੇ ਪੱਖ ਵਿੱਚ ਨਹੀਂ ਸਨ। ਆਪਣੇ-ਆਪ ਨੂੰ ਰਾਸ਼ਟਰਵਾਦੀ ਅਤੇ ਦੂਜਿਆਂ ਨੂੰ ਰਾਸ਼ਟਰ ਵਿਰੋਧੀ ਗਰਦਾਨਿਆ ਜਾ ਰਿਹਾ ਸੀ। ਦੋਵੇਂ ਹੀ ਉਧਾਰ ਦੀ ਵਿਚਾਰਧਾਰਾ 'ਤੇ ਆਧਾਰਤ ਸਨ। ਰਾਸ਼ਟਰਵਾਦ ਦਾ ਰੌਲਾ ਪਾਉਣ ਵਾਲਿਆਂ ਦੀ ਰਾਸ਼ਟਰ ਦੀ ਸਮਝ ਯੂਰਪ ਤੋਂ ਨਕਲ ਕੀਤੀ ਹੋਈ ਸੀ। ਰਾਸ਼ਟਰਵਾਦ ਦੀ ਇਸ ਬਹਿਸ ਵਿੱਚ ਭਾਰਤੀਅਤਾ ਲੋਪ ਸੀ। ਰਾਸ਼ਟਰ ਭਗਤਾਂ ਜਾਂ ਰਾਸ਼ਟਰਵਾਦੀਆਂ ਦਾ ਖੇਮਾ ਅਸਲ ਵਿੱਚ ਅੰਨ੍ਹੀ ਦੇਸ਼ ਭਗਤੀ ਦੀ ਮੰਗ ਕਰ ਰਿਹਾ ਸੀ। ਮੇਰਾ ਦੇਸ਼ ਪਿਆਰ ਸਹੀ ਹੈ ਜਾਂ .ਗਲਤ, ਇਹ ਸਵਾਲ ਨਾ ਪੁੱਛਿਆ ਜਾਵੇ। ਦੇਸ਼ ਪਿਆਰ ਦਾ ਮਤਲਬ ਹੈ ਕਿ ਰਾਸ਼ਟਰ ਨਾਲ ਜੁੜੀ ਹਰ ਗੱਲ ਦਾ ਵਿਰੋਧ। ਮੇਰਾ ਦੇਸ਼ ਮਹਾਨ ਹੈ ਕਿਉਂਕਿ ਇਹ ਮੇਰਾ ਹੈ। ਜੋ ਭਾਰਤ ਨੂੰ ਸਿਰਫ਼ ਧਰਤੀ, ਪਿਤਾ ਪੁਰਖੀ ਧਰਤੀ ਅਤੇ ਉੱਤਰ ਧਰਮੀ ਮੰਨੇ ਕੇਵਲ ਉਹ ਹੀ ਇਸ ਦੇਸ਼ ਦੇ ਮਾਲਕ ਹਨ ਬਾਕੀ ਸਾਰੇ ਕਿਰਾਏਦਾਰ। ਪਿਛਲੇ ਸਾਲ ਇਹ ਖੇਮਾ ਜ਼ਿਆਦਾ ਹਮਲਾਵਰ ਸੀ, ਜੇਤੂ ਰੌਂਅ ਵਿੱਚ ਸੀ, ਬਾਕੀ ਸਾਰਿਆਂ ਦੀ ਦੇਸ਼ਭਗਤੀ ਦੀ ਪ੍ਰੀਖਿਆ ਲੈ ਰਿਹਾ ਸੀ। ਦੂਜੇ ਖੇਮੇ ਦਾ ਕੋਈ ਨਾਂ ਨਹੀਂ ਸੀ। ਉਹ ਕਦੇ ਧਰਮ ਨਿਰਪੱਖ ਅਤੇ ਕਦੇ ਉਦਾਰਵਾਦੀ ਅਖਵਾਉਂਦੇ ਸਨ। ਪਹਿਲਾ ਖੇਮਾ ਉਨ੍ਹਾਂ ਨੂੰ ਰਾਸ਼ਟਰ ਵਿਰੋਧੀ ਆਖ ਰਿਹਾ ਸੀ। ਪਰ ਉਨ੍ਹਾਂ ਨੂੰ ਰਾਸ਼ਟਰ ਨਿਰਪੇਖ ਕਹਿਣਾ ਜ਼ਿਆਦਾ ਢੁਕਵਾਂ ਹੋਵੇਗਾ। ਉਨ੍ਹਾਂ ਦੇ ਵਿਚਾਰ ਵਿੱਚ ਰਾਸ਼ਟਰ ਸਾਡੀ ਅਸੀਮਤ ਵਫ਼ਾਦਾਰੀ ਦਾ ਹੱਕਦਾਰ ਨਹੀਂ ਹੋ ਸਕਦਾ। ਕੁਨਬੇ ਤੋਂ ਲੈ ਕੇ ਬ੍ਰਹਿਮੰਡ ਤਕ ਅਸੀਂ ਵੱਖੋ-ਵੱਖ ਇਕਾਈਆਂ ਦੇ ਵਾਸੀ ਹਾਂ। ਹਰ ਪੱਧਰ 'ਤੇ ਸਾਡੀ ਜ਼ਿੰਮੇਵਾਰੀ ਹੈ। ਬਿਨਾਂ ਸੋਚੇ-ਸਮਝ ਕਿਸੇ ਇੱਕ ਇਕਾਈ ਨੂੰ ਸਮਰਥਨ ਕਿਵੇਂ ਦਿੱਤਾ ਜਾ ਸਕਦਾ ਹੈ ? ਇਸ ਖੇਮੇ ਨੂੰ ਰਾਸ਼ਟਰ ਨਾਲ ਵਿਰੋਧ ਨਹੀਂ ਸੀ ਪਰ ਸ਼ਸ਼ੋਪੰਜ ਜਾਂ ਸੰਕੋਚ ਜ਼ਰੂਰ ਸੀ। ਪਿਛਲੇ ਸਾਲ ਦੀ ਬਹਿਸ ਵਿੱਚ ਇਸ ਖੇਮੇ ਦਾ ਰੁਖ਼ ਹਿ.ਫਾਜ਼ਤੀ ਸੀ, ਇਹ ਹਾਰਿਆ ਜਿਹਾ ਸੀ।

ਪਰ ਉਨ੍ਹੀਂ ਦਿਨੀਂ ਦੋਵਾਂ ਧਿਰਾਂ ਦੀ ਰਾਸ਼ਟਰਵਾਦ ਦੀ ਸਮਝ ਯੂਰਪ ਤੋਂ ਉਧਾਰ ਲਈ ਹੋਈ ਸੀ। 19ਵੀਂ ਅਤੇ 20ਵੀਂ ਸਦੀ ਦੇ ਯੂਰਪ ਵਿੱਚ ਰਾਸ਼ਟਰ ਤੰਗਦਿਲ ਵਿਚਾਰ ਸੀ। ਇੱਕ ਰਾਸ਼ਟਰ, ਇੱਕ ਸਭਿਆਚਾਰ, ਇੱਕ ਭਾਸ਼ਾ, ਇੱਕ ਧਰਮ ਅਤੇ ਇੱਕ ਨਸਲ। ਯੂਰਪ ਲਈ ਰਾਸ਼ਟਰੀ ਏਕਤਾ ਦਾ ਮਤਲਬ ਸੀ ਇੱਕਰੂਪਤਾ। ਪਿਛਲੇ ਸਾਲ ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲੇ ਜਰਮਨੀ ਅਤੇ ਇਟਲੀ ਦੇ ਇਸੇ ਸੌੜੇ ਰਾਸ਼ਟਰਵਾਦ ਦੀ ਨਕਲ ਭਾਰਤ ਵਿੱਚ ਕਰਨਾ ਚਾਹੁੰਦੇ ਸਨ। ਪਿਛਲੇ ਸਾਲ ਇਸ ਰਾਸ਼ਟਰਵਾਦ ਦਾ ਵਿਰੋਧ ਕਰਨ ਵਾਲਾ ਖੇਮਾ ਵੀ ਇਹ ਮੰਨ ਕੇ ਚਲਦਾ ਹੈ ਕਿ ਰਾਸ਼ਟਰਵਾਦ ਸੌੜਾ ਹੀ ਹੋ ਸਕਦਾ ਹੈ। ਜੇ ਉਦਾਰ ਹੋਣਾ ਹੈ ਤਾਂ ਰਾਸ਼ਟਰਵਾਦ ਨੂੰ ਛੱਡ ਕੇ ਅੰਤਰਰਾਸ਼ਟਰਵਾਦ ਨੂੰ ਅਪਣਾਉਣਾ ਹੋਵੇਗਾ। ਇਹ ਦੋਵੇਂ ਧਿਰਾਂ ਉਧਾਰ ਦੀ ਸੋਚ ਅਤੇ ਬਿਮਾਰ ਮਾਨਸਿਕਤਾ ਦੇ ਦੋ ਅਕਸ ਹਨ।

ਸੱਚੇ ਦੇਸ਼ ਪਿਆਰ ਨੂੰ ਸਮਝਣ ਲਈ ਸਾਨੂੰ ਯੂਰਪ ਜਾਣ ਦੀ ਲੋੜ ਨਹੀਂ ਬਲਕਿ ਭਾਰਤ ਦੀ ਆਜ਼ਾਦੀ ਦੇ ਘੋਲ ਦਾ ਰਾਸ਼ਟਰਵਾਦ ਸਾਡੇ ਦੇਸ਼ ਪਿਆਰ ਦੀ ਬਿਹਤਰ ਸਮਝ ਦਿੰਦਾ ਹੈ। ਇਸ ਰਾਸ਼ਟਰਵਾਦ ਵਿੱਚ ਰਾਸ਼ਟਰੀ ਏਕਤਾ ਦਾ ਮਤਲਬ ਏਕਰੂਪਤਾ ਨਹੀਂ ਹੈ। ਯੂਰਪ ਦੀ ਸਮਝ ਤੋਂ ਵੱਖ ਹੁੰਦੇ ਹੋਏ ਸਾਡੇ ਰਾਸ਼ਟਰਵਾਦ ਨੇ ਅਨੇਕਤਾ ਦਾ ਸਨਮਾਨ ਕੀਤਾ। ਅਨੇਕਤਾ ਵਿੱਚ ਏਕਤਾ ਦਾ ਮੰਨਿਆ। ਭਾਰਤੀ ਰਾਸ਼ਟਰਵਾਦ ਨਸਲਵਾਦੀ ਨਹੀਂ ਸੀ। ਇਸ ਨੇ ਗੋਰੀ ਚਮੜੀ ਜਾਂ ਬਾਹਰੋਂ ਆਏ ਲੋਕਾਂ ਦਾ ਵਿਰੋਧ ਹੀ ਨਹੀਂ ਕੀਤਾ ਬਲਕਿ ਸਾਡੇ ਰਾਸ਼ਟਰਵਾਦ ਨੇ ਸਾਨੂੰ ਅ.ਫਰੀਕਾ, ਏਸ਼ੀਆ ਅਤੇ ਬਾਕੀ ਦੁਨੀਆ ਵਿੱਚ .ਗੁਲਾਮੀ ਦੇ ਸ਼ਿਕਾਰ ਲੋਕਾਂ ਨਾਲ ਜੋੜਿਆ। ਸਾਡਾ ਰਾਸ਼ਟਰਵਾਦ ਸਾਨੂੰ ਦੂਜੇ ਮੁਲਕਾਂ ਦੇ ਵਿਰੁੱਧ ਨਹੀਂ ਕਰਦਾ, ਇਸ ਦੀ ਥਾਂ ਮੁਲਕ ਦੇ ਅੰਦਰ ਵੱਖੋ-ਵੱਖ ਜਾਤ, ਧਰਮ ਅਤੇ ਖਿੱਤਿਆਂ ਨੂੰ ਜੋੜਦਾ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਮੈਂ .ਫੋਨ 'ਤੇ ਕਿਹਾ ਸੀ ਕਿ ਮੈਂ ਇਸ ਪੂਰੀ ਬਹਿਸ ਨਾਲ ਸਹਿਮਤ ਨਹੀਂ ਹਾਂ। ਉਮੀਦ ਹੈ ਕਿ ਹੁਣ ਤੁਸੀਂ ਸਮਝ ਗਏ ਹੋਵੋਗੇ ਕਿ ਮੈਂ ਅਜਿਹਾ ਕਿਉਂ ਕਿਹਾ ਸੀ। ਪਿਛਲੇ ਸਾਲ ਜੇਐੱਨਯੂ ਦੀ ਬਹਿਸ ਵਿੱਚ ਨਾ ਰਾਸ਼ਟਰ ਭਗਤ ਜਿੱਤੇ ਸੀ, ਨਾ ਹੀ ਰਾਸ਼ਟਰ ਧ੍ਰੋਹੀ ਹਾਰੇ ਸਨ। ਪਿਛਲੇ ਸਾਲ ਯੂਰਪ ਦਾ ਰਾਸ਼ਟਰਵਾਦ ਜਿੱਤਿਆ ਅਤੇ ਭਾਰਤ ਦਾ ਰਾਸ਼ਟਰਵਾਦ ਹਾਰਿਆ ਸੀ।

ਮੇਰੇ ਕੋਲ ਤੁਹਾਡਾ ਨਾਮ ਪਤਾ ਤੇ ਫੋਨ ਨੰਬਰ ਤਾਂ ਨਹੀਂ ਹੈ ਪਰ ਦੇਸ਼ ਪਿਆਰ ਤਾਂ ਅਣਜਾਣ ਲੋਕਾਂ ਦੇ ਜੁੜਨ ਨਾਲ ਹੀ ਬਣਦਾ ਹੈ।

## ਮੋਦੀ-ਬਾਦਲ ਦੀ ਮਿਲਣੀ 'ਤੇ ਪ੍ਰਧਾਨ ਮੰਤਰੀ ਦ.ਫਤਰ ਨੇ ਪਾਇਆ ਪਰਦਾ

ਅਜਿਹੀ ਸੂਚਨਾ ਪ੍ਰਧਾਨ ਮੰਤਰੀ ਦ.ਫਤਰ ਕੋਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਜੁਆਬੀ ਪੱਤਰ ਵਿੱਚ ਪ੍ਰਧਾਨ ਮੰਤਰੀ ਦ.ਫਤਰ ਦੇ ਅੰਡਰ ਸੈਕਟਰੀ ਪ੍ਰਵੀਨ ਕੁਮਾਰ ਨੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨੂੰ ਰੋਜ਼ਾਨਾ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਪ੍ਰਧਾਨ ਮੰਤਰੀ ਨੂੰ ਰਸਮੀ ਅਗਾਊਂ ਸਮਾਂ ਲੈ ਕੇ ਹੀ ਮਿਲਿਆ ਜਾਵੇ। ਅਜਿਹੀ ਮਿਲਣੀ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਹੈ ਅਤੇ ਮੰਗੀ ਸੂਚਨਾ ਇਸ ਰੂਪ ਵਿੱਚ ਦੇਣੀ ਸੰਭਵ ਨਹੀਂ ਹੈ। ਪ੍ਰਧਾਨ ਮੰਤਰੀ ਦ.ਫਤਰ ਨੇ ਆਰਟੀਆਈ ਤਹਿਤ ਮੁੱਖ ਮੰਤਰੀ ਪੰਜਾਬ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰਾਂ ਦੀਆਂ ਕਾਪੀਆਂ ਦੇਣ ਤੋਂ ਵੀ ਨਾਂਹ ਕਰ ਦਿੱਤੀ ਹੈ। ਸੂਤਰ ਆਖਦੇ ਹਨ ਕਿ ਜਦੋਂ ਵੀ ਦਿੱਲੀ ਵਿੱਚ ਕੋਈ ਰਸਮੀ ਮੀਟਿੰਗ ਕਰਨੀ ਹੁੰਦੀ ਹੈ ਤਾਂ ਹਰ ਸੂਬੇ ਦੇ ਮੁੱਖ ਮੰਤਰੀ ਵਲੋਂ ਅਗਾਊਂ ਮੀਟਿੰਗ ਨਿਸਚਿਤ ਕੀਤੀ ਜਾਂਦੀ ਹੈ, ਜਿਸ ਦਾ ਬਾਕਾਇਦਾ ਰਿਕਾਰਡ ਰੱਖਿਆ ਜਾਂਦਾ ਹੈ। ਦੱਸਣਯੋਗ ਹੈ ਕਿ ਵਿਰੋਧੀ ਧਿਰ ਪਿਛਲੇ ਸਮੇਂ ਦੌਰਾਨ ਇਹ ਰੌਲਾ ਪਾਉਂਦੀ ਰਹੀ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ ਹੈ, ਜਦੋਂਕਿ ਪਿਛਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਕਸਰ ਹੀ ਮੁੱਖ ਮੰਤਰੀ ਪੰਜਾਬ ਨੂੰ ਸਮਾਂ ਦਿੰਦੇ ਸਨ। ਵਿਰੋਧੀ ਧਿਰ ਇਹ ਦੱਸਣਾ ਚਾਹੁੰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਮੁੱਖ ਮੰਤਰੀ ਪੰਜਾਬ ਹੁਣ ਤਰਜੀਹੀ ਨਹੀਂ ਹੈ। ਹਾਕਮ ਧਿਰ ਆਖਦੀ ਹੈ ਕਿ ਜਦੋਂ ਵੀ ਸਮਾਂ ਮੰਗਿਆ ਤਾਂ ਉਦੋਂ ਹੀ ਪ੍ਰਧਾਨ ਮੰਤਰੀ ਦ.ਫਤਰ ਤੋਂ ਸਮਾਂ ਮਿਲਿਆ ਹੈ।

ਸਮਾਜਕ ਕਾਰਕੁਨ ਡਾ. ਅਮਰਜੀਤ ਸਿੰਘ ਮਾਨ ਦਾ ਪ੍ਰਤੀਕਰਮ ਹੈ ਕਿ ਪ੍ਰਧਾਨ ਮੰਤਰੀ ਦ.ਫਤਰ ਵਲੋਂ ਜਦੋਂ ਵਿਦੇਸ਼ੀ ਅਤੇ ਦੇਸ਼ ਵਿਚਲੇ ਦੌਰਿਆਂ ਨੂੰ ਜਨਤਕ ਤੌਰ 'ਤੇ ਨਸ਼ਰ ਕਰ ਰਹੇ ਹਨ ਤਾਂ ਮੁੱਖ ਮੰਤਰੀਆਂ ਨਾਲ ਹੋਣ ਵਾਲੀਆਂ ਮੀਟਿੰਗਾਂ 'ਤੇ ਪਰਦਾ ਪਾਉਣ ਦੀ ਕੋਈ ਤੁਕ ਨਹੀਂ ਬਣਦੀ ਹੈ। ਪ੍ਰੋਟੋਕੋਲ ਅਨੁਸਾਰ ਅਤੇ ਸੁਰੱਖਿਆ ਦੇ ਨਜ਼ਰੀਏ ਤੋਂ ਪ੍ਰਧਾਨ ਮੰਤਰੀ ਦੀ ਰਿਹਾਇਸ਼ ਜਾਂ ਦ.ਫਤਰ ਵਿੱਚ ਦਾਖ਼ਲ ਹੋਣ ਵਾਲੇ ਹਰ ਵਿਅਕਤੀ ਦਾ ਨਾਮ, ਪਤਾ ਤੇ ਸਮਾਂ ਨੋਟ ਕੀਤਾ ਜਾਂਦਾ ਹੈ।

## ਸਾਕਾ ਨੀਲਾ ਤਾਰਾ ਬਾਰੇ ਇੰਦਰਾ ਗਾਂਧੀ ਨੇ ਮੇਰੇ ਕੋਲ ਕਦੇ ਸੂਹ ਨਹੀਂ ਕੱਢੀ : ਕੈਪਟਨ

ਸਬੰਧੀ ਨਾ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਪਰ ਮੈਂ ਸਪਸ਼ਟ ਕੀਤਾ ਕਿ ਮੈਂ ਆਪਣੇ ਲੋਕਾਂ, ਆਪਣੀ ਕੌਮ ਤੇ ਆਪਣੇ ਸੂਬੇ ਤੋਂ ਕਿਸ ਤਰ੍ਹਾਂ ਵੱਖ ਹੋ ਸਕਦਾ ਹਾਂ ਤੇ ਇਸ ਮੁੱਦੇ 'ਤੇ ਮੇਰੇ ਵੱਖਰੇ ਵਿਚਾਰ ਹਨ।" ਉਨ੍ਹਾਂ ਕਿਹਾ, "ਇਸ ਤੋਂ ਬਾਅਦ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੌਰਾਨ ਮੈਂ ਮੰਤਰੀ ਮੰਡਲ ਵਿਚ ਤੀਜੇ ਨੰਬਰ 'ਤੇ ਮੰਤਰੀ ਸੀ, ਪਰ ਮੈਨੂੰ ਪਟਿਆਲਾ ਵਿਖੇ ਕਿਸੇ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿਚ ਕੋਈ ਕਾਰਵਾਈ ਚੱਲ ਰਹੀ ਹੈ, ਜਿਸ ਸਬੰਧੀ ਮੈਂ ਚੰਡੀਗੜ੍ਹ ਪੁਲੀਸ ਕੰਟਰੋਲ ਰੂਮ ਨੂੰ .ਫੋਨ ਕਰਕੇ ਜਾਣਕਾਰੀ ਹਾਸਲ ਕੀਤੀ ਤੇ ਇਸੇ ਗੱਲ ਦੇ ਵਿਰੋਧ ਵਿਚ ਮੈਂ ਮੰਤਰੀ ਮੰਡਲ ਤੋਂ ਅਸਤੀ.ਫਾ ਦਿੱਤਾ ਕਿ ਮੈਨੂੰ ਇਕ ਸੀਨੀਅਰ ਮੰਤਰੀ ਹੋਣ ਦੇ ਨਾਤੇ ਵੀ ਅਜਿਹੇ ਅਹਿਮ .ਫੈਸਲੇ ਸਬੰਧੀ ਭਰੋਸੇ ਵਿਚ ਲੈਣ ਦੀ ਜ਼ਰੂਰਤ ਨਹੀਂ ਸਮਝੀ ਗਈ।" ਉਨ੍ਹਾਂ ਕਿਹਾ, "ਮੈਂ ਆਪਣੇ ਜੀਵਨ ਵਿਚ ਆਪਣੀ ਸੋਚ ਤੇ ਵਿਚਾਰਾਂ ਅਨੁਸਾਰ .ਫੈਸਲੇ ਲੈਂਦਾ ਰਿਹਾ ਹਾਂ ਤੇ ਜਿਨ੍ਹਾਂ .ਫੈਸਲਿਆਂ ਨਾਲ ਮੈਂ ਸਹਿਮਤ ਨਹੀਂ ਸੀ, ਮੈਂ ਉਨ੍ਹਾਂ ਦਾ ਵਿਰੋਧ ਕੀਤਾ।" ਉਨ੍ਹਾਂ ਕਿਹਾ, "ਅੱਤਵਾਦ ਦੌਰਾਨ ਹੋਏ ਬੇਗੁਨਾਹਾਂ ਦੇ ਕਤਲੇਆਮ ਦਾ ਵੀ ਮੈਂ ਹੀ ਖੁੱਲ੍ਹ ਕੇ ਵਿਰੋਧ ਕੀਤਾ ਜਦਕਿ ਬਹੁਤੇ ਮੌਜੂਦਾ ਅਕਾਲੀ ਆਗੂ ਵੀ ਖ਼ਾਮੋਸ਼ ਹੋ ਕੇ ਬੈਠ ਗਏ ਸਨ।

ਕੈਪਟਨ ਨੇ ਕਿਹਾ ਕਿ 1992 ਦੀਆਂ ਚੋਣਾਂ ਤੋਂ ਬਾਅਦ ਦਿੱਲੀ ਵਿੱਚ ਹਰਚਰਨ ਸਿੰਘ ਬਰਾੜ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਚੱਲ ਰਹੀ ਸੀ ਤਾਂ ਉਨ੍ਹਾਂ ਤਤਕਾਲੀ ਪ੍ਰਧਾਨ ਮੰਤਰੀ ਪੀ.ਵੀ. ਨਰਸਿੰਮ੍ਹਾ ਰਾਓ ਨੂੰ ਮਿਲ ਕੇ ਬੇਅੰਤ ਸਿੰਘ ਨੂੰ ਮੁੱਖ ਮੰਤਰੀ ਬਣਾਉਣ ਦੀ ਸਿ.ਫਾਰਸ਼ ਕੀਤੀ ਸੀ। ਇਸ ਪਿੱਛੇ ਦਲੀਲ ਸੀ ਕਿ ਖਾੜਕੂਵਾਦ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਬੇਅੰਤ ਸਿੰਘ ਨੇ ਪਿੰਡ ਪਿੰਡ ਜਾ ਕੇ ਲੋਕਾਂ ਨਾਲ ਰਾਬਤਾ ਕੀਤਾ ਸੀ, ਜਦੋਂਕਿ ਹੋਰ ਆਗੂ ਬਾਹਰ ਨਿਕਲਣ ਤੋਂ ਵੀ ਝਿਜਕ ਰਹੇ ਸਨ। ਕੈਪਟਨ ਨੇ ਕਿਹਾ ਕਿ ਇਹ ਗੱਲ ਵੱਖ ਹੈ ਕਿ ਬਾਅਦ ਵਿੱਚ ਬੇਅੰਤ ਸਿੰਘ ਨੇ ਹੀ ਉਨ੍ਹਾਂ ਦੀਆਂ ਜੜ੍ਹਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸੱਤਾ ਵਿਚ ਆਉਣ 'ਤੇ ਅਕਾਲੀਆਂ ਵਿਰੁੱਧ ਕਾਰਵਾਈ ਸਬੰਧੀ ਉਨ੍ਹਾਂ ਕਿਹਾ, "ਮੈਂ ਅਰਵਿੰਦ ਕੇਜਰੀਵਾਲ ਵਾਂਗ ਇਹ ਨਹੀਂ ਕਹਿ ਸਕਦਾ ਕਿ ਮੈਂ ਸੱਤਾ ਵਿਚ ਆਉਂਦਿਆਂ ਹੀ ਅਕਾਲੀ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਦੇਵਾਂਗਾ ਕਿਉਂਕਿ ਮੈਂ ਕਾਨੂੰਨ ਦੇ ਰਾਜ ਵਿਚ ਵਿਚ ਵਿਸ਼ਵਾਸ ਰੱਖਦਾ ਹਾਂ ਤੇ ਸਮਝਦਾ ਹਾਂ ਕਿ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਕਰਾਰ ਦੇਣ ਦਾ ਕੰਮ ਅਦਾਲਤਾਂ ਜਾਂ ਜਾਂਚ ਏਜੰਸੀਆਂ ਦਾ ਹੈ, ਉਹ ਮੁੱਖ ਮੰਤਰੀ ਦਾ ਅਧਿਕਾਰ ਨਹੀਂ।"

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਨਾਲ ਵੱਡਾ ਧੱਕਾ ਹੋਇਆ ਤੇ ਪੰਜਾਬ ਹਰਿਆਣਾ ਬਣਨ ਮੌਕੇ ਜਦੋਂ ਸਾਰੀਆਂ ਚੀਜ਼ਾਂ 60:40 ਦੇ ਅਨੁਪਾਤ ਵਿਚ ਵੰਡੀਆਂ ਗਈਆਂ ਤਾਂ ਹਰਿਆਣਾ ਨੂੰ 12 ਮਿਲੀਅਨ ਏਕੜ ਫੁੱਟ ਤੇ ਪੰਜਾਬ ਨੂੰ 8 ਮਿਲੀਅਨ ਏਕੜ ਫੁੱਟ ਪਾਣੀ ਮਿਲਿਆ ਕਿਉਂਕਿ ਯਮੁਨਾ ਦਾ ਪਾਣੀ ਜੋ ਹਰਿਆਣਾ ਨੂੰ ਮਿਲ ਰਿਹਾ ਸੀ, ਉਸ ਨੂੰ ਵੰਡ ਵਾਲੇ ਪਾਣੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਉਨ੍ਹਾਂ ਆਪਣੀ ਕਿਤਾਬ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਵੱਲੋਂ ਦਰਿਆਈ ਪਾਣੀਆਂ ਸਬੰਧੀ ਸਮਝੌਤਿਆਂ ਨੂੰ ਰੱਦ ਕਰਨ ਦਾ ਬਿੱਲ ਇਸੇ ਲਈ ਪਾਸ ਕਰਵਾਇਆ ਗਿਆ ਕਿ ਪੰਜਾਬ ਨਾਲ ਹੁਣ ਤੱਕ ਹੋਏ ਧੱਕੇ ਤੇ ਬੇਇਨਸਾ.ਫੀਆਂ ਨੂੰ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਭਾਵੇਂ ਜਾਤੀ ਰਸੂਖ਼ ਨਾਲ ਉਨ੍ਹਾਂ ਰਾਜਪਾਲ ਤੋਂ ਇਸ ਬਿੱਲ ਨੂੰ ਪ੍ਰਵਾਨ ਕਰਵਾ ਲਿਆ, ਪ੍ਰੰਤੂ ਬਾਅਦ ਵਿਚ ਰਾਜਪਾਲ ਨੂੰ ਇਸੇ .ਫੈਸਲੇ ਕਾਰਨ ਆਪਣੇ ਅਹੁਦੇ ਤੋਂ ਹੱਥ ਧੋਣੇ ਪਏ। ਉਨ੍ਹਾਂ ਕਿਹਾ ਕਿ ਸ੍ਰੀਮਤੀ ਸੋਨੀਆ ਗਾਂਧੀ ਨਾਲ ਇਸ ਸਬੰਧੀ ਆਪਣੀ ਮੀਟਿੰਗ ਦਾ ਕਿਤਾਬ ਵਿਚ ਜ਼ਿਕਰ ਕੀਤਾ ਹੈ, ਜਿਨ੍ਹਾਂ ਇਤਰਾਜ਼ ਕੀਤਾ ਕਿ ਮੇਰੀ ਪ੍ਰਵਾਨਗੀ ਤੋਂ ਬਿਨਾਂ ਅਜਿਹਾ .ਫੈਸਲਾ ਕਿਉਂ ਲਿਆ ਗਿਆ, ਪਰ ਮੈਂ ਉਨ੍ਹਾਂ ਨੂੰ ਸਪਸ਼ਟ ਕੀਤਾ ਕਿ ਪੰਜਾਬ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਇਹ ਕਦਮ ਜ਼ਰੂਰੀ ਸੀ ਤੇ ਜੇ ਮੈਂ ਤੁਹਾਡੇ ਕੋਲ ਇਸ ਸਬੰਧੀ ਪ੍ਰਵਾਨਗੀ ਲਈ ਆਉਂਦਾ ਤਾਂ ਤੁਸੀਂ ਪ੍ਰਵਾਨਗੀ ਦੇਣੀ ਨਹੀਂ ਸੀ ਤੇ ਮੈਂ ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਅਜਿਹੇ ਮੁੱਦੇ ਵਿਚ ਫਸਾ ਕੇ ਖ਼ਤਰੇ ਵਿਚ ਨਹੀਂ ਪਾਉਣਾ ਚਾਹੁੰਦਾ ਸੀ। ਮੌਜੂਦਾ ਵਿਧਾਨ ਸਭਾ ਚੋਣਾਂ ਸਬੰਧੀ ਉਹ ਮਹਿਸੂਸ ਕਰਦੇ ਹਨ ਕਿ ਕਾਂਗਰਸ ਨੂੰ ਚੋਣਾਂ ਵਿਚੋਂ 65 ਸੀਟਾਂ ਤੋਂ 2-3 ਵੱਧ ਜਾਂ ਘੱਟ ਸੀਟਾਂ ਮਿਲ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੀ 40 ਦੇ ਨੇੜੇ ਪੁੱਜ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਚੋਣ ਵਿਚ ਅਕਾਲੀ ਦਲ ਨੂੰ ਅਜਿਹਾ ਧੱਕਾ ਲੱਗੇਗਾ, ਜਿਸ ਤੋਂ ਬਾਅਦ ਅਕਾਲੀ ਦਲ ਨੂੰ ਇਕ ਤਰ੍ਹਾਂ ਨਾਲ ਨਵੇਂ ਸਿਰੇ ਤੋਂ ਹੀ ਖੜ੍ਹਾ ਕਰਨਾ ਪਵੇਗਾ। 11 ਮਾਰਚ ਨੂੰ ਨਤੀਜੇ ਵਾਲੀ ਤਰੀਕ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਦਿਨ ਮੈਨੂੰ ਆਪਣੇ ਜਨਮ ਦਿਨ ਦੇ ਕੇਕ ਤੋਂ ਇਲਾਵਾ ਜਿੱਤ ਦਾ ਕੇਕ ਖਾਣ ਦਾ ਮੌਕਾ ਵੀ ਦੇ ਸਕਦਾ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


For the leader in Punjabi TV, get the Jus Pack now!
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com